INTERNATIONAL MAGAZINE

RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਜੁਲਾਈ 2024



ਪੰਡਤ ਲਾਲ ਚੰਦ ਦਾ ਹੰਕਾਰ ਤੋੜਦੇ ਹੋਏ, ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਪੰਜੋਖਰਾ ਸਾਹਿਬ (ਅੰਬਾਲਾ) ਵਿਖੇ ਛੱਜੂ ਝੀਵਰ ਜੋ (ਬੋਲਾ ਤੇ ਗੁੰਗਾ ਸੀ) ਪਾਸੋਂ ਗੀਤਾ ਦੇ ਅਰਥ ਕਰਾ ਰਹੇ ਹਨ।



ਪਿਆਰੇ ਮਹਾਂਪੁਰਸ਼ਾਂ ਦੇ ਜਨਮ ਦਿਵਸ ਸਬੰਧੀ ਸਮਾਗਮ ਵਿਚ ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਬਾਬਾ ਲਖਬੀਰ ਸਿੰਘ ਜੀ ਸੰਗਤਾਂ ਨਾਲ ਮਹਾਂਪੁਰਸ਼ਾਂ ਵਲੋਂ ਮਾਨਵਤਾ ਦੀ ਭਲਾਈ ਲਈ ਪਾਏ ਯੋਗਦਾਨ ਬਾਰੇ ਵਿਚਾਰਾਂ ਸਾਂਝੀਆਂ ਕਰਦੇ ਹੋਏ।

ਹੇਠਾਂ ਵਿਸ਼ਾਲ ਰੂਪ ਵਿਚ ਕਥਾ ਕੀਰਤਨ ਦਾ ਆਨੰਦ ਮਾਣਦੀਆਂ ਸੰਗਤਾਂ

# ਆਤਮ ਮਾਰਗ

ਸਾਲ-ਤੀਹਵਾਂ, ਮਹੀਨਾ-ਜੁਲਾਈ, 2024

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| **ਚੇਅਰਮੈਨ** | **ਐਡੀਟਰ-ਇਨ-ਚੀਫ** |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।


ਫੋਨ :- 84378-12900, 94172-14391, 94172-14379

**Email :atammarg1@yahoo.co.in**



Registration Under Foreign Contribution (Regulation) Act 1976 R. No. 115320023



**Postal Address for any Enquiry, Money Order, Cheque and drafts :**
**'ATAM MARG' MAGAZINE**
Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar (MOHALI)
- 140901, Pb. India


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

**Please visit us on internet at :-**
**For Atam Marg Email : atammarg1@yahoo.co.in,**
**Website & Live video -**

www.ratwarasahib.org
www.vgrmct.org
www.ratwarasahib.in
} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

**Live Programme & Cable Tv Network**
**98728-14385, 94172-14385**
**98147-12900**

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ
ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ
ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ
ਫਰੀ ਸੇਵਾ - ਸੰਪਰਕ ਨੰਬਰ -
**9417214378, 9417214384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ

**98889-10777, 96461-01996, 9417214381**

# ਤੱਤਕਰਾ


1. ਸੰਪਾਦਕੀ 5
*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 7
*ਭਾਈ (ਡਾ.) ਸੁਖਵਿੰਦਰ ਸਿੰਘ*

3. ਅਗੰਮ ਅਗੋਚਰ ਦਾ ਮਾਰਗ 10
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਮੰਞ ਪਿਆਰਾ ਗੁਰੂ ਨੂੰ......। 13
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. ਜਗਿ ਜੀਵਨੁ ਐਸਾ ਸੁਪਨੇ ਜੈਸਾ 26
ਜੀਵਨੁ ਸੁਪਨ ਸਮਾਨੰ ॥
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

6. ਬਿਨੁ ਭਾਗਾ ਸਤਸੰਗੁ ਨ ਲਭੈ 33
ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥
*ਸੰਤ ਬਾਬਾ ਹਰਪਾਲ ਸਿੰਘ ਜੀ*

7. ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 37
*ਡਾ. ਇੰਦਰਜੀਤ ਸਿੰਘ ਗੋਗੋਆਣੀ*

8. ਸ਼ਹੀਦ ਭਾਈ ਮਨੀ ਸਿੰਘ ਜੀ 44
*ਭਾਈ ਸਾਹਿਬ ਭਾਈ ਗਿਆਨੀ ਪਿੰਦਰਪਾਲ ਸਿੰਘ ਜੀ*

9. ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ 48
*ਡਾ. ਜਗਜੀਤ ਸਿੰਘ*

10. ਗੁਰਬਾਣੀ ਅਰਥ ਭੰਡਾਰ 50
*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

11. ਪ੍ਰਗਟਿਓ ਖ਼ਾਲਸਾ 55
*ਪ੍ਰੋ. ਗੁਰਦੇਵ ਸਿੰਘ*

12. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 56
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਓ ਨਾਉ ॥
*ਅੰਗ- ੧੩੬੭*

ਵਾਹਿਗੁਰੂ ਦੀ ਸਾਜੀ ਸ੍ਰਿਸ਼ਟੀ ਦਾ ਕੋਈ ਭੇਤ ਨਹੀਂ ਪਾ ਸਕਦਾ। ***'ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ (ਅੰਗ-੪)*** ਕ੍ਰੋੜਾਂ ਬ੍ਰਹਿਮੰਡਾਂ ਨੂੰ ਸਾਜ ਕੇ ਉਹ ਆਪ ਹਰ ਥਾਂ, ਹਰ ਸ਼ੈਅ ਵਿਚ ਵਿਦਮਾਨ ਹੈ ***'ਕੁਦਰਤਿ ਕਰਿ ਕੈ ਵਸਿਆ ਸੋਇ ॥ ' (ਅੰਗ-੮੩)*** ਉਹ ਕਰਤਾ ਹੁੰਦਾ ਹੋਇਆ ਪੁਰਖ ਵੀ ਹੈ। ਭਾਵ ਹਰ ਸ਼ੈਅ ਨੂੰ ਬਣਾ ਕੇ ਉਸ ਤੋਂ ਲਾਂਭੇ ਜਾਂ ਬਾਹਰ ਨਹੀਂ ਹੋਇਆ ਸਗੋਂ ਉਸ ਵਿਚ ਪੂਰੀ ਮਾਤਰਾ ਵਿਚ ਸੁਭਾਇਮਾਨ ਹੈ। ***'ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ, ਨਾ ਘਾਟ ਹੈ ਨਾ ਬਾਢ ਹੈ ਨ ਘਾਟ ਬਾਢ ਹੋਤਿ ਹੈ।' (ਅਕਾਲ ਉਸਤਤਿ)।*** ਇਸ ਸਾਰੇ ਬ੍ਰਹਿਮੰਡੀ ਮੰਡਲ ਵਿਚ 'ਮਨੁੱਖ' ਇਕ ਇਕਾਈ ਹੈ, ਇਸ ਨੂੰ ਇਕ ਕਿਣਕੇ ਜਿੰਨਾ ਭਾਗ ਕਹਿਣਾ ਵੀ ਵੱਡੀ ਬਾਤ ਹੈ। ਸਾਰੀ ਬ੍ਰਹਿਮੰਡੀ ਰਚਨਾ ਇਕ ਸਿਸਟਮ, ਵਿਧਾਨ, ਨਿਯਮ, ਸਿਧਾਂਤ ਭਾਵ ਹੁਕਮ ਵਿਚ ਚਲ ਰਹੀ ਹੈ –

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥*
*ਅੰਗ – ੧*

ਇਕ ਮਨੁੱਖ ਹੀ ਹੈ ਜਿਸ ਵਾਸਤੇ ਸੱਚੇ ਪਾਤਸ਼ਾਹ ਨੇ ਜਪੁਜੀ ਸਾਹਿਬ ਵਿਚ ਫੁਰਮਾਨ ਕੀਤਾ ਹੈ –

*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥*
*ਅੰਗ – ੧*

ਸੱਚੇ ਪਾਤਸ਼ਾਹ ਪੂਰਨ ਮਨੁੱਖ ਦੀ ਘਾੜਤ ਦਾ ਨਕਸ਼ਾ ਖਿਚਦੇ ਹੋਏ ਫੁਰਮਾਉਂਦੇ ਹਨ ਕਿ 'ਕਿਵ ਸਚਿਆਰਾ ਹੋਈਐ?' ਕਿਵੇਂ ਸਚਿਆਰ ਬਣੀਏ ਭਾਵ ਉਸ ਵਾਹਿਗੁਰੂ ਨਾਲ ਕਿਵੇਂ ਅਭੇਦਤਾ ਪ੍ਰਾਪਤ ਹੋਵੇ? ਕਿਵੇਂ ਜੋਤਿ ਵਿਚ ਜੋਤਿ ਰਲ ਸਕਦੀ ਹੈ? ਕਿਵੇਂ ਹਉਮੈ ਦੀ ਦੀਵਾਰ ਟੁੱਟ ਕੇ ਏਕਤਾ ਵਿਚ ਸਮਾਈ ਹੋ ਸਕਦੀ ਹੈ? '***..ਕਿਵ ਕੂੜੈ ਤੁਟੈ ਪਾਲਿ॥'*** ਕਿਵੇਂ ਜੀਵ ਤੇ ਆਤਮਾ ਵਿਚਕਾਰ ਸਫਰ/ਦੂਰੀ ਘਟਾਈ ਜਾ ਸਕਦੀ ਹੈ? ਇਤਿਆਦਿ ਅਨੇਕਾਂ ਪ੍ਰਸ਼ਨ ਇਸ ਅਬੁਝ ਬੁਝਾਰਤ ਨੂੰ ਬੁੱਝਣ ਲਈ ਖੜ੍ਹੇ ਹਨ। ਮਹਾਰਾਜ ਜੀ ਨੇ ਇਨ੍ਹਾਂ ਤਮਾਮ ਪ੍ਰਸ਼ਨਾਂ ਦਾ ਸਮਾਧਾਨ ਕਰਦੇ ਹੋਏ ਮਿਲਾਪ ਦਾ ਸਿਧਾਂਤ ਦਰਸਾਇਆ ਤੇ ਫੁਰਮਾਨ ਕੀਤਾ–

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*
*ਅੰਗ- ੧*

ਹੁਣ ਇਸ ਹੁਕਮਿ ਨੂੰ ਬੁੱਝਣ ਲਈ ਯਾਤਰਾ ਅੰਦਰ ਦੀ ਹੈ। ਬਾਹਰਲੇ ਸਾਧਨਾਂ ਰਾਹੀਂ ਅੰਦਰ ਪ੍ਰਵੇਸ਼ ਕਰਨਾ ਹੈ। ਬਾਹਰ ਦਾ ਸਾਧਨ ਸੰਗਤੀ ਰੂਪ ਹੈ ਪਰ ਅੰਦਰਲਾ ਸਫ਼ਰ ਇਕੱਲਿਆਂ ਦਾ ਹੈ। ਉਥੇ ਮੈ (ਮਨ, ਬੁੱਧ, ਚਿਤ ਤੇ ਅਹੰਭਾਵ) ਤੇ ਤੂੰ ਵਿਚਕਾਰ ਦੂਰੀ ਪਈ ਹੈ, ਜਿਸ ਨੂੰ ਘਟਾ ਕੇ ਖਤਮ ਕਰਨਾ ਹੈ ਭਾਵ –

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥ ਅੰਗ- ੧੨੬੩*

ਆਉ! ਬਾਹਰ ਤੋਂ ਅੰਦਰ ਦੇ ਸਫ਼ਰ ਦੀ ਯਾਤਰਾ ਕਰੀਏ। ਇਸ ਯਾਤਰਾ ਵਿਚ ਪਹਿਲੀ ਰੁਕਾਵਟ ਮਨੁੱਖਾ ਦੇਹੀ ਦੀ ਹੈ ਜਿਸ ਨੂੰ ਭੁੱਲ ਕੇ ਇਸ ਜੀਵ ਨੇ ਆਪਣਾ ਆਪਾ ਮੰਨ ਲਿਆ ਹੈ। ਦੇਹੀ ਦੇ ਦੁਖ-ਸੁਖ, ਮਾਣ-ਅਪਮਾਨ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਤਿਆਦਿ ਇਸ ਜੀਵ ਨੇ ਆਪਣੇ ਨਾਲ ਲਪੇਟ ਲਏ। ਹੁਣ ਇਸ ਦੇਹੀ ਦੀ ਮਨੌਤ ਤੋਂ ਛੁਟਕਾਰਾ ਪਾਉਣਾ ਹੈ। ਇਸ ਨੂੰ ਕਈ ਪਰਤਾਂ ਨੇ ਢਕਿਆ ਹੋਇਆ ਹੈ। ਪਹਿਲਾ ਪਰਦਾ ਜਾਂ ਰੁਕਾਵਟ ਅੰਨਮਈ ਕੋਸ਼ ਹੈ। ਇਹ ਸਭ ਤੋਂ ਭਾਰਾ ਤੇ ਠੋਸ ਪਰਦਾ ਹੈ। ਇਸ ਜੀਵ ਨੂੰ ਪਹਿਲਾਂ ਵੀ ਅਨੇਕਾਂ ਦੇਹਾਂ ਮਿਲੀਆਂ ਸਨ –

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ- ੧੭੬*

ਹੁਣ ਮਨੁੱਖ ਦੀ ਵਾਰੀ ਵਿਚ ਇਸ ਜੀਵ ਨੇ ਦੇਹੀ ਨੂੰ ਆਪਣਾ ਆਪਾ ਪੱਕੇ ਤੌਰ 'ਤੇ ਸਵੀਕਾਰ ਕਰ ਲਿਆ ਹੈ –

*ਪ੍ਰਾਣੀ ਜਾਣੈ ਇਹੁ ਤਨੁ ਮੇਰਾ ॥*

*ਬਹੁਰਿ ਬਹੁਰਿ ਉਆਹੂ ਲਪਟੇਰਾ ॥ ਅੰਗ- ੧੯੦*

ਇਹ ਇਸ ਦੇਹੀ ਨਾਲ ਹੀ ਲਿਪਟਿਆ ਫਿਰਦਾ ਹੈ। ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਇਹ ਕੱਚੀ ਮਿਟੀ ਦੀ ਦੇਹੀ ਦਾ ਮਨੁੱਖ ਬੜਾ ਅਭਿਮਾਨ ਕਰੀ ਫਿਰਦਾ ਹੈ ***'ਕਾਚੀ ਦੇਹ ਮਾਨੁਖ ਅਭਿਮਾਨੀ ॥'(ਅੰਗ-੭੪੧)*** ਭਾਵ - ***'ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥ ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥' (ਅੰਗ-੭੯੪)*** ਇਕ ਦਿਨ ਇਸ ਨੇ ਮਿੱਟੀ ਵਿਚ ਮਿਲ ਜਾਣਾ ਹੈ।

ਦੂਜਾ ਪਰਦਾ ਪ੍ਰਾਣਾਂ ਦਾ ਹੈ ਜਿਸ ਨੂੰ ਪ੍ਰਾਣਮਈ ਕੋਸ਼ ਕਿਹਾ ਜਾਂਦਾ ਹੈ। ਹੁਣ ਪ੍ਰਾਣਾਂ ਨੂੰ ਹੀ ਆਪਣਾ ਜੀਵਨ ਸਮਝ ਬੈਠਾ ਹੈ। ਪ੍ਰਾਣਾਂ ਦੇ ਆਸਰੇ ਹੀ ਜਿਉਂਦਾ ਹੈ। ਇਸ ਦੇ ਪ੍ਰਾਣਾਂ ਦਾ ਅਧਾਰ ਰਸਾਇਣਿਕ ਪਦਾਰਥ ਹਨ। ਖਾਣ ਪੀਣ ਦੇ ਅਹਾਰ ਨਾਲ ਪ੍ਰਾਣ ਚਲਦੇ ਹਨ ਪਰ ਇਕ ਅਧਾਰ ਹੋਰ ਹੈ ਜੇ ਪ੍ਰਾਣਾਂ ਦਾ ਬਣ ਜਾਵੇ। ਜਿਸ ਬਾਰੇ ਸਤਿਗੁਰੂ ਸਾਨੂੰ ਪ੍ਰੇਰ ਰਹੇ ਹਨ। ***'ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥' (ਅੰਗ-੮੨੦)*** ਭਾਵ ***'ਆਖਾ ਜੀਵਾ ਵਿਸਰੈ ਮਰਿ ਜਾਉ ॥' (ਅੰਗ-੯)*** ਪਰ ਮਾਇਆਵੀ ਪਦਾਰਥਾਂ 'ਚ ਭੁੱਲੇ ਜੀਵ ਦਾ ਇਹ ਅਧਾਰ ਨਹੀਂ ਬਣਦਾ -

*ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ*
*ਜਰਾ ਮਰਣੁ ਭਉ ਵਿਸਰਿ ਗਇਆ ॥*
*ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ*
*ਪਰ ਘਰਿ ਜੋਹਹਿ ਕਪਟ ਨਰਾ ॥ ਅੰਗ- ੯੨*

ਬਚਪਨ ਤੋਂ ਜੁਆਨੀ, ਫਿਰ ਬੁਢੇਪਾ ਆਉਣਾ ਹੀ ਆਉਣਾ ਹੈ -

*ਬਾਲ ਜੁਆਨੀ ਅਰੁ ਬਿਰਧਿ ਫੁਨਿ*
*ਤੀਨਿ ਅਵਸਥਾ ਜਾਨਿ ॥ ਅੰਗ- ੧੪੨੮*

ਅੰਤ ਨੂੰ ਫਿਰ ਸੰਸਾਰ ਮੰਚ ਤੋਂ ਕੂਚ ਹੀ ਕਰ ਜਾਣਾ ਹੈ ਜੋ ਕਿ ਇਸ ਨੂੰ ਹਰ ਵਕਤ ਭੁਲਿਆ ਰਹਿੰਦਾ ਹੈ।

*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥*
*ਅੰਗ- ੭੨੬*

ਤੀਜਾ ਪਰਦਾ ਮਨ ਦਾ ਹੈ। ਜਿਸ ਨੂੰ ਮਨੋਮਈ ਕੋਸ਼ ਕਿਹਾ ਜਾਂਦਾ ਹੈ। ਇਹ ਸੰਕਲਪਾਂ/ਵਿਕਲਪਾਂ ਦੀ ਸਿਰਜਣਾ ਕਰਦਾ ਹੈ। ਇਨ੍ਹਾਂ ਵੀਚਾਰਾਂ, ਫੁਰਨਿਆਂ ਵਿਚ ਉਲਝਿਆ ਮਨ ਇਸੇ ਫੁਰਨੇ ਮੰਡਲ ਨੂੰ ਆਪਣਾ ਆਪਾ ਸਮਝ ਲੈਂਦਾ ਹੈ। ਇਸ ਦੇ ਵਿਚਾਰ, ਸੋਚ, ਭਾਵ ਹੀ ਇਸ ਦੇ ਚਾਲਕ ਬਣ ਜਾਂਦੇ ਹਨ। ਇਹ ਮਨ ਪਾਰੇ ਵਾਂਗੂੰ ਟਿਕ ਨਹੀਂ ਸਕਦਾ। ਰੂਹਾਨੀਅਤ ਦੀ ਮੰਜ਼ਿਲ ਇਸੇ 'ਤੇ ਹੀ ਸੌ ਫੀਸਦੀ ਨਿਰਭਰ ਕਰਦੀ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਅੰਗ- ੩੪੨*

ਇਸ ਨੂੰ ਮਾਇਆ ਦਾ ਕੀੜਾ ਵੀ ਕਿਹਾ ਹੈ ਜੋ ਸਾਰੇ ਪਾਸੇ ਭੱਜਿਆ ਫਿਰਦਾ ਹੈ -

*ਇਹੁ ਮਨੁ ਚੰਚਲੁ ਵਸਿ ਨ ਆਵੈ ॥*
*ਦੁਬਿਧਾ ਲਾਗੈ ਦਹ ਦਿਸਿ ਧਾਵੈ ॥*
*ਬਿਖੁ ਕਾ ਕੀੜਾ ਬਿਖੁ ਮਹਿ ਰਾਤਾ*
*ਬਿਖੁ ਹੀ ਮਾਹਿ ਪਚਾਵਣਿਆ ॥ ਅੰਗ- ੧੨੭*

ਇਹ ਮਨ ਉਹੀ ਸਾਰੇ ਸਾਧਨ ਲੱਭਦਾ ਹੈ ਜਿਹਦੇ ਨਾਲ ਇਸ ਦਾ ਮਨੋਬਲ ਹੋਰ ਉਚਾ ਹੋਵੇ।

ਅਗਲਾ ਪਰਦਾ ਗਿਆਨ ਵਿਗਿਆਨ ਦਾ ਹੈ। ਫਿਰ ਇਸ ਦੇ ਅੰਦਰ ਪ੍ਰਸ਼ਨਾਂ ਦੀ ਝੜੀ ਲਗਦੀ ਹੈ। ਤਰਕ ਵਿਤਰਕ ਨਾਲ ਇਹ ਸਮਾਧਾਨ ਚਾਹੁੰਦਾ ਹੈ ਪਰ ਨਾਮੁਮਕਿਨ ਹੈ। ਤਰਕ ਗਿਆਨ, ਤੱਤ ਗਿਆਨ ਵਿਚ ਰੁਕਾਵਟ ਹੈ। ਤੱਤ ਗਿਆਨ ਸਾਰੇ ਤੱਤਾਂ ਦਾ ਸਾਰ ਹੈ -

*ਸਗਲ ਤਤ ਮਹਿ ਤਤੁ ਗਿਆਨੁ ॥ ਅੰਗ- ੧੧੯੨*

ਉਪਰੋਕਤ ਸਾਰੇ ਪਰਦਿਆਂ ਵਿਚ ਘਿਰਿਆ ਮਨੁੱਖ ਅਸਲੇ ਤੋਂ ਬੇਖਬਰ ਹੈ, ਅਣਜਾਣ ਰਹਿੰਦਾ ਹੈ। ਇਹ ਸਾਰੇ ਪਰਦਿਆਂ ਦੀ ਕੋਈ ਹੋਂਦ ਨਹੀਂ ਹੈ। ਇਹ ਹਨ੍ਹੇਰੇ ਵਿਚ ਪਈ ਰੱਸੀ ਸੱਪ ਦੇ ਭੁਲੇਖੇ ਦਾ ਡਰਾਵਾ ਹੈ। ਜੋ ਇਨ੍ਹਾਂ ਪਰਦਿਆਂ ਨੂੰ ਛੇਦ ਕੇ ਤੱਤ ਗਿਆਨ ਨੂੰ ਪ੍ਰਾਪਤ ਕਰ ਲੈਂਦਾ ਹੈ, ਉਸ ਦੀ ਮਨੁੱਖਾ ਦੇਹੀ ਸਫਲ ਹੋ ਜਾਂਦੀ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ- ੪੪੧*

ਲੋੜ ਹੈ ਆਪਣੇ ਮੂਲ ਦੀ ਪਛਾਣ ਕਰਨ ਦੀ। ਇਸ ਵਾਸਤੇ ਸੁਖੈਨ ਸਾਧਨ ਸਤਿਗੁਰਾਂ ਵਲੋਂ ਦਰਸਾਏ ਹਨ, ਸੇਵਾ ਤੇ ਸਿਮਰਨ। ਗੁਰੂ ਦੀ ਦਰਸਾਈ ਗੁਰਮਤਿ ਦੀ ਰਹਿਣੀ ਵਾਲੀ ਜੀਵਨ ਜੁਗਤਿ। ਉਸ ਜੀਵਨ ਜੁਗਤਿ ਨੂੰ ਧਾਰਨ ਕਰਨ ਵਾਲਿਆਂ ਨੂੰ ਕਿਹਾ ਜਾਂਦਾ ਹੈ, ਗੁਰਮੁਖ, ਗੁਰਸਿੱਖ, ਸਾਧੂ, ਸੰਤ ਇਤਿਆਦਿਕ ਵਿਸ਼ੇਸ਼ਣਾਂ ਨਾਲ ਉਨ੍ਹਾਂ ਰੱਬੀ ਰੂਹਾਂ ਨੂੰ ਨਿਵਾਜਿਆ ਤੇ ਸਤਿਕਾਰਿਆ ਜਾਂਦਾ ਹੈ।

*(ਬਾਕੀ ਪੰਨਾ 9 'ਤੇ)*

# ਸਾਵਣਿ
# ਸੰਗਰਾਂਦ - ਜੁਲਾਈ 16 (ਦਿਨ ਮੰਗਲਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥**
**ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥**
**ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥**
**ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥**
**ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥**
**ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥**
**ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥**
**ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥ ੬ ॥**

**ਅੰਗ-** ੧੩੪

ਆਸਾੜੁ ਮਹੀਨੇ ਦੀ ਤਪਸ਼ ਇਸ ਜੀਵ ਦੀ ਅੰਦਰਲੀ ਤਪਸ਼ ਨੂੰ ਪ੍ਰਗਟਾਅ ਰਹੀ ਸੀ। ***'ਜੀਉ ਤਪਤੁ ਹੈ ਬਾਰੋ ਬਾਰ ॥' (ਅੰਗ-੬੬੧)*** ਦੀ ਸਥਿਤੀ ਬਣੀ ਹੋਈ ਸੀ। ਪ੍ਰੇਮ ਦਾ ਰਸ ਰਗਾਂ ਵਿਚੋਂ ਸੁੱਕ ਰਿਹਾ ਸੀ। ਇਸ ਰੇਗਿਸਤਾਨ ਰੂਪੀ ਅੰਦਰਲੀ ਤੜਫ ਨੇ ਇਕ ਬਦਲਾਅ ਲਿਆਂਦਾ। ਉਸ ਦਰਦ ਨੇ ਅਰਦਾਸ ਦਾ ਵਲਵਲਾ ਪੈਦਾ ਕੀਤਾ। ਮਾਲਕ ਤੋਂ ਵਿਛੜਨ ਦਾ ਅਹਿਸਾਸ ਹੋਇਆ। ਸੂਰਜ ਦੀ ਤਪਸ਼ ਨਾਲ ਤਪੀ ਹੋਈ ਭੱਠੀ ਵਾਂਗੂੰ ਇਸ ਧਰਤੀ ਨੇ ਅਰਦਾਸ ਕੀਤੀ -

*ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ ॥*
*ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ ॥*
*ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ ॥*
*ਅਨੁ ਧਨੁ ਉਪਜੈ ਬਹੁ ਘਣਾ ਕੀਮਤਿ ਕਹਣੁ ਨ ਜਾਇ ॥*

*ਅੰਗ- ੧੨੮੧*

ਭਾਵ -

*ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥*
*ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥*

*ਅੰਗ- ੧੨੮੫*

ਕਲਿ ਤੇ ਮਲਿ ਦੋ ਸ਼ਬਦਾਂ ਦਾ ਆਪਸ ਵਿਚ ਗੂੜ੍ਹਾ ਸਬੰਧ ਹੈ। ਕਲ ਦਾ ਅਰਥ ਹੈ-ਅੱਗ, ਕਲੇਸ਼। ਅੱਗ ਰਸ ਨੂੰ ਸੁਕਾ ਦਿੰਦੀ ਹੈ। ਸਿਲ੍ਹਾਬ ਖਤਮ ਕਰ ਦਿੰਦੀ ਹੈ। ਜਦੋਂ ਸਿਲ੍ਹਾਬ ਖਤਮ ਤਾਂ ਮਲ (ਮਿੱਟੀ) ਉਠਦੀ ਹੈ। 'ਮਲ' ਮਿੱਟੀ ਜਾਂ ਮੈਲ ਨੂੰ ਕਹਿੰਦੇ ਹਨ। ਅਰਦਾਸ ਸੁਣਨ ਵਾਲੇ ਨੇ ਪੁਕਾਰ ਸੁਣੀ।

*ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ ॥*

*ਅੰਗ- ੧੨੮੧*

ਉਸ ਦੇ ਹੁਕਮ ਵਿਚ ਬੱਦਲ ਵਰਸਣ ਲੱਗੇ ਤੇ ਫਿਰ ਬਣ ਗਿਆ ਨਵਾਂ ਵਾਤਾਵਰਨ। ਜਿਸ ਦਾ ਨਾਮ ਹੈ 'ਸਾਵਣ।' ਇਸ ਤਰ੍ਹਾਂ ਆਸਾੜੁ ਤੋਂ ਸਾਵਣ ਬਣਦਾ ਹੈ। ਅਸਾੜ ਦਾ ਸੁਖੈਨ ਅਰਥ ਖੁਸ਼ਕ ਤੇ ਸਾਵਣ ਦਾ ਸੁਖੈਨ ਅਰਥ 'ਤਰ'।

ਵਰਖਾ ਦੀ ਰੁੱਤ ਸ਼ੁਰੂ ਹੋਣ ਨੂੰ ਸਾਵਣ ਕਹਿੰਦੇ ਹਨ। ਸਾਰੀ ਉਮਰ ਬੀਤ ਜਾਂਦੀ ਹੈ। ਤਪਸ਼ ਦਾ ਅਹਿਸਾਸ ਨਹੀਂ ਹੁੰਦਾ। ਵਿਛੋੜੇ ਦਾ ਪਤਾ ਹੀ ਨਹੀਂ ਲਗਦਾ -

*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥*
*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥*

*ਅੰਗ- ੧੩੭੯*

ਜਿਨ੍ਹਾਂ ਦੀ ਸਾਰੀ ਉਮਰ ਰੂਪੀ ਰਾਤ ਬੀਤ ਗਈ, ਤੜਫ ਪੈਦਾ ਨਾ ਹੋਈ। ਤੜਫ ਵਿਚੋਂ ਅਰਦਾਸ ਨਿਕਲੀ ਹੀ ਨਹੀਂ ਉਥੇ ਸਾਵਣ ਨਹੀਂ ਆਵੇਗਾ।

ਇਕ ਅਰਦਾਸ ਨੇ ਹੀ ਜੀਵਨ ਰੂਪੀ ਰੁੱਤ ਬਦਲ ਕੇ ਰਖ ਦਿਤੀ -

*ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥*
*ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥*
*ਅੰਗ- ੧੩੭੬*

ਇਹ ਆਤਮਾ ਰੂਪੀ ਧਰਤੀ, ਜੀਵਨ ਰੂਪੀ ਸਰਸ ਲਈ ਖਿੜ ਪਈ ਹੈ -

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥

'ਸਾਵਣਿ' ਸ਼ਬਦ ਸਾਵੇ' ਤੋਂ ਬਣਿਆ ਜਿਸ ਦਾ ਅਰਥ ਹੈ ਸਾਵਾ, ਹਰਾ। ਪੁਰਾਤਨ ਬੋਲੀ ਵਿਚ ਹਰੇ ਨੂੰ ਸਾਵਾ ਰੰਗ ਕਿਹਾ ਜਾਂਦਾ ਸੀ। ਜਦੋਂ ਸੁੱਕੀ ਹੋਈ ਬਨਸਪਤੀ ਹਰੀ ਹੋ ਜਾਂਦੀ ਹੈ, ਉਸਨੂੰ ਸਾਵਣ ਕਿਹਾ ਜਾਂਦਾ ਹੈ।

ਮੇਦਨੀ ਦੀ ਅਰਦਾਸ ਕਬੂਲ ਹੋਈ, ਬੱਦਲ ਛਹਿਬਰ ਲਾਉਣ ਲੱਗੇ। ਜੀਵ ਦੀ ਅਰਦਾਸ ਕਬੂਲ ਪੈਂਦੀ ਹੈ ਤਾਂ ਗੁਰੂ ਰਹਿਮਤਾਂ ਦੀ ਛਹਿਬਰ ਲਾ ਕੇ ਨਿਵਾਜਦੇ ਹਨ -

*ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥*

ਭਾਵੇਂ ਭੂਮੀਆ ਚੋਰ ਹੋਵੇ, ਭਾਵੇਂ ਸੱਜਣ ਠੱਗ ਭਾਵੇਂ ਕੌਡਾ ਰਾਖਸ਼ ਤੇ ਭਾਵੇਂ ਨੂਰ ਜਹਾਂ ਜਾਦੂਗਰਨੀ। ਬਖਸ਼ੇ ਗਏ ਸਾਰੇ-

*ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥*
*ਅੰਗ- ੭੫੦*

ਗੁਰੂ ਸ਼ਬਦ (ਨਾਮ) ਨਾਲ ਜੁੜ ਕੇ ਖੋਟਿਆਂ ਤੋਂ ਖਰੇ ਬਣ ਗਏ।

*ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥*
*ਅੰਗ - ੧੪੩*

ਉਸਦੀ ਬਖਸ਼ਿਸ਼ ਨੂੰ ਕੋਈ ਮੇਟ ਨਹੀਂ ਸਕਦਾ। ਸਾਵਣ ਚੜ੍ਹ ਗਿਆ, ਨਵਾਂ ਰੰਗ, ਮਿਲ ਗਿਆ ਨਵਾਂ ਜੀਵਨ।

*ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ ਅੰਗ- ੯੪੦*

ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ਅੰਗ- ੮੦੮*

ਮਨ ਤੇ ਤਨ ਦਾ ਅਧਾਰ, ਨਾਮ ਬਣ ਗਿਆ। ***'ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ॥' (ਅੰਗ- ੮੨੦) 'ਆਖਾ ਜੀਵਾ ਵਿਸਰੈ ਮਰਿ ਜਾਉ ॥' (ਅੰਗ-੯)*** ਵਾਲੀ ਅਵਸਥਾ ਪ੍ਰਾਪਤ ਹੋ ਗਈ -

***'ਨਾਨਕ ਭਗਤਾ ਸਦਾ ਵਿਗਾਸੁ ॥'*** ਸਦਾ ਦਾ ਅਨੰਦ, ਸਦਾ ਦਾ ਖੇੜਾ ਪ੍ਰਾਪਤ ਹੋ ਗਿਆ, ਨਾਮ ਰੰਗ ਵਿਚ ਰੱਤੇ ਗਏ।

*ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥*
*ਅੰਗ - ੧੩੪*

ਇਕ ਸੱਚੇ ਨਾਮ ਰੰਗ ਤੋਂ ਬਿਨਾਂ ਸਾਰੇ ਰੰਗ ਕੂੜੇ ਹਨ -

ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥

ਹਰੀ ਦੇ ਨਾਮ ਦੀ ਆਤਮਿਕ ਜੀਵਨ ਦੇਣ ਵਾਲੀ ਬੂੰਦ ਪਿਆਰੀ ਲਗਦੀ ਹੈ। ਗੁਰੂ ਨੂੰ ਮਿਲ ਕੇ ਉਹ ਮਨੁੱਖ ਉਸ ਬੂੰਦ ਨੂੰ ਪੀਣ ਯੋਗ ਹੋ ਜਾਂਦਾ ਹੈ। ਪ੍ਰਮੇਸ਼ਰ ਦੀ ਸਿਫਤ ਸਲਾਹ ਉਸ ਨੂੰ ਭਾਉਂਦੀ ਹੈ -

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥*
*ਅੰਗ- ੫੫੮*

ਐਸੀ ਭਾਵਨਾ ਬਣ ਜਾਂਦੀ ਹੈ -

ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥

ਪ੍ਰਭੂ ਦੀ ਨਾਮ ਰੂਪੀ ਸੰਗਤ ਨਾਲ ਜੰਗਲ ਬੀਆਬਾਨ ਦਾ ਇਕ-ਇਕ ਤੀਲਾ ਮਉਲਿਆ ਭਾਵ ਹਰਾ ਹੋ ਜਾਂਦਾ ਹੈ ਜੋ ਆਸਾੜ੍ਹ ਤਪੰਦੇ ਨਾਲ ਸੁੱਕ ਗਿਆ ਸੀ। ਮਉਲਿਆ ਭਾਵ -

*ਸੋਈ ਮਉਲਾ ਜਿਨਿ ਜਗੁ ਮਉਲਿਆ*
*ਹਰਿਆ ਕੀਆ ਸੰਸਾਰੋ ॥ ਅੰਗ- ੨੪*

'ਮਉਲਾ' ਰੱਬ ਨੂੰ ਕਿਹਾ ਹੈ ਜੋ ਰੱਬ ਨਾਲ ਜੁੜ ਜਾਂਦਾ ਹੈ ਉਹ ਵੀ ਮਉਲ ਜਾਂਦਾ ਹੈ ਭਾਵ ਹਰਾ ਭਰਾ ਹੋ ਜਾਂਦਾ ਹੈ। ਵਿਛੋੜੇ ਵਿਚ ਅਸਾੜ ਹੈ ਖੁਸ਼ਕੀ ਹੈ। ਸਾਵਣ ਵਿਚ ਤਰੌਤੀ ਹੈ, ਹਰਿਆਵਲ ਹੈ। ਸਾਵਣ ਦੇ ਮਹੀਨੇ ਵਿਚ ਸਾਰੇ ਬੂਟੇ ਹਰੇ ਹੋ ਜਾਂਦੇ ਹਨ। ਕਿਸੇ ਇਕ ਅੱਧੇ ਨੂੰ ਛੱਡ ਕੇ। ਗੁਰੂ ਦੇ ਬਚਨਾਂ ਦੀ ਕਮਾਈ ਨਾਲ ਸਾਵਣ ਬਣ ਜਾਂਦਾ ਹੈ-

*ਸਾ ਧਰਤੀ ਭਈ ਹਰੀਆਵਲੀ*
*ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥*
*ਸੇ ਜੰਤ ਭਏ ਹਰੀਆਵਲੇ*
*ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ ਅੰਗ - ੩੧੦*

ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥

ਮਨ ਦੀ ਲੋਚਾ ਹੈ, ਤੜਫ ਹੈ ਮਿਲਣ ਦੀ ਪਰ ਮਿਲਾਪ ਅਜੇ ਸੰਭਵ ਨਹੀਂ। ਕਾਰਨ ਹੈ ਕੀਤੇ ਕਰਮਾਂ ਦਾ ਫਲ -

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*
*ਅੰਗ- ੪੩੩*

ਭਾਵ –

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਅੰਗ- ੧੩੩*

ਹੁਣ ਇਹ ਕੀਤੇ ਕਰਮ ਨਾਮ ਨੇ ਕੱਟਣੇ ਹਨ, ਸਮਰੱਥ ਗੁਰੂ ਦੇ ਵਿਚ ਹੀ ਸਮਰੱਥਾ ਹੈ ਕਰਮਾਂ ਨੂੰ ਕੱਟਣ ਦੀ –

*ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥*
*ਅੰਗ – ੪੦੨*

*ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ ਅੰਗ – ੧੧੯੫*

ਪ੍ਰਮੇਸ਼ਰ ਨੂੰ ਮਿਲਾਉਣ ਵਾਲੇ ਕਰਮ ਹੀ ਹਨ–

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ- ੨੦੪*

ਜਿਨੀ ਸਖੀਏ ਪ੍ਰਭੁ ਪਾਇਆ
ਹੰਉ ਤਿਨ ਕੈ ਸਦ ਬਲਿਹਾਰ ॥

ਜਿਨ੍ਹਾਂ ਨੇ ਪਾ ਲਿਆ ਉਨ੍ਹਾਂ ਤੋਂ ਬਲਿਹਾਰੇ ਜਾਈਏ।

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥*
*ਨਾਨਕ ਤਾ ਕੈ ਬਲਿ ਬਲਿ ਜਾਸਾ ॥ ਅੰਗ- ੨੬੬*

ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥

ਸਬਦਿ ਦੀ ਬਖਸ਼ਿਸ਼ ਨਾਲ ਆਪਣਾ ਆਪਾ ਸੰਵਰ ਗਿਆ।

*ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥*
*ਅੰਗ- ੧੪੩*

ਭਾਵ –

*ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥*
*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥*
*ਅੰਗ- ੧੩੮੨*

ਸਮਰੱਥ ਗੁਰੂ ਇਸਦੇ ਜੀਵਨ ਨੂੰ ਗੁਣਾਂ ਦਾ ਹਾਰ ਪਾ ਕੇ ਸੰਵਾਰ ਦਿੰਦਾ ਹੈ। ਜੀਵਨ ਵਿਚ ਨਵੀਂ ਰੌਂ ਰੁਮਕ ਪੈਂਦੀ ਹੈ। ਫਿਰ ਮਿਲਾਪ ਦੀ ਅਵਸਥਾ ਵਾਲੀ ਜੀਵ ਇਸਤਰੀ ਨੂੰ ਸੁਹਾਗਣੀ ਕਿਹਾ ਜਾਂਦਾ ਹੈ –

ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥

ਜਿਨ੍ਹਾਂ ਜੀਵ ਇਸਤਰੀਆਂ ਨੇ ਆਪਣੇ ਗਲ ਵਿਚ ਪ੍ਰਭੂ ਦੇ ਨਾਮ ਦਾ ਹਾਰ ਪਾਇਆ ਹੈ ਉਨ੍ਹਾਂ ਵਾਸਤੇ ਸਾਵਣ ਖੇੜਾ ਤੇ ਠੰਢ ਪਾਉਣ ਵਾਲਾ ਹੈ। ਆਉ! ਕਰੀਏ ਅਰਦਾਸ ਕਿ ਸਾਨੂੰ ਸਾਰਿਆਂ ਨੂੰ ਪ੍ਰਭੂ ਨਾਮ ਵਾਲੀ ਹਰਿਆਵਲ ਪ੍ਰਾਪਤ ਹੋਵੇ। ਆਸਾੜ੍ਹ ਦੀ ਤਪਸ਼ ਤੋਂ ਬਾਅਦ ਸਾਵਣ ਦੀ ਠੰਢਕ ਪ੍ਰਾਪਤ ਹੋਵੇ। ਤਾਂ ਵਿਛੜਿਆਂ ਨੂੰ ਮਿਲਾਪ ਪ੍ਰਾਪਤ ਹੋਵੇ –

*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ- ੬੯੪*

ਜਗਿਆਸੂ ਜਨਾਂ ਦੀ ਇਹੋ ਆਸ, ਵਿਸ਼ਵਾਸ਼ ਤੇ ਅਰਦਾਸ ਹੁੰਦੀ ਹੈ।

---

*(ਪੰਨਾ 6 ਦੀ ਬਾਕੀ)*

'ਆਤਮ ਮਾਰਗ' ਮੈਗਜ਼ੀਨ ਦਾ ਇਹੀ ਸਿਧਾਂਤ ਹੈ ਕਿ ਸਾਰਿਆਂ ਨੂੰ ਗੁਰਮਤਿ ਵਾਲੀ ਜੀਵਨ ਜੁਗਤਿ ਪ੍ਰਾਪਤ ਹੋ ਜਾਵੇ। ਇਹ ਦਿਸਦਾ ਸੰਸਾਰ ਅਨੇਕਤਾ ਤੋਂ ਏਕਤਾ ਵਿਚ ਪਰੋਇਆ ਜਾਵੇ। ਸਾਰੀ ਮਾਨਵਤਾ ਬੇਗਮਪੁਰੇ ਦੀ ਵਾਸੀ ਬਣ ਜਾਵੇ ਜਿਥੇ ਪ੍ਰਸਪਰ ਪਿਆਰ, ਸਦਭਾਵਨਾ, ਸ਼ਾਂਤੀ, ਖੁਸ਼ੀ, ਖੇੜਾ, ਨਾ ਕੋਈ ਡਰ, ਨਾ ਖੌਫ, ਸਦਾ ਦਾ ਅਨੰਦ ਬਣਿਆ ਰਹਿੰਦਾ ਹੈ। ਇਸੇ ਸਿਧਾਂਤ ਨੂੰ ਲੈ ਕੇ ਪਿਆਰੇ ਮਹਾਂਪੁਰਸ਼ਾਂ (ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ) ਨੇ ਇਹ ਰੂਹਾਨੀ ਮੈਗਜ਼ੀਨ ਸ਼ੁਰੂ ਕੀਤਾ। ਇਸ ਦੇ ਸਾਰੇ ਲੇਖ ਸਾਨੂੰ ਉਤਸ਼ਾਹ, ਪ੍ਰੇਰਨਾ, ਸ਼ਕਤੀ ਦੇ ਰਹੇ ਹਨ ਕਿ ਆਉ! ਸਮਝੀਏ ਮਨੁੱਖਾ ਦੇਹੀ ਦੀ ਕੀਮਤ। ਇਹ ਜੁਗਾਂ-ਜੁਗਾਂ ਤੋਂ ਬਾਅਦ ਪ੍ਰਾਪਤ ਹੋਈ ਹੈ –

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ- ੬੩੧*

ਹੁਣ ਸੰਭਾਲੀਏ ਇਸ ਨੂੰ –

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ- ੧੨*

ਆਉ! ਆਪਾਂ ਸਾਰੇ ਰਲ ਮਿਲ ਕੇ ਇਕ ਦੂਜੇ ਨੂੰ ਅਸੀਸ ਦੇਈਏ। ਕਰੀਏ ਸਤਿਗੁਰਾਂ ਅੱਗੇ ਜੋਦੜੀ ਤਾਂ ਜੋ ਹੋ ਜਾਵੇ ਦੇਹੀ ਤੇ ਜੀਵ ਦਾ ਸਫ਼ਰ ਖਤਮ –

*ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥*
*ਅੰਗ- ੧੫੭*

ਨਹੀਂ ਤਾਂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ –

*ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਓ ਨਾਉ ॥*
*ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ ॥*
*ਅੰਗ- ੧੩੬੭*

ਭੁੱਲਾਂ ਚੁਕਾਂ ਦੀ ਖਿਮਾ।

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-14)*

ਸੋ ਇਸ ਕਰਕੇ ਪਾਧਾ ਜੀ! ਇਹ ਪੜ੍ਹਾਈ ਜੋ ਤੁਸੀਂ ਮੈਨੂੰ ਪੜ੍ਹਾਉਣ ਲੱਗੇ ਹੋਂ, ਇਹ ਦਰਗਾਹ ਵਿਚ ਸਹਾਇਤਾ ਨਹੀਂ ਕਰਦੀ। ਰੋਜ਼ੀ ਵਾਹਿਗੁਰੂ ਜੀ ਸਭ ਨੂੰ ਦਿੰਦੇ ਹਨ। ਜੀਵ ਕਰਮਾਂ ਮੁਤਾਬਿਕ ਦੁਖ ਸੁਖ ਭੋਗਦਾ ਹੈ। ਰੋਜ਼ੀ ਪਹਿਲਾਂ ਬਣਦੀ ਹੈ ਜੀਅ ਪਿਛੋਂ ਬਣਦਾ ਹੈ। ਵਾਹਿਗੁਰੂ ਦੇ ਹੁਕਮ ਵਿਚ ਹੀ ਉਸ ਨੂੰ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਵਾਹਿਗੁਰੂ ਦੇ ਹੁਕਮ ਵਿਚ ਹੀ ਉਹ ਭੁੱਖਾ ਮਰਦਾ ਫਿਰਦਾ ਹੈ। ਕਰਮਾਂ ਦਾ ਬੰਨ੍ਹਿਆ ਹੋਇਆ ਜੀਵ ਨਰਕਾਂ ਸੁਰਗਾਂ ਵਿਚ ਘੁੰਮੇਟਣੀਆਂ ਖਾਂਦਾ ਹੈ। ਸੋ ਇਸ ਕਰਕੇ ਅਸਲੀ ਪੜ੍ਹਾਈ ਮਾਨਸ ਸਰੀਰ ਧਾਰ ਕੇ ਪ੍ਰਭੂ ਦਾ ਨਾਮ ਜਪਣਾ, ਸਤਿਸੰਗ ਕਰਨਾ ਹੀ ਹੈ ਇਸ ਜੀਵ ਦੇ ਹੱਥ ਵਿਚ ਕੁਝ ਵੀ ਨਹੀਂ ਹੈ, ਕਰਨ ਕਰਾਵਨ ਵਾਲਾ ਆਪੇ ਆਪ ਨਾਥ ਹੈ। ਇਹ ਜੀਵ ਕਰਮ ਤਾਂ ਕਰਦਾ ਹੈ, ਫੇਰ ਇਸ ਨੂੰ ਹੁਕਮ ਦੇ ਅਧੀਨ ਹੋ ਕੇ ਚਲਣਾ ਹੀ ਪੈਂਦਾ ਹੈ, ਇਹ ਆਪਣੀ ਪਰਾਲਬਧ ਨੂੰ ਆਪ ਨਹੀਂ ਬਦਲ ਸਕਦਾ। ਸੋ ਇਸ ਕਰਕੇ ਜਿਸ ਕੰਮ ਨੂੰ ਕਰਨ ਵਾਸਤੇ ਜੀਵ ਸੰਸਾਰ ਵਿਚ ਆਇਆ ਹੈ, ਉਹ ਕੰਮ ਵਾਹਿਗੁਰੂ ਜੀ ਦੀ ਬੰਦਗੀ ਕਰਨਾ ਹੈ। ਬਾਕੀ ਜੋ ਹੋਰ ਪੜ੍ਹਾਈਆਂ ਹਨ, ਉਹ ਕਿੱਤਾ ਤਾਂ ਸਿਖਾ ਦਿੰਦੀਆਂ ਹਨ ਪਰ ਉਹ ਜਮਾਂ ਤੋਂ ਨਹੀਂ ਛੁਡਾ ਸਕਦੀਆਂ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

***ਪੜਿਆ ਲੇਖੇਦਾਰੁ ਲੇਖਾ ਮੰਗੀਐ ॥***
***ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ ॥***
***ਅੰਗ - ੧੨੮੮***

ਸੋ ਗੁਰੂ ਮਹਾਰਾਜ ਜੀ ਨੇ ਪਾਂਧਾ ਜੀ ਨੂੰ ਉਸ ਸਮੇਂ ਫੁਰਮਾਨ ਕੀਤਾ-

***ਜਾਲਿ ਮੋਹੁ ਘਸਿ ਮਸੁ ਕਰਿ***
***ਮਤਿ ਕਾਗਦੁ ਕਰਿ ਸਾਰੁ।।***
***ਭਾਉ ਕਲਮ ਕਰਿ ਚਿਤੁ ਲੇਖਾਰੀ***
***ਗੁਰ ਪੁਛਿ ਲਿਖੁ ਬੀਚਾਰੁ।।***
***ਲਿਖੁ ਨਾਮੁ ਸਾਲਾਹ ਲਿਖੁ***
***ਲਿਖੁ ਅੰਤੁ ਨ ਪਾਰਾਵਾਰੁ ॥***
***ਬਾਬਾ ਏਹੁ ਲੇਖਾ ਲਿਖਿ ਜਾਣੁ ॥***
***ਜਿਥੈ ਲੇਖਾ ਮੰਗੀਐ***
***ਤਿਥੈ ਹੋਇ ਸਚਾ ਨੀਸਾਣੁ ॥ ਰਹਾਉ ॥***
***ਜਿਥੈ ਮਿਲਹਿ ਵਡਿਆਈਆ***
***ਸਦ ਖੁਸੀ ਸਦ ਚਾਉ ॥***
***ਤਿਨ ਮੁਖਿ ਟਿਕੇ ਨਿਕਲਹਿ***
***ਜਿਨ ਮਨਿ ਸਚਾ ਨਾਉ ॥***
***ਕਰਮਿ ਮਿਲੈ ਤਾ ਪਾਈਐ***
***ਨਾਹੀ ਗਲੀ ਵਾਉ ਦੁਆਉ ॥***
***ਇਕਿ ਆਵਹਿ ਇਕਿ ਜਾਹਿ ਉਠਿ***
***ਰਖੀਅਹਿ ਨਾਵ ਸਲਾਰ ॥***
***ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥***
***ਅਗੈ ਗਇਆ ਜਾਣੀਐ***
***ਵਿਣੁ ਨਾਵੈ ਵੇਕਾਰ।।***
***ਭੈ ਤੇਰੈ ਡਰੁ ਅਗਲਾ***
***ਖਪਿ ਖਪਿ ਛਿਜੈ ਦੇਹ ॥***
***ਨਾਵ ਜਿਨਾ ਸੁਲਤਾਨ ਖਾਨ***
***ਹੋਦੇ ਡਿਠੇ ਖੇਹ।।***
***ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥***
***ਅੰਗ - ੧੬***

ਸੋ ਪੜ੍ਹਨ ਦੀ ਵਾਸ਼ਨਾ ਬਾਰੇ ਬਹੁਤ ਲੰਮੀ ਚੌੜੀ ਵਿਚਾਰ ਕੀਤੀ ਹੈ। ਕਈ ਪ੍ਰੇਮੀਆਂ ਦੇ ਮਨ ਵਿਚ ਇਹ ਸ਼ੰਕਾ ਉਪਜ ਸਕਦਾ ਹੈ ਕਿ ਫੇਰ ਪੜ੍ਹਾਈ ਕਿਹੜੀ ਹੋਈ ਜਿਹੜੀ ਸ੍ਰੇਸ਼ਟ ਹੈ?

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੇ ਪੜ੍ਹ ਲਿਖ ਕੇ ਆਦਮੀ ਦੇ ਅੰਦਰੋਂ ਕੂੜ ਦੀ ਮੈਲ ਨਾ ਉਤਰੀ, ਉਸ ਦੇ ਵਿਪਰੀਤ ਉਸ ਦੇ ਅੰਦਰ ਹਉਮੈ ਦੀ ਮੈਲ ਹੋਰ ਗਾੜ੍ਹੀ ਹੋ ਗਈ ਤਾਂ ਫੇਰ ਪੜ੍ਹਾਈ ਨੇ ਤਾਂ ਕੋਈ ਸਹਾਇਤਾ ਨਾ ਕੀਤੀ। ਜੇ ਉਸ ਵਿਚੋਂ ਲਭ, ਲੋਭ, ਮੋਹ, ਹੰਕਾਰ, ਸ਼ਬਦ, ਸਪਰਸ਼, ਰੂਪ, ਰਸ, ਗੰਧ ਬਾਹਰ ਨਾ ਹੋਏ, ਤਾਂ ਪੜ੍ਹਾਈ ਨੇ ਉਹ ਕੰਮ ਨਾ ਕੀਤਾ ਜੋ ਕਰਨਾ ਚਾਹੀਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਅਸਲ ਵਿਚ ਪੜ੍ਹਿਆ ਓਹੀ ਹੈ ਜਿਸ ਨੇ ਮਾਨਸ ਜਨਮ ਦੀ ਮਹੱਤਤਾ ਨੂੰ ਪਛਾਣ ਲਿਆ ਅਤੇ 84 ਲੱਖ ਜੂਨਾਂ ਦੇ ਚੱਕਰ ਵਿਚੋਂ ਛੁਟ ਜਾਣ ਲਈ ਅਸਲੀ ਰਾਹ ਪਛਾਣ ਲਿਆ ਅਤੇ ਇਸ ਮਾਰਗ ਤੇ ਚੱਲਣ ਲਈ ਹਰ ਸਮੇਂ ਪ੍ਰਭੂ ਦਾ ਨਾਮ ਜਪਦਾ ਹੈ -

***ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ***

*ਜਿਸੁ ਰਾਮ ਨਾਮੁ ਗਲਿ ਹਾਰੁ॥*

*ਅੰਗ - ੯੩੮*

ਸਾਸ਼ਤਰ ਅਨੇਕ ਹਨ, ਜਾਨਣਹਾਰ ਵਿਸ਼ਿਆਂ ਦੀ ਕੋਈ ਗਿਣਤੀ ਨਹੀਂ ਹੈ, ਆਦਮੀ ਪਾਸ ਸਮਾਂ ਬਹੁਤ ਹੀ ਥੋੜ੍ਹਾ ਹੈ। ਪੁਸਤਕਾਂ ਪੜ੍ਹ ਕੇ ਸਾਰ ਵਸਤੂ ਦੀ ਪ੍ਰਾਪਤੀ ਨਹੀਂ ਹੁੰਦੀ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਨਾਨਕ ਲੇਖੈ ਇਕ ਗਲ*
*ਹੋਰੁ ਹਉਮੈ ਝਖਣਾ ਝਾਖ॥ ਅੰਗ - ੪੬੭*

ਜਿਸ ਤਰ੍ਹਾਂ ਨਾਲ ਹੰਸ ਦੇ ਅੱਗੇ ਦੁੱਧ ਰੱਖਿਆ ਜਾਵੇ ਤਾਂ ਉਹ ਆਪਣੀ ਖਟਿਆਈ ਵਾਲੀ ਚੁੰਝ ਮਾਰ ਕੇ ਦੁੱਧ ਤੋਂ ਥੋੜ੍ਹਾ ਪਿਛੇ ਹਟ ਕੇ ਇੰਤਜ਼ਾਰ ਕਰਦਾ ਹੈ, ਦੁੱਧ ਫਟ ਜਾਂਦਾ ਹੈ ਅਤੇ ਉਹ ਹੰਸ ਪਾਣੀ ਛੱਡ ਕੇ ਦੁੱਧ ਦੀਆਂ ਫੁੱਟੀਆਂ ਖਾ ਲੈਂਦਾ ਹੈ। ਵਿਦਿਆ ਦਾ ਕੋਈ ਅੰਤ ਨਹੀਂ ਹੈ ਪਰ ਅਸਲੀ ਚੀਜ਼ ਜੇ ਪ੍ਰਭੂ ਨਾਲ ਪਿਆਰ ਨਾ ਹੋਇਆ ਤਾਂ ਹਰ ਹਾਲਤ ਵਿਚ ਨਰਕ ਵਿਚ ਜਾਣਾ ਪੈਂਦਾ ਹੈ –

*ਸਾਸਤ ਸਿੰਮ੍ਰਿਤਿ ਬੇਦ*
*ਚਾਰਿ ਮੁਖਾਗਰ ਬਿਚਰੇ॥*
*ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ॥*
*ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ॥*
*ਰੰਗੁ ਨ ਲਗੀ ਪਾਰਬ੍ਰਹਮ*
*ਤਾ ਸਰਪਰ ਨਰਕੇ ਜਾਇ॥*

*ਅੰਗ - ੭੦*

ਪਾਂਧਾ ਜੀ ਅਸਲੀ ਵਿਦਿਆ ਬਾਰੇ ਜਾਣ ਗਏ। ਗੁਰੂ ਨਾਨਕ ਪਾਤਸ਼ਾਹ ਨੇ ਗੁਰੂ ਰੂਪ ਹੋ ਕੇ ਨਾਮ ਦੀ ਦਾਤ ਬਖਸ਼ ਦਿਤੀ। ਪਾਂਧਾ ਜੀ ਕ੍ਰਿਤ-ਕ੍ਰਿਤ ਹੋ ਕੇ ਵਿਸਮਾਦ ਦੇ ਘਰ ਪੁੱਜ ਕੇ ਆਤਮ ਅਨੰਦ ਵਿਚ ਲੀਨ ਹੋ ਗਏ। ਸਾਰੀਆਂ ਵਾਸ਼ਨਾਵਾਂ ਖ੍ਰੈ ਹੋ ਗਈਆਂ, ਮਨ ਦਾ ਨਾਸ਼ ਹੋ ਗਿਆ। ਤਤ ਗਿਆਨ ਪ੍ਰਗਟ ਹੋ ਕੇ ਦਿਬਜ ਨੇਤਰ ਖੁਲ੍ਹ ਗਏ। ਦੇਖਦਾ ਹੈ ਇਕੋ ਜੋਤ ਸਾਰੇ ਪਰੀਪੂਰਨ ਹੈ, ਇਕੋ ਜੋਤਿ ਦਾ ਪਸਾਰਾ ਹੈ, ਆਪੇ ਆਪਣੇ ਰੰਗ ਵਿਚ ਪ੍ਰਭੂ ਖੇਲ੍ਹ ਰਿਹਾ ਹੈ।

ਇਸ ਤੋਂ ਅਗਲੀ ਵਾਸ਼ਨਾ ਅੰਨਸ਼ਠਾਨ ਵਾਸ਼ਨਾ ਹੋਇਆ ਕਰਦੀ ਹੈ। ਉਹ ਕਰਮ ਕਰਨ ਵਿਚ ਸਦਾ ਜੁਟਿਆ ਰਹਿੰਦਾ ਹੈ। ਪਰ ਉਹ ਈਸ਼ਵਰ ਚਿੰਤਨ ਲਈ ਕੋਈ ਸਮਾਂ ਕੱਢ ਨਹੀਂ ਸਕਿਆ ਕਰਦਾ। ਇਸ ਤਰ੍ਹਾਂ ਦੇ ਨਾਲ ਜਿੰਨੀ ਦੇਰ ਤਕ ਪ੍ਰਭੂ ਦਾ ਧਿਆਨ ਨਹੀਂ ਕਰਦਾ, ਸਤਿਸੰਗ ਨਹੀਂ ਕਰਦਾ, ਉਨਾਂ ਚਿਰ ਆਤਮ ਤੱਤ ਦੀ ਪ੍ਰਾਪਤੀ ਨਹੀਂ ਕਰ ਸਕਦਾ। ਐਸਾ ਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ ਆਤਮ ਤੱਤ ਦੀ ਵਿਚਾਰ ਕਰਨ ਵਾਲੇ ਪ੍ਰਮ ਸੁੱਖੀ ਹੋ ਜਾਂਦੇ ਹਨ –

*ਆਸਾ ਮਨਸਾ ਬੰਧਨੀ ਭਾਈ*
*ਕਰਮ ਧਰਮ ਬੰਧਕਾਰੀ॥*
*ਪਾਪਿ ਪੁੰਨਿ ਜਗੁ ਜਾਇਆ ਭਾਈ*
*ਬਿਨਸੈ ਨਾਮੁ ਵਿਸਾਰੀ॥*
*ਇਹ ਮਾਇਆ ਜਗਿ ਮੋਹਣੀ ਭਾਈ*
*ਕਰਮ ਸਭੇ ਵੇਕਾਰੀ॥*
*ਸੁਣਿ ਪੰਡਿਤ ਕਰਮਾ ਕਾਰੀ॥*
*ਜਿਤੁ ਕਰਮਿ ਸੁਖੁ ਊਪਜੈ ਭਾਈ*
*ਸੁ ਆਤਮ ਤਤੁ ਬੀਚਾਰੀ॥ ਅੰਗ - ੬੩੫*

ਸੋ ਵਾਸ਼ਨਾਵਾਂ ਬੰਧਨ ਦਾ ਮੂਲ ਹਨ। ਇਹ ਵਾਹਿਗੁਰੂ ਜੀ ਦੇ ਰਸਤੇ ਵਿਚ ਬਹੁਤ ਵੱਡੀਆਂ ਰੁਕਾਵਟਾਂ ਹਨ। ਜਦੋਂ ਤਕ ਇਸ ਜੀਵ ਦੀ ਵਾਸ਼ਨਾ ਖ੍ਰੈ ਨਹੀਂ ਹੋ ਜਾਂਦੀ ਉਨੀਂ ਦੇਰ ਤਕ ਇਹ ਵਾਸ਼ਨਾ ਦਾ ਬੰਨ੍ਹਿਆ ਹੋਇਆ ਜੰਮਦਾ ਮਰਦਾ ਰਹੇਗਾ। ਸਭ ਤੋਂ ਭਿਆਨਕ ਵਾਸ਼ਨਾ ਦੇਹ ਵਾਸ਼ਨਾ ਹੈ, ਇਹ ਆਪਣੇ ਆਤਮ ਸਰੂਪ ਨੂੰ ਭੁੱਲ ਕੇ ਸਦਾ ਹੀ ਪੰਜ ਤੱਤ ਦੀ ਦੇਹ ਆਪਣੇ ਆਪ ਨੂੰ ਮੰਨਦਾ ਰਹਿੰਦਾ ਹੈ। ਉਸ ਦੇਹ ਨੂੰ ਸ਼ਿੰਗਾਰਨ ਵਾਸਤੇ ਅਨੇਕ ਕਿਸਮ ਦੇ ਸਾਬਣ ਵਗੈਰਾ ਵਰਤਦਾ ਹੈ, ਅਨੇਕ ਕਿਸਮ ਦੇ ਸੈਂਟ ਲਾਉਂਦਾ ਹੈ, ਪਾਊਡਰਾਂ ਦੀ ਮਦਦ ਨਾਲ ਆਪਣੇ ਅਸਲੀ ਰੰਗ ਨੂੰ ਢੱਕ ਕੇ ਨਕਲੀ ਰੰਗ ਦਿਖਾਉਂਦਾ ਹੈ, ਇਸ ਦੇਹ ਨੇ ਤਾਂ ਮਿੱਟੀ ਬਣ ਜਾਣਾ ਹੈ। ਸੋ ਇਸ ਨੂੰ ਆਪਣੇ ਆਤਮ ਸਰੂਪ ਦੀ ਪਛਾਣ ਕਰਨੀ ਚਾਹੀਦੀ ਹੈ। ਮੈਂ ਦੇਹ ਹਾਂ, ਇਸ ਪ੍ਰਕਾਰ ਦੀ ਭਾਵਨਾ ਬੁੱਧੀ ਵਿਚ ਦ੍ਰਿੜ੍ਹ ਹੋ ਜਾਂਦੀ ਹੈ, ਇਹ ਦ੍ਰਿੜ੍ਹ ਬੁੱਧੀ ਨਰਕਾਂ ਨੂੰ ਦੇਣ ਵਾਲੀ ਹੈ, ਬਹੁਤ ਵੱਡੀਆਂ ਲਹਿਰਾਂ ਵਾਲੀ ਬੈ-ਤਰਨੀ ਨਦੀ ਹੈ। ਬੁੱਧੀ ਦੀ ਐਸੀ ਦ੍ਰਿੜ੍ਹਤਾ ਤਲਵਾਰ ਦੀ ਤਿੱਖੀ ਧਾਰ ਵਾਂਗੂੰ ਕੱਟਣ ਵਾਲੀ ਹੈ। ਇਹ ਬੁੱਧੀ ਸਾਰਾ ਜਤਨ ਲਗਾ ਕੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ, ਗੁਰੂ ਦੇ ਸ਼ਬਦ ਦੀ ਸਾਧਨਾ ਕਰਕੇ ਅਤੇ ਤੱਤ ਬੇਤੇ ਮਹਾਂਪੁਰਸ਼ ਤੋਂ ਗਿਆਨ ਦੀ ਪ੍ਰਾਪਤੀ ਕਰਕੇ, ਦੂਰ ਕਰਨੀ ਚਾਹੀਦੀ ਹੈ। ਮਹਾਂਪੁਰਸ਼ਾਂ ਦਾ ਐਸਾ ਅਨੁਭਵ ਹੈ ਕਿ ਦੇਹ ਵਾਸ਼ਨਾ ਵਿਚ ਪਰਚੀ ਹੋਈ ਦ੍ਰਿੜ੍ਹ ਬੁੱਧੀ ਨਾਲ ਜੋ ਪਾਪ ਲਗਦਾ ਹੈ, ਉਹ ਕ੍ਰੋੜਾਂ ਗਊਆਂ ਦੇ ਮਾਰਨ ਤੋਂ ਵੀ ਵੱਧ ਹੁੰਦਾ ਹੈ। ਇਹ ਦੇਹ ਅਸ਼ੁੱਧ ਹੈ। ਇਸ ਵਿਚ ਵਿਸ਼ਟਾ, ਅਸਟ, ਰਕਤ, ਚਮ ਵਿਚ ਵਲੇਟੇ ਹੋਏ ਹਨ। ਇਸਦਾ ਗੁਮਾਨ ਕਰਦਾ ਹੈ –

*ਬਿਸਟਾ ਅਸਟ ਰਕਤੁ ਪਰੇਟੇ ਚਾਮ॥*
*ਇਸੁ ਊਪਰਿ ਲੇ ਰਾਖਿਓ ਗੁਮਾਨ॥*

*ਅੰਗ - ੩੭੪*

ਮਾਤਾ ਦੀ ਕੁੱਖ ਰੂਪ ਸਥਾਨ ਕਰਕੇ ਵੀ ਇਹ ਦੇਹ ਅਸ਼ੁਧ ਹੈ, ਮਾਤਾ ਦੇ ਰਕਤ ਅਤੇ ਪਿਤਾ ਦੇ ਬਿੰਦ ਤੋਂ ਪੈਦਾ ਹੋਣ ਕਰਕੇ ਭੀ ਅਪਵਿੱਤਰ ਹੈ। ਅਸ਼ੁਧ ਵਸਤੂ ਹੈ, ਮਲਮੂਤਰ ਦੇ ਆਸਰੇ ਜੋ ਦੇਹ ਖੜ੍ਹੀ ਹੈ, ਉਹ ਵੀ ਅਸ਼ੁੱਧ ਹੈ। ਨੌਂ ਦੁਆਰਿਆਂ ਵਿਚੋਂ ਮੈਲ ਨਿਕਲਦੀ ਰਹਿੰਦੀ ਹੈ, ਇਸ ਕਰਕੇ ਵੀ ਇਹ ਅਸ਼ੁਧ ਹੈ ਅਤੇ ਅਤਿਅੰਤ ਮੈਲੀ ਹੈ। ਆਤਮਾ ਅਤਿਅੰਤ ਨਿਰਮਲ ਹੈ।

ਜੇ ਆਤਮ ਤੱਤ ਨੂੰ ਇਸ ਨੇ ਬੁੱਝ ਲਿਆ ਤਾਂ ਇਹ ਪਾਕ ਹੈ। ਸੋ ਇਸ ਕਰਕੇ ਇਹ ਨੌਂ ਦੁਆਰਿਆਂ ਵਾਲੀ ਦੇਹ ਤੋਂ ਮੈਲ, ਫੁੱਟੇ ਹੋਏ ਘੜੇ ਦੀ ਨਿਆਈਂ ਹੈ ਜੋ ਹਰ ਸਮੇਂ ਗਿਰਦੀ ਰਹਿੰਦੀ ਹੈ। ਇਸ ਕਰਕੇ ਅਸੀਂ ਦੇਹ ਨੂੰ ਨਾ ਅੰਦਰੋਂ ਸ਼ੁੱਧ ਕਰ ਸਕਦੇ ਹਾਂ, ਨਾ ਬਾਹਰੋਂ ਸ਼ੁੱਧ ਕਰ ਸਕਦੇ ਹਾਂ। ਇਸ ਨੂੰ ਸ਼ੁੱਧ ਰੱਖਣ ਲਈ ਇਕੋ ਸਾਧਨ ਹੈ ਕਿ ਮਲੀਨ ਵਾਸ਼ਨਾਵਾਂ ਤਿਆਗਣੀਆਂ ਚਾਹੀਦੀਆਂ ਹਨ। ਇਸ ਦੀ ਪਵਿੱਤਰਤਾ ਲਈ ਇਸ ਵਿਚ ਖਿਮਾ, ਦਇਆ, ਸੰਤੋਖ ਧਾਰਨ ਕਰਨੇ ਚਾਹੀਦੇ ਹਨ। ਹੱਥਾਂ ਨਾਲ ਸੰਤਾਂ ਦੀ ਸੇਵਾ ਕਰਨੀ, ਨੇਤਰਾਂ ਨਾਲ ਮਹਾਂਪੁਰਸ਼ਾਂ ਦੇ ਦਰਸ਼ਨ ਕਰਨੇ, ਕੰਨਾਂ ਨਾਲ ਹਰੀ ਜਸ ਸਰਵਣ ਕਰਨਾ, ਇਸ ਨਾਲ ਇਹ ਦੇਹ ਪਵਿੱਤਰ ਹੁੰਦੀ ਹੈ –

***ਇਕ ਵਸਤੁ ਬੂਝਹਿ ਤਾ ਹੋਵਹਿ ਪਾਕ॥***
***ਬਿਨੁ ਬੂਝੇ ਤੂੰ ਸਦਾ ਨਾਪਾਕ॥***

***ਅੰਗ – ੩੭੪***

ਇਸ ਜੀਵ ਨੂੰ ਸੋਝੀ ਆਉਣੀ ਚਾਹੀਦੀ ਹੈ ਕਿ ਮੈਂ ਆਤਮ ਸਰੂਪ ਹਾਂ, ਪਰੀਪੂਰਨ ਬ੍ਰਹਮ ਹਾਂ, ਮੈਂ ਅਸੰਗ ਹਾਂ, ਮੈਂ ਅਬਿਨਾਸੀ ਹਾਂ, ਅਜਰ ਹਾਂ। ਅਮਰ ਹਾਂ ਇਹ ਵਾਸ਼ਨਾ ਜਦੋਂ ਦ੍ਰਿੜ੍ਹ ਹੁੰਦੀ ਹੈ ਤਾਂ ਇਸ ਜੀਵ ਦਾ ਛੁਟਕਾਰਾ ਹੁੰਦਾ ਹੈ। ਭੋਗਾਂ ਦੀ ਵਾਸ਼ਨਾ ਗਿਆਨ ਨਹੀਂ ਹੋਣ ਦਿੰਦੀ। ਵਾਸ਼ਨਾ ਦੇ ਪ੍ਰਭਾਵ ਕਰਕੇ ਯੋਗ ਭ੍ਰਸ਼ਟ ਨੂੰ ਵੀ ਇਥੇ ਜਨਮ ਲੈਣਾ ਪੈਂਦਾ ਹੈ। ਵਿਦੇਹ ਮੁਕਤੀ ਨਹੀਂ ਹੋਣ ਦਿੰਦੀ। ਵਿਆਸ ਜੀ ਨੂੰ ਸ਼ੁਭ ਵਾਸ਼ਨਾ ਹੋਈ ਕਿ ਮੈਂ ਸੰਸਾਰ ਵਿਚ ਧਰਮ ਗ੍ਰੰਥਾਂ ਦੇ ਅਨੁਭਵ ਪ੍ਰਗਟ ਕਰਦਾ ਰਹਾਂ। ਇਸ ਵਾਸ਼ਨਾ ਕਰਕੇ ਉਨ੍ਹਾਂ ਦੀ ਵਿਦੇਹ ਮੁਕਤੀ ਨਹੀਂ ਹੋਈ। ਉਨ੍ਹਾਂ ਨੂੰ 4 ਅਰਬ 32 ਕਰੋੜ ਸਾਲ ਵਿਦੇਹ ਮੁਕਤੀ ਵਾਸਤੇ ਇੰਤਜ਼ਾਰ ਕਰਨਾ ਪਵੇਗਾ। ਇਸ ਕਰਕੇ ਉਨ੍ਹਾਂ ਨੂੰ ਕਾਰਕ ਪਦਵੀ ਪ੍ਰਾਪਤ ਹੋਈ ਹੈ। ਵਾਸ਼ਨਾ ਦਾ ਬੰਧਨ ਬਹੁਤ ਹੀ ਭਿਆਨਕ ਹੈ।

ਵਸ਼ਿਸ਼ਟ ਜੀ ਕਹਿੰਦੇ ਹਨ ਕਿ ਹੇ ਰਾਮ ਜੀ! ਜਿਨ੍ਹਾਂ ਪੁਰਸ਼ਾਂ ਨੇ ਵਾਸ਼ਨਾ ਤੋਂ ਮਨ ਹਟਾ ਲਿਆ ਹੈ, ਮਨੋ ਨਾਸ਼ ਦੀ ਅਵਸਥਾ ਪ੍ਰਾਪਤ ਕਰ ਲਈ ਹੈ, ਵਾਸ਼ਨਾ ਖ੍ਹੈ ਹੋ ਗਈ ਹੈ, ਉਨ੍ਹਾਂ ਦੇ ਹਿਰਦੇ ਵਿਚ ਤੱਤ ਗਿਆਨ ਪ੍ਰਗਟ ਹੋ ਜਾਂਦਾ ਹੈ ਅਤੇ ਚਿੱਤ ਪਰਮ ਸ਼ਾਂਤ ਹੋ ਜਾਂਦਾ ਹੈ। ਜਿਹੜਾ ਪ੍ਰੇਮੀ ਜਾਗ੍ਰਤ ਵਿਚ ਵੀ ਸਖੋਪਤ ਦੀ ਨਿਆਈ ਅਫੁਰ ਅਵਸਥਾ ਵਿਚ ਵਰਤਦਾ ਹੈ, ਜਿਸ ਨੂੰ ਜਾਗ੍ਰਤ ਵਿਚ ਵੀ ਮਾਇਆ ਦੇ ਪਦਾਰਥਾਂ ਦਾ ਭਾਨ ਨਹੀਂ ਹੁੰਦਾ, ਉਹ ਵਾਸ਼ਨਾ ਰਹਿਤ ਪੁਰਸ਼ ਜੀਵਨ ਮੁਕਤ ਕਿਹਾ ਜਾਂਦਾ ਹੈ। ਐਸੇ ਪੁਰਸ਼ ਪੂਜਣ ਲਾਇਕ ਹੁੰਦੇ ਹਨ। ਇਸ ਵਾਸਤੇ ਹੇ ਬੁੱਧੀਵਾਨ ਰਾਮ! ਜੋ ਪੁਰਸ਼ ਹਿਰਦੇ ਵਿਚੋਂ ਹਰ ਵਾਸ਼ਨਾ ਨੂੰ ਤਿਆਗ ਦਿੰਦਾ ਹੈ, ਵਿਖਸ਼ੇਪ ਰਹਿਤ ਹੋ ਜਾਂਦਾ ਹੈ ਉਹ ਜੀਵਨ ਮੁਕਤ ਪੁਰਸ਼ ਸ਼ਾਖਸ਼ਾਤ ਪ੍ਰਮੇਸ਼ਰ ਹੋਇਆ ਕਰਦਾ ਹੈ।

ਹੇ ਰਾਮ ਜੀ! ਮੈਂ ਵੀ ਸਾਰੇ ਸਾਸ਼ਤਰਾਂ ਦੀ ਵਿਚਾਰ ਕਰ ਲਈ ਹੈ ਅਤੇ ਸੰਤਾਂ ਨੂੰ ਮਿਲ ਕੇ ਪ੍ਰਸਪਰ ਵਿਚਾਰ ਕਰਕੇ ਇਹ ਤੱਤ ਕੱਢਿਆ ਹੈ ਕਿ ਵਾਸ਼ਨਾ ਦੇ ਤਿਆਗ ਰੂਪ ਮੋਨ ਤੋਂ ਪਰ੍ਹੇ ਹੋਰ ਕੋਈ ਵੀ ਉਤਮ ਪਦਵੀ ਨਹੀਂ ਹੈ। ਵਾਸ਼ਨਾ ਹੀ ਬੰਧਨ ਹੈ ਤਾਂ ਤੇ ਵਾਸ਼ਨਾ ਨੂੰ ਤਿਆਗ ਕੇ ਮੁਕਤ ਹੋ ਜਾਵੋ। ਵਾਸ਼ਨਾ ਦੇ ਤਿਆਗ ਦਾ ਸਾਧਨ ਸਤਿ ਉਪਦੇਸ਼ ਧਾਰਨ ਵਾਲੇ ਨੂੰ ਹੀ ਹੋਇਆ ਕਰਦਾ ਹੈ। ਗੁਰੂ ਲੋਕ ਆਪਣੇ ਸਿੱਖ ਨੂੰ, ਆਪਣੇ ਭਗਤ ਨੂੰ ਜਨਮ ਮਰਨ ਤੋਂ ਮੁਕਤ ਕਰਾ ਦਿੰਦੇ ਹਨ। ਸੂਲੀ ਤੋਂ ਕੰਡਾ ਬਣਾ ਦਿੰਦੇ ਹਨ। ਸਕੇਤ ਮੰਡੀ ਦੇ ਰਾਜੇ ਦੀ ਕਥਾ ਵਾਂਗੂੰ ਸੁਪਨੇ ਵਿਚ ਹੀ ਉਸਦਾ ਜਨਮ ਭੁਗਤਾ ਦਿੰਦੇ ਹਨ। ਇਹ ਵਾਹਿਗੁਰੂ ਦੇ ਦਰਬਾਰ ਵਿਚ ਆਸਾ ਅੰਦੇਸ਼ਾ ਪਟ ਜੜੇ ਹਨ। ਸਰਬ ਵਾਸ਼ਨਾ ਦਾ ਤਿਆਗ ਕਰਕੇ ਇਹ ਦਰਵਾਜ਼ਾ ਖੁਲ੍ਹਦਾ ਹੈ ਪਰ ਅੰਦੇਸ਼ੇ ਦੀਆਂ ਜੰਜੀਰਾਂ ਇਸ ਨੂੰ ਅਗੇ ਚਲਣ ਨਹੀਂ ਦਿੰਦੀਆਂ। ਇਹ ਸਾਰੀ ਸ੍ਰਿਸ਼ਟੀ ਹੁਕਮ ਵਿਚ ਚਲ ਰਹੀ ਹੈ ਜੋ ਹਰ ਜੀਵ ਦੇ ਮੱਥੇ ਵਿਚ ਲਿਖਿਆ ਹੋਇਆ ਹੈ। ਜੋ ਕੁਝ ਪ੍ਰਾਪਤ ਹੋਣਾ ਹੈ ਉਹ ਇਸ ਦੀ ਪ੍ਰਾਲਬਧ ਅਨੁਸਾਰ ਹੋ ਹੀ ਜਾਂਦਾ ਹੈ। ਪਦਾਰਥਾਂ ਦਾ ਹੋਣਾ, ਨਾ ਹੋਣਾ ਇਹ ਵੀ ਪਰਾਲਬਧ ਅਨੁਸਾਰ ਹੀ ਹੈ। ਇਹ ਮਨੁੱਖ ਇਸ ਸਿਧਾਂਤ ਨੂੰ ਛੱਡ ਕੇ ਹਰ ਵਕਤ ਚਿੰਤਾ ਕਰਦਾ ਰਹਿੰਦਾ ਹੈ, ਡਰਦਾ ਰਹਿੰਦਾ ਹੈ। ਇਸ ਨੂੰ ਅਨੇਕ ਕਿਸਮ ਦੇ ਡਰ ਹਨ ਜਿਵੇਂ ਮੇਰਾ ਜੋੜਿਆ ਹੋਇਆ ਧਨ ਕਿਤੇ ਚਲਿਆ ਨਾ ਜਾਵੇ, ਮੇਰਾ ਚਲ ਰਿਹਾ ਵਪਾਰ ਕਿਤੇ ਘਾਟੇ ਵਿਚ ਨਾ ਚਲਿਆ ਜਾਵੇ; ਮੇਰੇ ਟਰੱਕ, ਬੱਸਾਂ ਹਨ ਇਨ੍ਹਾਂ ਦਾ ਕਿਤੇ ਐਕਸੀਡੈਂਟ ਨਾ ਹੋ ਜਾਵੇ, ਮੇਰਾ ਪੁੱਤਰ ਚੜ੍ਹਾਈ ਨਾ ਕਰ ਜਾਵੇ, ਮੇਰੇ ਦੁਸ਼ਮਣ ਮੈਨੂੰ ਕਿਤੇ ਮਾਰ ਨਾ ਦੇਣ, ਪੁਲਿਸ ਮੇਰੇ ਉਪਰ ਕਿਤੇ ਕੋਈ ਕੇਸ ਨਾ ਬਣਾ ਦੇਵੇ, ਮੈਂ ਬਿਮਾਰ ਹੋਇਆ ਹਾਂ, ਕਿਤੇ ਮਰ ਹੀ ਨਾ ਜਾਵਾਂ। ਐਸੇ ਅਨੇਕਾਂ ਅੰਦੇਸ਼ੇ

*(ਬਾਕੀ ਪੰਨਾ 43 'ਤੇ)*

# ਮੰਝ ਪਿਆਰਾ ਗੁਰੂ ਨੂੰ......।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਨਾ ਕਰ ਮੈਲਾ ਚਿਤ ਜੇ ਹਉਂ ਭੁਲ ਵਿਗਾੜਿਆ।*

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।*
*ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ।*
*ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।*
*ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।*
*ਬਿਸਾਸਘਾਤੀ ਅਕਿਰਤਘਨੁ ਮੈ ਕੋ ਨ ਰਖੰਦਾ।*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ।*
*ਭਾਈ ਗੁਰਦਾਸ ਜੀ, ਵਾਰ ੩੭/੨੧*

*ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥*
*ਕਰਿ ਉਪਦੇਸੁ ਝਿੜਕੇ ਬਹੁ ਭਾਤੀ*
*ਬਹੁੜਿ ਪਿਤਾ ਗਲਿ ਲਾਵੈ ॥*
*ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥*
*ਅੰਗ- ੬੨੪*

*ਧਾਰਨਾ - ਮਾਤਾ ਯਾਦ ਨਾ ਰਖਦੀ ਔਗੁਣ ਪੁੱਤਰਾਂ ਦੇ।*

*ਸੁਤੁ ਅਪਰਾਧ ਕਰਤ ਹੈ ਜੇਤੇ ॥*
*ਜਨਨੀ ਚੀਤਿ ਨ ਰਾਖਸਿ ਤੇਤੇ ॥ ੧ ॥*
*ਰਾਮਈਆ ਹਉ ਬਾਰਿਕੁ ਤੇਰਾ ॥*
*ਕਾਹੇ ਨ ਖੰਡਸਿ ਅਵਗਨੁ ਮੇਰਾ ॥ ੧ ॥ ਰਹਾਉ ॥*
*ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥*
*ਤਾ ਭੀ ਚੀਤਿ ਨ ਰਾਖਸਿ ਮਾਇਆ ॥ ੨ ॥ ਅੰਗ- ੪੭੮*

ਸਾਧਸੰਗਤ ਜੀ ਗੱਜ ਕੇ ਬੋਲਣਾ, ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਜਦੋਂ ਤੋਂ ਆਪ ਦੇ ਮਨ ਵਿਚ ਇਹ ਖਿਆਲ ਪੈਦਾ ਹੋਇਆ ਹੈ ਕਿ ਗੁਰੂ ਮਹਾਰਾਜ ਦੀ ਹਜ਼ੂਰੀ 'ਚ ਪਹੁੰਚ ਕੇ, ਗੁਰੂ ਮਹਾਰਾਜ ਦੀ ਬਾਣੀ ਦੇ ਮੁਤਾਬਿਕ ਜੋ ਬਚਨ ਆਉਂਦੇ ਹਨ, ਸਰਵਣ ਕਰਨੇ ਨੇ। ਉਸ ਵੇਲੇ ਤੋਂ ਆਪ ਦੀ ਹਾਜ਼ਰੀ ਗੁਰੂ ਘਰ ਦੇ ਵਿਚ ਪੈਣੀ ਸ਼ੁਰੂ ਹੋ ਗਈ ਕਿਉਂਕਿ ਹਾਜ਼ਰੀ ਸਰੀਰ ਦੀ ਨਹੀਂ ਹੋਇਆ ਕਰਦੀ, ਹਾਜ਼ਰੀ ਮਨ ਦੀ ਹੋਇਆ ਕਰਦੀ ਹੈ। ਜਿਸ ਨੂੰ ਮਨ ਦੀ ਹਾਜ਼ਰੀ ਲਵਾਉਣੀ ਆਉਂਦੀ ਹੈ ਉਹ ਬਹੁਤ ਛੇਤੀ ਪ੍ਰਾਪਤੀ ਕਰ ਲਿਆ ਕਰਦਾ ਹੈ। ਕਿਉਂਕਿ ਜਿੰਨਾਂ ਵੀ ਕੰਮ ਹੈ ਸਾਡੇ ਤੇ ਵਾਹਿਗੁਰੂ ਦੇ ਵਿਚਾਲੇ, ਮਨ ਦਾ ਹੀ ਹੈ। ਜੇ ਤਾਂ ਮਨ ਓਧਰ ਨੂੰ ਲਗ ਜਾਵੇ, ਫੇਰ ਤਾਂ ਇਹ ਵੱਡਾ ਮਹਾਂਪੁਰਖ ਬਣ ਜਾਂਦਾ ਹੈ। ਰੱਬ ਬਣ ਜਾਂਦਾ ਹੈ। ਕਈ ਪ੍ਰੇਮੀਆਂ ਦਾ ਖਿਆਲ ਹੈ ਕਿ ਰੱਬ ਕਿਵੇਂ ਬਣ ਜਾਂਦਾ ਹੈ ਆਦਮੀ? ਇਹਦੇ 'ਚ ਹੈ ਤਾਂ ਪ੍ਰਮੇਸ਼ਰ ਹੀ, ਇਕ ਪਰਛਾਵਾਂ ਜਿਹਾ ਹੈ, ਉਹ ਮਿਟ ਜਾਂਦਾ ਹੈ। ਅਸਲੀ ਚੀਜ਼ ਰਹਿ ਜਾਂਦੀ ਹੈ ਫੇਰ। ਨਕਲ ਇਹਦੇ 'ਚੋਂ ਖਤਮ ਹੋ ਜਾਂਦੀ ਹੈ। ਉਹਨੂੰ ਫੇਰ ਬਹੁਤ ਤਰੀਕਿਆਂ ਨਾਲ ਸਮਝਾਉਂਦੇ ਨੇ -

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ- ੩੯੭*

ਜੇ ਮਨ ਸਾਥ ਨਾ ਦੇਵੇ ਤਾਂ ਜਿੰਨੇ ਜੀਅ ਕਰਦੈ ਅਖੰਡਪਾਠ ਕਰ ਲੈ। ਜਿੰਨਾਂ ਜੀਅ ਕਰਦੈ, ਕੀਰਤਨ ਕਰ ਲੈ। ਜਿੰਨਾਂ ਜੀਅ ਕਰਦੈ ਸੇਵਾ ਕਰ ਲੈ। ਜਿੰਨਾਂ ਜੀਅ ਕਰਦੈ, ਤੀਰਥ ਯਾਤਰਾ ਕਰ ਲੈ। ਐਵੇਂ ਨਾ ਭੁਲੇਖੇ ਵਿਚ ਰਹੀਂ। ਜੇ ਮਨ ਨੇ ਸਾਥ ਨਹੀਂ ਦਿਤਾ ਤਾ ਗੱਲ ਨਹੀਂ ਬਣਦੀ, ਇਸ ਕਰਕੇ ਮਨ ਮਿੱਤਰ ਵੀ ਹੈ, ਮਨ ਦੁਸ਼ਮਣ ਵੀ ਹੈ। ਇਹਨੂੰ ਮਿੱਤਰ ਬਣਾਓ, ਦੁਸ਼ਮਣ ਨਾ ਬਣਾਓ। ਜਦੋਂ ਇਹ ਦੁਸ਼ਮਣ ਬਣ ਜਾਏ, ਫੇਰ ਇਹ ਕੁੰਭੀ ਨਰਕ ਦੇ ਵਿਚ ਸੁੱਟ ਦਿੰਦਾ ਹੈ। ਜਦੋਂ ਮਿੱਤਰ ਬਣ ਜਾਂਦੈ, 84 ਦੇ ਗੇੜੇ ਕੱਟ ਦਿੰਦੈ। ਸੋ ਆਪ ਦਾ ਫੁਰਮਾਨ ਹੈ ਕਿ ਮਨ ਦੇ ਨਾਲ ਸਮਝੌਤਾ ਕਰੋ। ਜਦੋਂ ਤਕ ਮਨ ਦੇ ਨਾਲ ਨਹੀਂ ਕਰਦੇ। ਨੌਂ ਬਾਣੀਆਂ ਪੜ੍ਹਦਾ ਹਾਂ, ਮੈਂ ਦਸ ਪੜ੍ਹਦਾ ਹਾਂ।

ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਸੰਗਤ ਆਈ। ਪਾਤਸ਼ਾਹ! ਆਪ ਦੇ ਮੁਖਾਰਬਿੰਦ ਤੋਂ ਇਹ ਸਰਵਣ ਕਰਦੇ ਹਾਂ ਕਿ ਬਾਣੀ ਪੜ੍ਹ ਕੇ, ਨਾਮ ਜਪ ਕੇ ਆਦਮੀ ਦਾ ਮਨ, ਪਰਮ ਸ਼ਾਂਤ ਹੋ ਜਾਇਆ ਕਰਦਾ ਹੈ ਤੇ ਅੰਦਰਲਾ ਕੌਲ ਖਿਲ ਜਾਂਦਾ ਹੈ। ਅੰਮ੍ਰਿਤ

ਦੀ ਧਾਰਾ ਉਹਦੇ ਵਿਚ ਵਰਸਣ ਲਗ ਜਾਂਦੀ ਹੈ। ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ, ਕੋਈ ਵਿਘਨ ਨਹੀਂ ਰਹਿੰਦਾ। ਜੇ ਕਾਲ ਨਾ ਚਾਹੇ ਤਾਂ ਕਾਲ ਨੂੰ ਦੋ ਮਹੀਨੇ, ਚਾਰ ਮਹੀਨੇ, ਸਾਲ, ਪੰਜ ਸਾਲ ਕਹਿ ਸਕਦਾ ਹੈ ਕਿ ਅਜੇ ਠਹਿਰ ਜਾ, ਮੈਨੂੰ ਕੰਮ ਹੈ ਅਜੇ ਨਾ ਆਈਂ। ਐਸੀਆਂ ਬਾਤਾਂ ਸੁਖਮਨੀ ਸਾਹਿਬ ਦੇ ਅੰਦਰ ਵੀ ਸੁਣਦੇ ਹਾਂ -

*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥* *ਅੰਗ- ੨੬੨*

ਸਾਡੇ ਵਿਚ ਕਈ ਤਾਂ ਐਸੇ ਨੇ ਜਿਹੜੇ ਸੁਖਮਨੀ ਸਾਹਿਬ ਦੇ 5-5 ਪਾਠ ਕਰ ਲੈਂਦੇ ਨੇ। ਕਈ ਜਪੁਜੀ ਸਾਹਿਬ ਦੇ 25-25 ਪਾਠ ਕਰਨ ਵਾਲੇ ਹਨ ਸਾਡੀ ਸੰਗਤ ਦੇ ਅੰਦਰ। ਸੱਚੇ ਪਾਤਸ਼ਾਹ! ਅਸੀਂ ਸਾਰਿਆਂ ਨੇ ਰਲ ਕੇ ਨਿਰਣਾ ਕੀਤਾ ਹੈ। ਮਨ ਤਾਂ ਸ਼ਾਂਤ ਨਹੀਂ ਹੋਇਆ ਹੈ। ਮਹਾਰਾਜ ਕਹਿੰਦੇ, ਤੁਸੀਂ ਬਾਣੀ ਨਹੀਂ ਪੜ੍ਹਦੇ ਹੋਵੋਂਗੇ। ਬਾਣੀ 'ਚ ਤਾਂ ਅਸਰ ਹੈ, ਬਾਣੀ ਵਿਚ ਤਾਂ ਪੂਰਾ ਅਸਰ ਹੈ। ਪੜ੍ਹਨ ਵਿਚ ਵੀ, ਤੇ ਸੁਣਨ ਵਿਚ ਵੀ ਤੇ ਗਾਉਣ ਵਿਚ ਵੀ। ਜੇ ਨੁਕਸ ਹੋ ਸਕਦਾ ਹੈ ਤਾਂ ਸਰੀਰਾਂ ਵਿਚ ਹੋ ਸਕਦਾ ਹੈ ਕਿਉਂਕਿ ਮਨ ਇਕਾਗਰ ਕਰਕੇ ਨਹੀਂ ਪੜ੍ਹਦੇ ਹੋਣੇ?

ਕਹਿਣ ਲੱਗੇ, ਨਹੀਂ ਮਹਾਰਾਜ! ਅਸੀਂ ਤਾਂ ਨੌਂ-ਨੌਂ ਬਾਣੀਆਂ ਪੜ੍ਹਦੇ ਹਾਂ ਨਿਤਨੇਮ ਦੇ ਵਿਚ। ਕਈ-ਕਈ ਪਾਠ ਜਪੁਜੀ ਸਾਹਿਬ ਦੇ ਕਰਦੇ ਹਾਂ। ਕਈ-ਕਈ ਸੁਖਮਨੀ ਸਾਹਿਬ ਦੇ ਕਰਦੇ ਹਾਂ। ਕਈ ਸੈਂਕੜੇ ਪਾਠ ਅਸੀਂ ਮੂਲਮੰਤ੍ਰ ਦੇ ਕਰਦੇ ਹਾਂ ਪਰ ਅਸੀਂ ਸੱਚ ਦਸਦੇ ਹਾਂ, ਅਸੀਂ ਤਾਂ ਓਹੋ ਜਿਹੇ ਹੀ ਹਾਂ, ਓਹੀ ਨਿੰਦਿਆ, ਓਹੀ ਚੁਗਲੀ, ਓਹੀ ਈਰਖਾ, ਓਹੀ ਲੋਕਾਂ ਨਾਲ ਲਾਗਬਾਜ਼ੀ, ਓਹੀ ਘੱਟ, ਓਹੀ ਵੱਧ ਤੇ ਸੰਸਾਰ ਦੇ ਵਿਚ ਰਲ ਕੇ ਜਦੋਂ ਅਸੀਂ ਨਿਰਣਾ ਕਰਦੇ ਹਾਂ ਤਾਂ ਸਾਨੂੰ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਅਸੀਂ ਤਾਂ ਲੋਕਾਂ ਵਰਗੇ ਹੀ ਹਾਂ, ਐਵੇਂ ਹੀ ਕੋਹਲੂ ਦੇ ਬੈਲ ਬਣ ਕੇ ਘੁੰਮੀ ਗਏ ਹਾਂ। ਜਦੋਂ ਖੋਪੇ ਖੋਲ੍ਹਦੇ ਨੇ, ਕੋਹਲੂ ਦਾ ਬੈਲ ਉਥੇ ਹੀ ਹੁੰਦਾ ਹੈ। ਇਥੇ ਕੋਹਲੂ ਦੇ ਬੈਲ ਵਾਂਗੂੰ ਭਰਮਦੇ ਫਿਰਦੇ ਹਾਂ ਪੈੜ ਦੇ ਵਿਚ ਹੀ ਤੇ ਸਾਨੂੰ ਮਹਾਰਾਜ! ਕੋਈ ਰਸਤਾ ਦੱਸੋ। ਜਿਥੇ ਸਾਡੇ ਅੰਦਰ ਕੋਈ ਨੁਕਸ ਹੈ, ਉਹ ਆਪ ਕੱਢਣ ਦੀ ਕ੍ਰਿਪਾ ਕਰੋ।

ਬੜੇ ਚੰਗੇ ਗੁਰਸਿੱਖ ਸੀਗੇ। ਮੱਥਾ ਟੇਕੋ ਉਹਨਾਂ ਗੁਰਸਿੱਖਾਂ ਨੂੰ, ਸਤਿਕਾਰ ਕਰੋ ਜਿਨ੍ਹਾਂ ਨੇ ਆਪਣੀ ਕਮਜ਼ੋਰੀ ਗੁਰੂ ਮਹਾਰਾਜ ਨੂੰ ਦਸ ਦਿਤੀ। ਅਸੀਂ ਤਾਂ ਦਸਦੇ ਹੀ ਨਹੀਂ। ਅਸੀਂ ਤਾਂ ਕਹਿੰਦੇ ਹਾਂ ਜੀ ਸਾਡੀ ਤਾਂ ਬਿਰਤੀ ਲਗਦੀ ਹੈ, ਸਾਡੀ ਸੁਰਤੀ ਤਾਂ ਫਲਾਣੇ ਖੰਡ 'ਚ ਪਹੁੰਚਦੀ ਹੈ। ਮੇਰੀ ਸੁਰਤ ਫਲਾਣੇ ਥਾਂ ਪਹੁੰਚਦੀ ਹੈ। ਜੇ ਸੁਰਤ ਪਹੁੰਚਦੀ ਹੋਵੇ, ਉਥੇ ਦੀਆਂ ਨਿਸ਼ਾਨੀਆਂ ਵਰਤਿਆ ਕਰਦੀਆਂ ਨੇ। ਗੱਲਾਂ ਨਾਲ ਕਹੀ ਹੋਈ ਸੁਰਤ ਨਹੀਂ ਹੋਇਆ ਕਰਦੀ। conception of mind (ਮਨ ਦੀ ਧਾਰਨਾ) ਹੋਇਆ ਕਰਦੈ। ਕੋਈ ਟਿਕਾਣਾ ਮਿੱਥ ਲੈਣਾ ਤੇ ਕਹਿਣਾ ਮੈਂ ਉਥੇ ਪਹੁੰਚ ਗਿਆ। ਉਥੇ ਦੀਆਂ ਨਿਸ਼ਾਨੀਆਂ ਜਦੋਂ ਤਕ ਪ੍ਰਾਪਤ ਨਹੀਂ ਹੁੰਦੀਆਂ, ਓਨੀਂ ਦੇਰ ਤਕ ਉਥੇ ਸੁਰਤ ਨਹੀਂ ਪਹੁੰਚਿਆ ਕਰਦੀ। ਫੇਰ ਇਹ ਵੀ ਧੋਖਾ ਹੈ, conception of mind ਜਿਹੜੀ ਹੈ ਉਹ ਨਿਸ਼ਾਨੀਆਂ ਵੀ ਪੈਦਾ ਕਰਨ ਦੀ ਸਮਰੱਥਾ ਰਖਦੀ ਹੈ। ਜੇ ਅਨਹਦ ਸੁਣਨੈ, ਅਨਹਦ ਸੁਣਨ ਲਗ ਜਾਣਗੇ। ਜੇ ਕੀਰਤਨ ਸੁਣਨੈ, ਸੁਣਨ ਲਗ ਜਾਏਗਾ; ਜੇ ਪ੍ਰਕਾਸ਼ ਦੇਖਣਾ ਹੈ ਤਾਂ ਦਿਸਣ ਲਗ ਜਾਏਗਾ ਪਰ ਇਹ ਤਾਂ ਮਨ ਦੀ ਖੇਡ ਹੈ। (That is all conception of mind. ) ਅਸਲੀ ਅਵਸਥਾ ਪ੍ਰਾਪਤ ਨਹੀਂ ਹੋਈ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਸਾਡੇ ਵਿਚ ਤਾਂ ਕੋਈ ਐਸਾ ਕੌਤਕ ਵਰਤਿਆ ਨਹੀਂ ਹੈ। ਐਸੀ ਘਟਨਾ ਵਰਤੀ ਨਹੀਂ ਜਿਹਦੇ ਨਾਲ ਅਸੀਂ ਕਹਿ ਸਕੀਏ ਕਿ ਸਾਨੂੰ ਕੁਝ ਪ੍ਰਾਪਤੀ ਹੋਈ ਹੈ। ਅਸੀਂ ਤਾਂ ਜਿਥੇ ਪਹਿਲਾਂ ਸੀ ਉਸੇ ਤਰ੍ਹਾਂ ਹੁਣ ਹਾਂ। ਪਹਿਲਾਂ ਵੀ ਗੁੱਸਾ ਆਉਂਦਾ ਸੀ ਸਾਨੂੰ, ਹੁਣ ਵੀ ਗੁੱਸਾ ਆਉਂਦਾ ਹੈ। ਪਹਿਲਾਂ ਵੀ ਈਰਖਾ ਸਾਡੇ ਮਨ ਵਿਚ ਸੀ, ਹੁਣ ਵੀ ਈਰਖਾ ਹੈ। ਦੂਸਰੇ ਨੂੰ ਦੇਖ ਨਹੀਂ ਸਕਦੇ ਅਸੀਂ। ਪਹਿਲਾਂ ਵੀ ਸਾਡੇ ਮਨ ਵਿਚ ਕ੍ਰੋਧ ਸੀ, ਹੁਣ ਵੀ ਸਾਡੇ ਮਨ ਵਿਚ ਕ੍ਰੋਧ ਹੈ ਤੇ ਪਹਿਲਾਂ ਅਸੀਂ ਚੋਰੀ ਕਰਦੇ ਸੀ, ਹੁਣ ਵੀ ਚੋਰੀ ਕਰਦੇ ਹਾਂ। ਜੋ ਕੁਛ ਪਹਿਲਾਂ ਸੀ ਸਾਡੇ ਮਨ ਵਿਚ, ਕੋਈ ਪਰਿਵਰਤਨ ਨਹੀਂ ਪਿਆ। ਅਮਰੀਕਾ ਤੇ ਇੰਗਲੈਂਡ ਦੇ ਜਿਹੜੇ ਗੋਰੇ ਨੇ ਇਹ ਬੜੇ state farward....... ਸਪੱਸ਼ਟ ਜਿਹੇ ਨੇ। ਇਹ ਧਰਮ ਧਾਰਨ ਕਰ ਲੈਂਦੇ ਨੇ। ਸੁਣ ਲਈਆਂ ਗੱਲਾਂ ਕਹਿੰਦੇ ਨੇ, ਠੀਕ ਹੈ ਅਸੀਂ ਸਿੰਘ ਬਣ ਜਾਂਦੇ ਹਾਂ। ਕੀ ਵਿਸ਼ੇਸ਼ਤਾਈ ਹੈ? ਸਾਡੇ ਵਰਗੇ ਦਸ ਦਿੰਦੇ ਨੇ ਕਿ

ਜੇ ਬਿਰਤੀ ਜਿਹੜੀ ਹੈ ਇਹ ਅੰਤਰਮੁਖ ਹੋ ਕੇ ਸ਼ਾਂਤੀ ਦਿੰਦੀ ਹੈ। ਜੇ ਰਸਨਾ 'ਤੇ ਧਿਆਨ ਰੱਖੇ ਤਾਂ ਰਸ ਆਉਣਾ ਸ਼ੁਰੂ ਹੋ ਜਾਂਦਾ ਹੈ। ਜੇ ਗਲੇ ਵਿਚ ਵਿਚ ਧਿਆਨ ਰੱਖੇ ਤਾਂ ਬਹੁਤ ਮਿੱਠਾ ਰਸ ਹੋ ਜਾਂਦਾ ਹੈ। ਤੇ ਲਾਈਟ ਆ ਜਾਂਦੀ ਹੈ। ਜੇ ਮੱਥੇ ਵਿਚ ਧਿਆਨ ਰੱਖੇ ਤਾਂ ਅਨਹਦ ਸ਼ਬਦ ਜਾਗ ਪੈਂਦੇ ਨੇ। ਇਸ ਤਰ੍ਹਾਂ ਉਹ ਸੁਣ ਕੇ ਬਹੁਤ ਉਤਸ਼ਾਹਤ ਹੁੰਦੇ ਨੇ। ਮਿਹਨਤ ਕਰਦੇ ਨੇ। ਫੇਰ ਬਾਰ-ਬਾਰ ਪੁਛਦੇ ਨੇ ਕਿ ਮੈਨੂੰ ਹੋਰ ਤਰੀਕਾ ਦੱਸੋ। ਮੇਰਾ ਕੁਛ ਬਣਿਆ ਨਹੀਂ। ਜੇ ਨਾ ਬਣੇ ਉਥੇ ਹੀ ਧਰਮ ਛੱਡ ਦਿੰਦੇ ਨੇ। ਨਾ ਭਾਈ, ਇਹ ਤਾਂ ਸਮਾਂ ਖਰਾਬ ਕਰਨ ਵਾਲੀ ਗੱਲ ਹੈ। ਗੱਲ ਸਮਝ ਜਾਂਦੇ ਨੇ, ਫੇਰ ਉਹਦੀ ਪ੍ਰਾਪਤੀ ਵਾਸਤੇ ਲਗ ਜਾਂਦੇ ਨੇ। ਸਾਡੇ ਵਿਚ ਇਹ ਸੁਚੇਤਪੁਣਾ ਨਹੀਂ ਹੈ। ਅਸੀਂ ਧਰਮ ਦੇ ਵਿਚ ਅਚੇਤ ਆਏ ਹੋਏ ਹਾਂ। ਦੋ ਗੱਲਾਂ ਹੁੰਦੀਆਂ ਨੇ ਜਾਂ ਪ੍ਰਾਪਤੀ ਕਰੋ ਜਾਂ ਦੁਨੀਆਂ ਦਾ ਰਸ ਨਾਲ ਛੱਡੋ। ਨਾ ਓਧਰਲੇ ਨਾ ਇਧਰਲੇ। 'ਨਾ ਇਤ ਕੇ, ਨਾ ਉਤ ਕੇ, ਵਿਚੇ ਖਾਂਦੇ ਗੁਤਕੇ' ਗੋਤੇ ਖਾਂਦਾ ਹੈ ਵਿਚ ਹੀ, ਨਾ ਦੁਨੀਆਂ ਰੱਖੀ, ਨਾ ਰੂਹਾਨੀਅਤ ਵਿਚ ਹੀ ਆਇਆ। ਇਰਾਦਾ ਪੱਕਾ ਹੋਣਾ ਚਾਹੀਦਾ ਹੈ।

ਸੋ ਗੁਰਸਿੱਖਾਂ ਨੇ ਸਪੱਸ਼ਟ ਕਹਿ ਦਿਤਾ ਮਹਾਰਾਜ ਜੀ ਨੂੰ ਕਿ ਮਹਾਰਾਜ! ਨੌਂ-ਨੌਂ ਬਾਣੀਆਂ ਪੜ੍ਹਦੇ ਹਾਂ। ਸਾਡੇ ਉਤੇ ਕੋਈ ਵੀ ਅਸਰ ਨਹੀਂ ਹੋ ਰਿਹਾ। ਜੋ ਕੁਛ ਬਾਣੀ ਕਹਿੰਦੀ ਹੈ, ਸਾਡੇ ਵਿਚ ਪਰਿਵਰਤਨ ਨਹੀਂ ਆਇਆ। ਬਾਣੀ ਪੜ੍ਹ ਕੇ, ਨਾਮ ਜਪ ਕੇ ਬੰਦਾ ਜਿਹੜਾ ਹੈ ਉਹ ਪਸ਼ੂ ਤੋਂ, ਪ੍ਰੇਤ ਤੋਂ, ਮਨੁੱਖ ਤੋਂ ਦੇਵਤਾ ਅਵਸਥਾ 'ਚ ਪਹੁੰਚ ਜਾਂਦਾ ਹੈ ਪਰ ਅਸੀਂ ਤਾਂ ਉਥੇ ਹੀ ਹਾਂ, ਉਸ ਤੋਂ ਵੀ ਥੱਲੇ ਹੀ ਹਾਂ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਫੇਰ ਕਿਹਾ ਕਿ ਪ੍ਰੇਮੀਓ! ਬਾਣੀ 'ਚ ਨਾ ਤੁਸੀਂ ਨੁਕਸ ਕਹੋ। ਜ਼ਰੂਰ ਤੁਹਾਡੇ ਵਿਚ ਕੋਈ ਨਾ ਕੋਈ ਨੁਕਸ ਹੈ। ਕਹਿਣ ਲੱਗੇ, ਅੱਛਾ, ਤੁਹਾਨੂੰ ਸਮਝਾਉਂਦੇ ਹਾਂ ਫੇਰ। ਮਹਾਰਾਜ ਨੇ ਸੁਨੇਹਾ ਭੇਜ ਦਿਤਾ ਸ੍ਰੀ ਮਾਨ ਜੀ ਨੂੰ ਕਿ ਇਕ ਬਾਲਟਾ ਸੁਖ ਨਿਧਾਨ ਦਾ ਰਗੜ ਕੇ 10-10 ਬਾਟੇ ਭੇਜ ਦਿਓ। 20 ਬਾਟੇ ਮੰਗਾ ਲਏ। ਦਸ ਜਣੇ ਇਕ ਪਾਸੇ ਬਿਠਾ ਦਿਤੇ, ਦਸ ਜਣੇ ਦੂਜੇ ਪਾਸੇ ਬਿਠਾ ਦਿਤੇ। ਵਰਤਾਰੇ ਨੂੰ ਹੁਕਮ ਹੋਇਆ ਕਿ ਇਕਨਾ ਨੂੰ ਇਕ-ਇਕ ਘੁੱਟ ਪਾ ਦੇ। ਦੂਜਿਆਂ ਦੇ ਬਾਟੇ ਭਰ ਦੇ। ਕਹਿੰਦੇ, ਲਓ ਬਈ ਜਿਨ੍ਹਾਂ ਦੇ ਬਾਟੇ ਭਰੇ ਹੋਏ ਨੇ ਉਹ ਤਾਂ ਉਥੇ ਦੂਰ ਚਲੇ ਜਾਓ। ਉਹ ਨੀਵਾਂ ਥਾਉਂ ਹੈ ਉਹਦੇ ਕੰਢੇ ਬਹਿ ਜਾਓ ਤੇ ਘੁੱਟ ਵੱਡੀ ਸਾਰੀ ਭਰ ਕੇ ਕੁਰਲੀ ਕਰਕੇ ਡੋਲ੍ਹੀ ਜਾਓ। ਜਿੰਨ੍ਹਾਂ ਮੂੰਹ ਵਿਚ ਰੱਖ ਸਕਦੇ ਹੋਂ ਰੱਖ ਲਓ, ਉਸ ਤੋਂ ਬਾਅਦ ਕੁਰਲੀਆਂ ਕਰ ਦਿਓ। ਖਤਮ ਕਰਕੇ ਆਓ ਸਾਡੇ ਕੋਲ ਪਰ ਖਿਆਲ ਇਹ ਰੱਖਣਾ ਹੈ ਕਿ ਇਕ ਕਤਰਾ ਵੀ ਅੰਦਰ ਨਾ ਚਲਿਆ ਜਾਵੇ। ਦੂਸਰਿਆਂ ਨੂੰ ਕਹਿੰਦੇ, ਬਹਿ ਕੇ ਪੀ ਲਓ ਤੁਸੀਂ। ਦੋਵੇਂ ਪਾਸੇ ਦੇ ਜਦੋਂ ਆ ਗਏ। ਅੱਡ-ਅੱਡ ਬਿਠਾ ਲਏ। ਕਹਿਣ ਲੱਗੇ, ਕਿਉਂ ਭਾਈ ਗੁਰਮੁਖੋ! ਤੁਸੀਂ ਭਰੇ ਹੋਏ ਬਾਟੇ ਕਿੰਨਾਂ-ਕਿੰਨਾਂ ਚਿਰ ਮੂੰਹ 'ਚ ਰੱਖੇ ਨੇ ਤੇ ਦੱਸੋ ਤੁਹਾਨੂੰ ਕੋਈ ਅਸਰ ਹੋਇਆ? ਨਸ਼ਾ ਹੋਇਆ ਇਹਦਾ?

ਨਸ਼ਾ ਕੀ ਹੁੰਦੈ? ਸਾਰੇ ਹੀ ਨਸ਼ੇ ਗਰਮ ਤੇ ਖੁਸ਼ਕ ਹੁੰਦੇ ਨੇ। ਦਿਮਾਗ ਨੂੰ ਦੱਬਦੇ ਨੇ ਜਾ ਕੇ। ਦਿਮਾਗ ਬਹੁਤ ਕੀਮਤੀ ਚੀਜ਼ ਵਾਹਿਗੁਰੂ ਨੇ ਦਿਤੀ ਹੋਈ ਹੈ। ਆਹ ਸੰਸਾਰ ਹੈ ਹੀ ਦਿਮਾਗ ਦਾ। ਜੇ ਦਿਮਾਗ ਨਾ ਹੋਵੇ, ਚਾਹੇ ਸਾਢੇ ਛੇ ਫੁੱਟ ਲੰਮਾ ਬੰਦਾ ਹੈ, 45 ਇੰਚ ਚੌੜੀ ਛਾਤੀ ਹੈ। ਇਕੱਲਾ ਹੀ ਹਲਟ ਚਲਾਈ ਜਾਂਦਾ ਹੈ ਸਾਰਾ ਦਿਨ, ਥੱਕਦਾ ਨਹੀਂ ਹੈ। ਵੱਡੇ ਤੋਂ ਵੱਡਾ ਕੰਮ ਕਰ ਸਕਦਾ ਹੈ। ਜੇ ਦਿਮਾਗ ਨਹੀਂ ਹੈ, ਕਿਸੇ ਕੰਮ ਦਾ ਨਹੀਂ ਬੰਦਾ। ਨਿਕੰਮਾ ਬੰਦਾ ਹੈ, ਉਹ ਕੋਈ ਕੰਮ ਨਹੀਂ ਕਰ ਸਕਦਾ, ਨਾ ਉਹਨੂੰ ਮਾਂ ਪਿਆਰ ਕਰੇ, ਨਾ ਪਿਤਾ ਪਿਆਰ ਕਰੇ, ਨਾ ਭਰਾ ਪਿਆਰ ਕਰਨ। ਕਿਉਂਕਿ ਇਹਦਾ ਜਿਹੜਾ ਸਬੰਧ ਹੈ ਇਹ ਸਾਰਾ ਹੀ ਗਰਜ਼ ਦਾ ਸਬੰਧ ਹੈ। ਓਹੀ ਬੰਦਾ ਕਮਲਾ ਹੋ ਜਾਏ, ਉਹਨੂੰ ਕੋਈ ਰੱਖ ਨਹੀਂ ਸਕਦਾ ਘਰ, ਉਹਦੇ ਲਈ ਸੀਟਾਂ ਭਾਲਣਗੇ ਕਿ ਉਥੇ ਦਾਖਲ ਕਰਾ ਆਈਏ, ਪਾਗਲ ਖਾਨੇ। ਮਿਲਣ ਵੀ ਨਹੀਂ ਜਾਂਦਾ ਉਹਨੂੰ ਕੋਈ ਫੇਰ। ਕਿਉਂਕਿ ਉਹਨੂੰ ਪਤਾ ਹੀ ਨਹੀਂ ਕਿ ਇਹ ਕੌਣ ਨੇ, ਕਿੱਥੋਂ ਆਏ ਨੇ। ਸਬੰਧ ਟੁੱਟ ਜਾਂਦਾ ਹੈ। ਸੋ ਦੁਨੀਆਂ ਦਾ ਸਬੰਧ ਹੈ ਗਰਜ ਦਾ ਸਬੰਧ ਹੈ, ਇਸ ਤੋਂ ਅਗਾਹਾਂ ਹੈ ਨਹੀਂ। ਮਹਾਰਾਜ ਕਹਿੰਦੇ, ਇਹ ਤਾਂ ਐਵੇਂ ਹੀ ਹੈ। ਕੱਚਾ ਹੀ ਸਬੰਧ ਹੈ ਇਹ -

*ਬਿਰਖੈ ਹੇਠਿ ਸਭਿ ਜੰਤ ਇਕਠੇ ॥*
*ਇਕਿ ਤਤੇ ਇਕਿ ਬੋਲਨਿ ਮਿਠੇ ॥*
*ਅਸਤੁ ਉਦੋਤੁ ਭਇਆ ਉਠਿ ਚਲੇ*
*ਜਿਉ ਜਿਉ ਅਉਧ ਵਿਹਾਣੀਆ ॥* *ਅੰਗ- ੧੦੧੯*

ਦਰਖ਼ਤ ਦੇ ਟਾਹਣਿਆਂ 'ਤੇ ਆ ਕੇ ਪੰਛੀ ਰੂਪ ਪਰਿਵਾਰ ਬਹਿ ਗਿਆ। ਜਿਹਦੀ-ਜਿਹਦੀ ਵਾਰੀ ਆਈ ਜਾਂਦੀ ਹੈ, ਉਹ ਉਡੀ ਜਾਂਦਾ ਹੈ। ਉਡ ਕੇ ਨਾ ਕੋਈ ਕਿਸੇ ਨੂੰ ਮਿਲਦੈ, ਨਾ ਅਗਾਂਹਾਂ ਨੂੰ ਕਿਸੇ ਨੇ ਮਿਲਣੈ। ਜੇ ਭਲਾ ਪਰਮੇਸ਼ਰ ਨੇ ਕਦੇ ਕੋਈ ਭੇਦ ਨੰਗਾ ਵੀ ਰੱਖ ਲਿਆ, ਤਾਂ ਵੀ ਮਿਲਾਪ ਨਹੀਂ ਹੁੰਦਾ। ਉਹਦਾ ਅਨੰਦ ਨਹੀਂ ਆਉਂਦਾ, ਪਿਆਰ ਨਹੀਂ ਆਉਂਦਾ। ਕਿੰਨੀਆਂ ਮਿਸਾਲਾਂ ਨੇ। ਇਥੇ ਮੈਨੂੰ ਥੋੜ੍ਹੇ ਦਿਨ ਪਹਿਲਾਂ ਦਸਿਆ ਸੀ ਕਿ ਇਕ ਬੱਚਾ ਇੰਜਨੀਅਰ ਸੀ, ਉਹ ਚੜ੍ਹਾਈ ਕਰ ਗਿਆ। ਉਸ ਤੋਂ ਬਾਅਦ ਨੇੜੇ ਹੀ ਕਿਤੇ ਪੰਜ-ਸੱਤ ਮੀਲ 'ਤੇ ਜਾ ਕੇ ਜਨਮ ਲੈ ਲਿਆ। ਉਹਨੂੰ ਪੁਰਾਣੀ ਸੁਰਤੀ ਕਾਇਮ ਰਹਿ ਗਈ। ਪੰਜ ਸਾਲ ਦਾ ਹੀ ਦੱਸੀ ਜਾਇਆ ਕਰੇ ਕਿ ਸਾਡਾ ਪਿੰਡ ਤਾਂ ਫਲਾਣਾ ਹੈ, ਘਣੀਆਂ ਵਾਲਾ ਹੈ, ਇਹ ਪਿੰਡ ਮੇਰਾ ਨਹੀਂ, ਮੇਰੇ ਮਾਂ-ਬਾਪ ਤਾਂ ਹੋਰ ਨੇ। ਗਿਆਰ੍ਹਾਂ ਸਾਲ ਦਾ ਹੋ ਗਿਆ, ਸਕੂਲ 'ਚ ਪੜ੍ਹਦਾ ਹੈ, ਛੇਵੀਂ ਜਮਾਤ ਵਿਚ। ਟੂਰਨਾਮੈਂਟ ਵਾਸਤੇ ਛੋਟੇ ਸਕੂਲ ਦਾ ਮਾਸਟਰ ਨਾਲ ਲੈ ਗਿਆ ਟੀਮ। ਉਹ ਚਲੇ ਗਏ ਉਹਦੇ ਕੋਲ ਰੋਣੀ ਕੋਲ। ਉਹ ਕਹਿੰਦਾ, ਮੇਰਾ ਤਾਂ ਪਿੰਡ ਇਥੋਂ ਨੇੜੇ ਹੀ ਹੈ। ਜੇ ਮੈਨੂੰ ਕਹਿਣ ਤਾਂ ਮੈਂ ਨੱਠ ਕੇ ਜਾ ਆਉਂਦਾ ਹਾਂ, ਆਪਣੇ ਘਰ। ਮਾਸਟਰ ਨੇ ਵੀ ਸੁਣਿਆ, ਕੁਛ ਦਿਲਚਸਪੀ ਹੋ ਗਈ। ਮਾਂ-ਬਾਪ ਦਾ ਨਾਮ ਪੁੱਛਿਆ, ਉਹਨੇ ਇਕ ਮੁੰਡੇ ਕੋਲ ਚਿੱਠੀ ਲਿਖ ਕੇ ਭੇਜ ਦਿਤੀ ਕਿ ਆਹ ਸਾਡੇ ਕੋਲ ਇਕ ਲੜਕਾ ਹੈ, ਤੁਹਾਡਾ ਤਾਂ ਨਹੀਂ ਕਿਤੇ ਗੁਆਚਿਆ ਹੋਇਆ। ਇਹ ਫਲਾਣੇ ਥਾਂ ਦਾ ਹੈ। ਇਹਦੇ ਮਾਂ-ਬਾਪ ਸਾਡੇ ਕੋਲ ਜਿਹੜੇ ਰਿਕਾਰਡ 'ਚ ਲਿਖੇ ਹੋਏ ਨੇ ਉਹ ਇਹ ਹੈ ਤੇ ਤੁਸੀਂ ਦੇਖ ਲਓ ਆ ਕੇ ਜੇ ਤੁਹਾਡਾ ਹੋਵੇ। ਤਾਂ ਮਾਂ-ਪਿਓ ਤਾਂ ਘਰ ਨਹੀਂ ਸੀ, ਮਾਸੀ ਸੀਗੀ। ਨਾਲ ਲਗਦੇ ਪੜੌਸ ਦੇ ਵਿਚ ਘਰ ਸੀ ਉਹਦਾ। ਉਹ ਦੇਖਣ ਵਾਸਤੇ ਆ ਗਈ। ਕਹਿੰਦੀ, ਕੌਣ ਹੈ? ਕਹਿੰਦਾ, ਮਾਸੀ ਤੂੰ ਕਿਉਂ ਆਈ ਹੈ? ਬੀਬੀ ਤੇ ਪਾਪੂ ਨਹੀਂ ਆਇਆ? ਉਹ ਕਹਿੰਦੇ, ਉਹ ਗਏ ਹੋਏ ਨੇ, ਮਾਸਟਰ ਨੂੰ ਹੋਰ ਦਿਲਚਸਪੀ ਹੋ ਗਈ। ਬੱਚਿਆਂ ਸਮੇਤ, ਉਸ ਪਿੰਡ 'ਚ ਲੈ ਗਿਆ। ਨਹਿਰ ਦੇ ਕੰਢੇ 'ਤੇ ਪਿੰਡ ਹੈ, ਜਦੋਂ ਉਥੇ ਗਏ ਕਹਿੰਦੇ, ਲੈ ਬਈ ਹੁਣ ਤੂੰ ਆਪਣੇ ਘਰ ਚਲਿਆ ਜਾਏਂਗਾ? ਕਹਿੰਦਾ, ਮੇਰੇ ਪਿੱਛੇ-ਪਿੱਛੇ ਆ ਜਾਓ। ਇਥੇ ਤਾਂ ਮੈਂ ਖੇਲ੍ਹਦਾ ਰਿਹਾ ਹਾਂ। ਪੜ੍ਹਦਾ ਵੀ ਰਿਹਾ ਇਥੇ, ਮੈਨੂੰ ਸਾਰਾ ਹੀ ਪਤਾ ਹੈ, ਆ ਜਾਓ। ਪਿੰਡ ਦੀਆਂ ਗਲੀਆਂ 'ਚ ਵੜ ਕੇ ਕਹਿੰਦਾ, ਆਹ ਤਾਂ ਹੈਗਾ ਮਾਸੀ ਦਾ ਘਰ। ਸਾਡਾ ਘਰ ਔਹ ਹੈ, ਆਪਣੇ ਘਰ ਜਾ ਵੜਿਆ। ਗੱਲਾਂ-ਬਾਤਾਂ ਕੀਤੀਆਂ ਸਾਰੀਆਂ। ਉਹਨਾਂ ਨੂੰ ਵੀ ਨਿਹਚਾ ਹੋ ਗਿਆ, ਮਾਂ-ਬਾਪ ਨੂੰ ਪਛਾਣਿਆ। ਫੇਰ ਖੇਤਾਂ 'ਚ ਚਲਿਆ ਗਿਆ, ਉਥੇ ਟਿੱਬੇ ਲੱਗੇ ਹੋਏ ਸੀ। ਕਹਿੰਦਾ, ਉਹ ਟਿੱਬੇ ਕਿੱਧਰ ਗਏ? ਉਹ ਕਹਿੰਦੇ, ਉਹ ਤਾਂ ਅਸੀਂ ਕਰਾਹ ਲਏ ਸਾਰੇ, ਜਦੋਂ ਟਿਊਬਵੈਲ ਲਾਇਆ, ਉਦੋਂ ਕਰਾਹ ਦਿਤੇ। ਸਾਰੀਆਂ ਨਿਸ਼ਾਨੀਆਂ ਦਸ ਦਿਤੀਆਂ। ਹੁਣ ਸਰੀਰ ਬਦਲ ਗਿਆ ਪਰ ਆਤਮਾ ਓਹੀ ਹੈ। ਹੁਣ ਉਹਦੇ ਨਾਲ ਕਿਵੇਂ ਸਬੰਧ ਜੁੜ ਸਕਦਾ ਹੈ? ਕਿਵੇਂ ਪਿਆਰ ਆ ਸਕਦਾ ਹੈ? ਪਿਆਰ ਹੈ ਖ਼ੂਨ ਦਾ। ਆਤਮਾ ਨਾਲ ਕੋਈ ਨਹੀਂ ਪਿਆਰ ਕਰਦਾ। ਅਸਲੀ ਜਿਹੜਾ ਆਪਾ ਹੈ, ਇਹਦੇ ਨਾਲ ਕੋਈ ਨਹੀਂ ਪਿਆਰ ਕਰਦਾ। ਪਿਆਰ ਕਰਦਾ ਹੈ ਦੇਖੀ ਹੋਈ ਚੀਜ਼ ਨਾਲ, ਕੱਪੜੇ ਨਾਲ ਪਿਆਰ ਕਰੀ ਜਾਂਦਾ ਹੈ ਸੰਸਾਰ। ਅਸਲੀ ਚੀਜ਼ ਨਾਲ ਨਹੀਂ ਕਰਦਾ। ਸੋ ਇਹ ਭੁੱਲ ਹੋ ਜਾਂਦੀ ਹੈ। ਅਸਲੀਅਤ ਅੱਖਾਂ ਤੋਂ ਓਝਲ ਹੋ ਜਾਂਦੀ ਹੈ। ਉਸ ਨੂੰ ਅਸੀਂ ਪਿਆਰ ਨਹੀਂ ਕਰਦੇ। ਸੋ ਇਸ ਤਰ੍ਹਾਂ ਦੇ ਨਾਲ ਦੁਨੀਆਂ ਦਾ ਜੋ ਪਿਆਰ ਹੈ, ਉਹ ਗਰਜ਼ ਦਾ ਪਿਆਰ ਹੈ। ਜੇ ਤਾਂ ਗਰਜ਼ ਚਲਦੀ ਰਹੇ, ਫੇਰ ਤਾਂ ਪਿਆਰ। ਨਹੀਂ ਤਾਂ ਉਲਝਾਉਣ ਵਾਸਤੇ ਬਹੁਤ ਤਕੜੀ ਚੀਜ਼ ਹੈ ਇਹ। ਚੰਗੇ ਤੋਂ ਚੰਗੇ ਬੰਦੇ ਨੂੰ ਉਲਝਾ ਕੇ ਸੁੱਟ ਦਿੰਦੀ ਹੈ ਇਹ ਕਿਉਂਕਿ ਤੱਤ ਦੀ ਉਸ ਵਿਚ ਬਾਤ ਨਹੀਂ। ਸੋ ਇਸ ਸਰੀਰ ਦੇ ਵਿਚ ਮਨ ਹੈ, ਮਨ ਨਾਲ ਸਾਡਾ ਸਮਝੌਤਾ ਹੋਣਾ ਪੈਂਦੈ।

ਗੁਰੂ ਮਹਾਰਾਜ ਕਹਿਣ ਲੱਗੇ, ਕਿਉਂ ਪ੍ਰੇਮੀਓਂ! ਨਸ਼ਾ ਹੋਇਆ?

ਦਿਮਾਗ ਜੇ ਫੇਲ੍ਹ ਹੋ ਜਾਵੇ ਫੇਰ ਸੰਸਾਰ ਦਾ ਰਿਸ਼ਤਾ ਖਤਮ ਹੈ। ਦਿਮਾਗ ਨੂੰ ਚੱਕਰ ਦੇਣ ਵਾਲੀਆਂ ਚੀਜ਼ਾਂ ਗਰਮ ਤੇ ਖੁਸ਼ਕ ਹੋਇਆ ਕਰਦੀਆਂ ਨੇ। ਉਹ ਕਹਿੰਦੇ, ਮਹਾਰਾਜ! ਨਸ਼ਾ ਕਾਹਦਾ? ਤੁਸੀਂ ਤਾਂ ਇਹ ਕਿਹਾ ਸੀ ਕਿ ਇਕ ਘੁੱਟ ਨਾ ਅੰਦਰ ਜਾਵੇ। ਅਸੀਂ ਤੁਹਾਡਾ ਪੂਰਾ-ਪੂਰਾ ਹੁਕਮ ਮੰਨਿਐ। ਕੁਰਲੀਆਂ ਕਰੀਆਂ ਨੇ। ਇਕ ਕਤਰਾ ਵੀ ਅੰਦਰ ਨਹੀਂ ਜਾਣ ਦਿਤਾ।

ਦੂਜਿਆਂ ਨੂੰ ਪੁੱਛਿਆ ਕਿ ਤੁਹਾਨੂੰ ਭਾਈ?

ਉਹ ਕਹਿੰਦੇ, ਮਹਾਰਾਜ ਸਾਡਾ ਤਾਂ ਸਿਰ ਚੱਕਰ ਖਾ ਰਿਹੈ।

ਕਹਿੰਦੇ, ਕਿਉਂ ਪ੍ਰੇਮੀਓਂ! ਜਦੋਂ ਤਕ ਤੁਸੀਂ ਬਾਣੀ ਨੂੰ ਪੀਂਦੇ ਨਹੀਂ, ਜੀਰਣ ਨਹੀਂ ਕਰਦੇ, ਅੰਦਰ ਨਹੀਂ ਲੈ ਕੇ ਜਾਂਦੇ। ਜਿਵੇਂ ਜਾਨਵਰ ਉਗਾਲੀ ਕਰਿਆ ਕਰਦੇ ਨੇ, ਪਸ਼ੂ ਖਾ ਲੈਂਦੇ ਨੇ, ਵਿਹਲੇ ਬੈਠ ਕੇ ਉਗਾਲੀ ਕਰਦੇ ਨੇ। ਇਵੇਂ ਜਿਵੇਂ ਬਾਣੀ ਦਾ ਜੋ ਹੈ, ਗੁਰੂ ਸਾਹਿਬਾਨਾਂ ਦੇ ਬਚਨ, ਪਹਿਲਾਂ ਤਾਂ ਤੁਸੀਂ ਸੁਭਾਵਿਕ ਸੁਣ ਲੈਂਦੇ ਹੋਂ ਕੰਨਾਂ ਦੇ ਨਾਲ, ਗਾ ਲੈਂਦੇ ਹੋ ਰਸਨਾ ਦੇ ਨਾਲ। ਇਹ ਇਸ ਤਰ੍ਹਾਂ ਤਾਂ ਨਹੀਂ ਹਜ਼ਮ ਹੁੰਦੀ। ਇਹ ਤਾਂ ਦੁਬਾਰਾ ਬੈਠ ਕੇ ਅੰਤਰੰਗ ਸਤਿਸੰਗ ਕਰਿਆ ਕਰੋ। ਫੇਰ ਜਾ ਕੇ ਹੁੰਦਾ ਹੈ। ਹੁਣ ਤੁਸੀਂ ਬਹਿਰੰਗ ਸਤਿਸੰਗ ਕਰ ਰਹੇ ਹੋਂ। ਜਦੋਂ ਅੰਤਰੰਗ ਕਰੋਂਗੇ, ਉਸ ਵੇਲੇ ਬਾਣੀ ਦਾ ਅਸਰ ਹੋਏਗਾ। ਇਹਨਾਂ ਨੇ ਥੋੜ੍ਹਾ ਜਿਹਾ ਪੀਤਾ ਹੈ ਉਹਦਾ ਅਸਰ ਹੋ ਗਿਆ। ਇਸੇ ਤਰ੍ਹਾਂ ਨਾਲ ਬਾਣੀ ਥੋੜ੍ਹੀ ਪੜ੍ਹ ਲਓ, ਬਹੁਤੀ ਪੜ੍ਹ ਲਓ, ਜੇ ਮਨ ਇਕਾਗਰ ਨਹੀਂ ਹੈ, ਤਾਂ ਉਹ ਰਿਜ਼ਲਟ ਨਹੀਂ ਨਿਕਲਦਾ, ਜਿਸਦੇ ਵਾਸਤੇ ਅਸੀਂ ਅੰਮ੍ਰਿਤ ਵੇਲੇ ਉਠੇ, ਨਾਤ੍ਹੇ ਹਾਂ, ਜਾਗੇ ਹਾਂ। ਨੀਂਦ ਵੀ ਛੱਡੀ ਹੈ ਮੰਜਾ ਵੀ ਛੱਡਿਆ ਹੈ। ਇਹਦੇ ਨਾਲੋਂ ਤਾਂ ਸੁੱਤਾ ਹੀ ਪਿਆ ਰਹਿੰਦਾ, ਬਹੁਤ ਵਧੀਆ ਸੀ। ਜਾਗ ਕੇ ਵੀ ਜੇ ਨਾ ਜਾਗਿਆ, ਜਾਗ ਕੇ ਵੀ ਜੇ ਸੁੱਤਾ ਪਿਆ ਰਿਹਾ, ਫੇਰ ਕੀ ਫਾਇਦਾ ਹੋਇਆ? ਜੇ ਸਰੀਰ ਜਾਗਿਆ ਹੈ ਤਾਂ ਮਨ ਨੂੰ ਵੀ ਨਾਲ ਜਗਾ ਲੈ। ਮਨ ਏਧਰ ਉਧਰ ਦੌੜਦਾ ਹੈ, ਛਲਾਂਗਾ ਮਾਰਦਾ ਹੈ। ਮੈਨੂੰ ਬਹੁਤ ਪ੍ਰੇਮੀ ਦਸਦੇ ਨੇ ਕਿ ਜੀ, ਪਾਠ ਕਰਨ ਬੈਠਦੇ ਹਾਂ, ਮਨ ਤਾਂ ਪਤਾ ਹੀ ਨਹੀਂ ਲਗਦਾ, ਕਿੱਧਰ ਨੱਠ ਜਾਂਦਾ ਹੈ। ਮੈਂ ਕਿਹਾ, ਨਾ ਕਰਿਆ ਕਰ, ਤੈਨੂੰ ਕਿਸੇ ਨੇ ਕਿਹਾ ਹੈ ਕਿ ਪਾਠ ਕਰ। ਜੇ ਕਰਨਾ ਹੈ ਤਾਂ ਸਾਵਧਾਨ ਹੋ ਕੇ ਕਰ ਕਿਉਂਕਿ ਮਹਾਰਾਜ ਦਾ ਫੁਰਮਾਨ ਐਸਾ ਹੀ ਹੈ -

*ਧਾਰਨਾ - ਜਸ ਕਰੋ ਵਾਹਿਗੁਰੂ ਦਾ,*
*ਪਿਆਰਿਓ, ਚਿੱਤ ਨੂੰ ਇਕਾਗਰ ਕਰਕੇ।*

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥* *ਅੰਗ- ੨੯੫*

ਚਿੱਤ ਦੀ ਇਕਾਗਰਤਾ ਜੇ ਨਹੀਂ ਬਣਦੀ ਮਹਾਰਾਜ ਕਹਿੰਦੇ, ਫੇਰ ਅਧੂਰਾ ਰਹਿ ਜਾਂਦਾ ਹੈ ਕੰਮ। ਚਿੱਤ ਦੀ ਇਕਾਗਰਤਾ ਜ਼ਰੂਰੀ ਹੁੰਦੀ ਹੈ। ਚਿੱਤ ਹੈ ਸਾਡਾ ਇਕ ਭਾਂਡਾ, ਇਹ ਇਕ ਨਲਕੇ ਦੇ ਥੱਲੇ ਰੱਖ ਦਿਤਾ, ਇਹਦਾ ਮੂੰਹ ਬੋਤਲ ਜਿੰਨਾਂ ਹੈ। ਜੇ ਬੋਤਲ ਹਿੱਲੀ ਜਾਵੇ, ਪੁੱਠੀ ਰੱਖ ਦਿਤੀ ਜਾਵੇ, ਟੇਢੀ ਰਖ ਦਿਤੀ ਜਾਵੇ, ਫੇਰ ਪਾਣੀ ਕਿਵੇਂ ਪੈ ਜਾਏਗਾ ਉਹਦੇ ਵਿਚ। ਉਹ ਵੀ ਜੇ ਹਿਲਦੀ ਰਹੇ ਬਹੁਤ ਤੇਜ਼ੀ ਨਾਲ, ਫੇਰ ਵੀ ਨਹੀਂ ਪੈਂਦਾ, ਐਵੇਂ ਇਕ ਅੱਧੀ ਘੁੱਟ ਚਲੀ ਜਾਵੇ ਤਾਂ ਚਲੀ ਜਾਵੇ, ਇਸੇ ਤਰ੍ਹਾਂ ਜਦੋਂ ਅਸੀਂ ਬਾਣੀ ਦਾ ਪਾਠ ਕਰਦੇ ਹਾਂ, ਸਾਡਾ ਚਿੱਤ ਇਕਾਗਰ ਹੋਣਾ ਚਾਹੀਦਾ ਹੈ। ਚਿੱਤ ਇਕਾਗਰ ਤਾਂ ਹੁੰਦਾ ਹੈ ਜੇ ਸਾਡਾ ਮਨ ਨਾਲ ਸਮਝੌਤਾ ਹੋਵੇ। ਜੇ ਮਨ ਨਾਲ ਸਮਝੌਤਾ ਨਹੀਂ ਤਾਂ ਤਰੱਕੀ ਇਥੇ ਹੀ ਰੁਕ ਜਾਂਦੀ ਹੈ। ਇਸ ਮਨ ਦੇ ਦੋ ਰੁਖ ਨੇ ਇਕ ਬਾਹਰ ਨੂੰ ਦੌੜਦਾ ਹੈ, ਇਕ ਅੰਦਰ ਨੂੰ। ਜੇ ਤਾਂ ਅੰਦਰ ਵਾਲੀ ਇਹਨੂੰ ਆਦਤ ਪੈ ਜਾਵੇ ਫੇਰ ਤਾਂ ਇਹਦੀ ਬਹੁਤ ਛੇਤੀ ਤਰੱਕੀ ਹੋ ਜਾਂਦੀ ਹੈ। ਜੇ ਬਾਹਰ ਦੀ ਬਾਹਰ ਰਹਿੰਦਾ ਹੈ, ਪੜ੍ਹੀ ਜਾ ਬਾਣੀ, ਸੇਵਾ ਕਰ ਲੈ, ਤੀਰਥ ਯਾਤਰਾ ਕਰ ਲੈ, ਦਾਨ ਕਰ ਲੈ, ਪੁੰਨ ਕਰ ਲੈ। ਇਹਨਾਂ ਦੇ ਫਲ ਤਾਂ ਮਿਲ ਜਾਣਗੇ, ਪਰ ਰੂਹਾਨੀ ਮੰਜ਼ਿਲ ਦੀ ਤਰੱਕੀ ਨਹੀਂ ਹੋਣੀ। ਉਥੇ ਦਾ ਉਥੇ ਹੀ ਖੜ੍ਹਾ ਰਹਿਣੈ ਕਿਉਂਕਿ ਤੈਨੂੰ ਆਪਣੇ ਆਪ ਨੂੰ ਚੈੱਕ ਕਰਨ ਦਾ ਸਮਾਂ ਨਹੀਂ ਕਿ ਮੇਰੇ 'ਚ ਕਿੰਨਾ ਕ੍ਰੋਧ ਹੈ, ਮੇਰੇ 'ਚ ਕਿੰਨਾ ਲੋਭ ਹੈ, ਮੇਰੇ 'ਚ ਕਿੰਨਾ ਅਭਿਮਾਨ ਹੈ, ਜਿਹੜੇ ਬੰਦੇ ਆਪਣੇ ਆਪ ਦੀ ਆਪ ਚੈਕਿੰਗ ਕਰਦੇ ਨੇ, ਉਹਨਾਂ ਦੀਆਂ ਬੁਰਿਆਈਆਂ ਦੂਰ ਹੋ ਜਾਇਆ ਕਰਦੀਆਂ ਨੇ। ਜਿਹੜਾ ਕਹਿੰਦਾ ਹੈ ਕਿ ਮੈਂ ਤਾਂ ਸਭ ਕੁਛ ਜਾਣਦਾ ਹਾਂ, ਉਹਦੇ ਵਿਚ ਕੁਝ ਨਹੀਂ ਹੋਇਆ ਕਰਦਾ -

*ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥*
*ਅੰਗ- ੪੭੪*

ਜੇ ਭਾਂਡਾ ਖਾਲੀ ਹੋਵੇ ਤਾਂ ਉਹਦੇ ਵਿਚ ਕੁਝ ਪਿਆ ਕਰਦੈ। ਜਿਹੜਾ ਪਹਿਲਾਂ ਹੀ ਕੂੜ-ਕਬਾੜ ਨਾਲ ਭਰਿਆ ਪਿਆ ਹੈ ਉਥੇ ਕੀ ਅਸੀਂ ਆਸ ਰਖਦੇ ਹਾਂ ਕਿ ਪੈ ਜਾਏਗਾ। ਸੋ ਇਸ ਕਰਕੇ ਮਹਾਰਾਜ ਕਹਿੰਦੇ ਪਹਿਲਾਂ ਤੂੰ ਮਨ ਨਾਲ ਸਮਝੌਤਾ ਕਰ ਕਿ ਮੈਂ ਕਾਹਦੇ ਵਾਸਤੇ ਪਾਠ ਕਰਦਾ ਹਾਂ। ਕਾਹਦੇ ਵਾਸਤੇ ਮੈਂ ਅੰਮ੍ਰਿਤ ਵੇਲੇ ਉਠਦਾ ਹਾਂ। ਜਦੋਂ ਤਕ ਤੂੰ ਇਹ ਗੱਲ ਨਹੀਂ ਸਮਝਦਾ ਤਾਂ ਫੇਰ ਉਠਣਾ, ਨਾਹੁੰਣਾ ਜਿਹੜਾ ਹੈ ਓਡਾ ਫਲ ਨਹੀਂ ਦੇਣਾ ਇਹਨੇ। ਥੋੜ੍ਹਾ ਰਹਿ ਜਾਏਗਾ। ਸੋ ਮਹਾਰਾਜ ਕਹਿੰਦੇ, ਪ੍ਰੇਮੀਓ! **ਬਾਣੀ ਤੁਸੀਂ ਸਮਝ ਕੇ**

**ਪੜ੍ਹਿਆ ਕਰੋ।**

ਕਹਿੰਦੇ, ਮਹਾਰਾਜ! ਮਨ ਨਹੀਂ ਟਿਕਦਾ, ਕਰੀਏ ਕੀ? ਆਪ ਕ੍ਰਿਪਾ ਕਰਕੇ ਦੱਸੋ ਕਿ **ਮਨ ਕਿਵੇਂ ਟਿਕੇ?**

ਮਹਾਰਾਜ ਕਹਿੰਦੇ, ਦੇਖੋ ਜਿਹੜਾ ਪਹਿਲਾਂ-ਪਹਿਲਾਂ ਪੜ੍ਹਨ ਵਾਲਾ ਬੰਦਾ ਹੈ ਉਹ ਗੁਟਕੇ ਤੋਂ ਦੇਖ ਕੇ ਬਾਣੀ ਪੜ੍ਹੇ, ਜਿਹੜੀਆਂ ਲਗਾਂ ਮਾਤਰਾਂ ਲੱਗੀਆਂ ਹੋਈਆਂ ਨੇ ਉਹਦੇ 'ਚ ਧਿਆਨ ਰੱਖੋ। ਕੋਈ ਗੱਲ ਨਹੀਂ, ਜੇ ਨਹੀਂ ਸਮਝ ਵਿਚ ਆਉਂਦੀ, ਨਾ ਸਹੀ। ਐਨਾ ਹੀ ਦੇਖੀ ਜਾਓ। ਜਿਵੇਂ 'ਨਾਮੁ' ਲਿਖਿਆ ਹੋਇਐ, ਮ ਨੂੰ ਔਂਕੜ ਲੱਗਿਆ ਹੋਇਐ। 'ਪੁਰਖੁ' ਲਿਖਿਆ ਹੋਇਐ, ਪ ਨੂੰ ਵੀ ਔਂਕੜ ਹੈ, ਖ ਨੂੰ ਔਂਕੜ ਲੱਗਿਆ ਹੋਇਐ। ਇਸ ਤਰ੍ਹਾਂ ਦੇਖਦੇ ਜਾਓ। ਨਤੀਜਾ ਇਹ ਹੋਏਗਾ ਕਿ ਮਨ ਨੂੰ ਠਹਿਰਨ ਦੀ ਜਾਚ ਪੈ ਜਾਏਗੀ। ਇਕ ਕਸਰਤ ਕਰ ਲਏਗਾ। ਪਹਿਲੀ ਕਸਰਤ ਹੋ ਜਾਏਗੀ। ਫੇਰ ਇਹਨੂੰ ਦੂਸਰ ਸਬਕ ਦੇਣ ਲਈ ਤਿਆਰ ਕਰੋ। ਉਹ ਇਹ ਹੁੰਦੈ ਕਿ ਉਹਦੇ ਅਰਥ ਸਮਝਣ ਦਾ ਯਤਨ ਕਰੋ। 'ਸੁਖਮਨੀ ਸਾਹਿਬ' ਹੈ, ਬੜੀ ਸੁਖਾਲੀ ਬਾਣੀ ਹੈ। ਜਿੰਨੇ ਅਰਥ ਸਮਝ ਆਉਂਦੇ ਨੇ ਠੀਕ ਹੈ, ਜਿਥੇ ਨਹੀਂ ਆਉਂਦੇ ਉਹ ਸਾਡੀ ਬੇਬਸੀ ਹੈ, ਕਿਉਂਕਿ ਸਾਡੀ ਅਵਸਥਾ ਤੋਂ ਉਪਰਲੀ ਬਾਤ ਹੈ। ਹਾਲੇ ਸਾਡੀ ਸਮਝ ਵਿਚ ਆਉਣ ਵਾਲੀ ਨਹੀਂ ਹੈ।

ਤੀਸਰੀ ਅਵਸਥਾ ਇਹ ਹੁੰਦੀ ਹੈ ਕਿ ਬਾਣੀ ਨੂੰ ਭਾਵ ਵੀ ਲੈਅ ਹੋ ਕੇ ਪੜ੍ਹੋ। ਜਿਹੋ ਜਿਹਾ ਸ਼ਬਦ, ਉਹੋ ਜਿਹਾ ਭਾਵ ਬਣਾ ਕੇ ਬਾਣੀ ਪੜ੍ਹੋ। ਕਹਿੰਦੇ, ਜਦੋਂ ਤੁਸੀਂ ਇਸ ਤਰ੍ਹਾਂ ਕਰੋਂਗੇ, ਫੇਰ ਤੁਹਾਡੇ ਮਨ ਨੂੰ ਰਸ ਆਏਗਾ। ਰਸ ਆਏਗਾ ਤਾਂ ਇਹ ਵੀ ਚਾਹੇਗਾ ਕਿ ਹੋਰ ਤਰੱਕੀ ਕਰੀਏ। ਸੋ ਇਸ ਵਾਸਤੇ ਰੂਹਾਨੀ ਰਸਤੇ 'ਤੇ ਚੱਲਣ ਵਾਸਤੇ ਸਾਰਿਆਂ ਤੋਂ ਪਹਿਲਾਂ ਜ਼ਰੂਰੀ ਹੈ ਕਿ ਅਸੀਂ ਚਿੱਤ ਦੀ ਇਕਾਗਰਤਾ ਦਾ ਸਾਧਨ ਸਿੱਖ ਲਈਏ ਕਿ ਕਿਵੇਂ ਚਿੱਤ ਇਕਾਗਰ ਕਰਨੈ। ਕਰਮ ਦੇ ਨਾਲ ਤਾਂ ਹੁੰਦੀ ਹੈ ਮੈਲ ਖਤਮ, ਉਪਾਸ਼ਨਾ ਨਾਲ ਹੁੰਦੈ ਚਿੱਤ ਇਕਾਗਰ। ਉਪਾਸ਼ਨਾ ਦੇ ਹੁੰਦੇ ਨੇ ਤਰੀਕੇ। ਇਕ ਤਰੀਕਾ ਨਹੀਂ ਹੈ, ਬਹੁਤ ਤਰੀਕੇ ਨੇ ਉਪਾਸ਼ਨਾ ਦੇ, ਜਿਹਦੇ ਨਾਲ ਚਿੱਤ ਇਕਾਗਰ ਹੁੰਦੈ। ਮਿਹਨਤ ਕਰਨੀ ਪੈਂਦੀ ਹੈ। ਪਰ ਜੋ ਦ੍ਰਿੜ੍ਹ ਪੁਰਸ਼ ਹੈ ਉਹਦਾ ਚਿੱਤ ਇਕਾਗਰ ਹੋ ਜਾਂਦੈ। ਜੇ 12 ਸੈਕਿੰਟ ਚਿੱਤ ਇਕਾਗਰ ਹੋ ਜਾਵੇ ਤਾਂ ਉਹਨੂੰ ਇਕ ਧਾਰਨਾ ਕਹਿੰਦੇ ਨੇ। 12 ਧਾਰਨਾ ਯਾਨਿ ਢਾਈ ਮਿੰਟ ਜੇ ਚਿੱਤ ਇਕਾਗਰ ਹੋ ਜਾਵੇ ਉਹਨੂੰ ਇਕ ਧਿਆਨ ਕਹਿੰਦੇ ਹਨ। ਜੇ 30 ਮਿੰਟ ਚਿੱਤ ਨੇ ਕੋਈ ਫੁਰਨਾ ਨਹੀਂ ਕਰਿਆ ਤਾਂ ਉਹਨੂੰ ਸਮਾਧੀ ਕਹਿੰਦੇ ਨੇ। 30 ਮਿੰਟ ਤੋਂ ਲੈ ਕੇ ਜਦੋਂ ਤਿੰਨ ਘੰਟੇ ਇਕਾਗਰਤਾ ਚਲੀ ਜਾਂਦੀ ਹੈ, ਉਸ ਵੇਲੇ ਇਹਨੂੰ ਪੂਰਨ ਸਮਾਧੀ ਕਹਿੰਦੇ ਨੇ। ਸਮਾਧੀ ਲਗ ਜਾਇਆ ਕਰਦੀ ਹੈ, ਫੇਰ ਵਧਦੀ ਤਾਂ ਹੁੰਦੀ ਹੈ, ਘਟਦੀ ਨਹੀਂ ਹੁੰਦੀ। ਇਸ ਕਰਕੇ ਸਾਰਿਆਂ ਨਾਲੋਂ ਪਹਿਲਾਂ ਆਪਣੇ ਆਪ ਨੂੰ ਚੈੱਕ ਕਰੋ। ਕਿੰਨਾ ਕੁਝ ਹੈ ਸਾਡੇ ਅੰਦਰ। ਅੱਖਾਂ ਬਾਹਰ ਨੂੰ ਦੇਖਦੀਆਂ ਨੇ। ਕੰਨ ਬਾਹਰ ਨੂੰ ਸੁਣਦੇ ਨੇ। ਰਸਨਾ ਖੱਟੇ ਮਿੱਠੇ ਸਵਾਦ ਪਰਖਣਾ ਚਾਹੁੰਦੀ ਹੈ। ਨਾਸਿਕਾ ਸੁਗੰਧੀਆਂ, ਦੁਰਗੰਧੀਆਂ ਦੀ ਪਰਖ ਵਿਚ ਹੈ। ਸਪਰਸ਼ ਵਾਲੇ ਇੰਦਰੇ ਸਪਰਸ਼ ਦੇ ਰਸ ਵਿਚ ਨੇ। ਇਹ ਬਾਹਰ ਨੂੰ ਦੌੜਦੇ ਨੇ, ਝਟਕਾ ਦਿੰਦੇ ਨੇ ਬੰਦੇ ਨੂੰ, ਵੱਡੇ-ਵੱਡੇ ਝਟਕੇ ਮਾਰਦੇ ਨੇ। ਅੰਦਰ ਵੜਨ ਤੋਂ ਰੋਕਦੇ ਨੇ -

*ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।*

*ਭਾਈ ਗੁਰਦਾਸ ਜੀ*

ਕੀ ਰੱਜ ਆਉਂਦੈ ਅੱਖਾਂ ਨਾਲ ਦੇਖ ਕੇ? ਕਦੇ ਵੀ ਨਹੀਂ ਆਉਂਦਾ। ਕੰਨਾਂ ਨਾਲ ਗਾਉਣੇ, ਹਾਸੇ, ਰੋਣੇ ਸੁਣ ਕੇ ਕਦੇ ਵੀ ਆਦਮੀ ਰੱਜਿਆ ਨਹੀਂ ਕਰਦਾ। ਸੁਗੰਧੀ ਨਾਲ ਕਦੇ ਨੱਕ ਨਹੀਂ ਰੱਜਦਾ। ਖਾ ਪੀ ਕੇ ਰਸਾਂ-ਕਸਾਂ ਨਾਲ ਕਦੇ ਜ਼ੁਬਾਨ ਨਹੀਂ ਰੱਜਦੀ। ਸਗੋਂ ਇਹ ਅੱਗ ਜ਼ਿਆਦਾ ਭੜਕਦੀ ਹੈ। ਸੋ ਇਸ ਕਰਕੇ ਸਾਰਿਆਂ ਨਾਲੋਂ ਪਹਿਲਾਂ ਮਨ ਨਾਲ ਸਮਝੌਤਾ ਕਰੋ ਕਿ ਭਜਨ ਕਿਉਂ ਕਰਨ ਲੱਗਿਆ ਹਾਂ। ਬੈਠ ਕੇ ਸੋਚੋ, ਅੰਤਰੰਗ ਵਿਚਾਰ ਕਰੋ ਕਿ ਆਹ ਬਚਨ ਉਹਨਾਂ ਨੇ ਕਿਹਾ ਹੈ, ਇਹ ਠੀਕ ਹੈ ਜਾਂ ਗਲਤ ਹੈ। ਜਦੋਂ ਇਸ ਤਰ੍ਹਾਂ ਦੇ ਨਾਲ ਅਸੀਂ ਧਾਰਨ ਕਰਾਂਗੇ, ਉਸ ਵੇਲੇ ਸਾਡਾ ਜਿਹੜਾ ਮਨ ਹੈ, ਉਹ ਸਿਖਿਆ ਵਿਚ ਜਿਵੇਂ ਨਵਾਂ ਘੋੜਾ ਹੋਇਆ ਕਰਦੈ, ਉਹ trained ਹੋਣਾ ਸ਼ੁਰੂ ਹੋ ਜਾਇਆ ਕਰਦੈ। ਇਸ ਤਰ੍ਹਾਂ ਮਨ ਸਿੱਖਿਅਤ (trained) ਹੋਣਾ ਸ਼ੁਰੂ ਹੋ ਜਾਇਆ ਕਰਦੈ। ਜਿਸਦੇ ਬਾਰੇ ਬਾਰ-ਬਾਰ ਬਾਣੀ ਅੰਦਰ ਤਾਕੀਦ ਆਉਂਦੀ ਹੈ-

*ਧਾਰਨਾ - ਸਾਧ ਪਿਆਰਿਆ, ਪਹਿਲਾ ਮਨ ਆਪਣਾ ਤੂੰ।*

*ਸੀਤਲਾ ਤੇ ਰਖਿਆ ਬਿਹਾਰੀ ॥*
*ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥*

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* *ਅੰਗ- ੩੪੨*

ਸਾਰਾ ਹੀ ਕੰਮ ਮਨ ਨਾਲ ਹੈ ਸਾਡਾ। ਜੇ ਸਾਧ ਲਈਏ ਇਹਨੂੰ ਤਾਂ ਸਿੱਧੀ ਹੋ ਜਾਏਗੀ। ਅਨੁਕੂਲ ਨਤੀਜਾ ਨਿਕਲ ਆਏਗਾ। ਮਨ ਹੀ ਦੁਸ਼ਮਣ ਹੈ, ਮਨ ਹੀ ਮਿੱਤਰ ਹੈ। ਜੇ ਮਿਲ ਜਾਵੇ ਤਾਂ ਇਹਦੇ ਵਰਗਾ ਸੰਸਾਰ 'ਤੇ ਕੋਈ ਮਿੱਤਰ ਨਹੀਂ ਹੈ। ਇਹੀ ਹੈ ਸੰਸਾਰ 'ਤੇ ਭਟਕਣ ਲਾਉਣ ਵਾਲਾ, ਇਹੀ ਹੈ ਸ਼ਾਂਤੀ ਦੇਣ ਵਾਲਾ। ਇਹਦੇ ਨਾਲ ਜਦੋਂ ਤਕ ਸਮਝੌਤਾ ਨਹੀਂ ਹੁੰਦਾ। ਗੱਲ ਅੱਗੇ ਬਣਦੀ ਨਹੀਂ ਹੈ। ਸੋ ਇਹਦੇ ਨਾਲ ਸਮਝੌਤੇ ਵਾਸਤੇ ਯਤਨ ਹੋਇਆ ਕਰਦੇ ਨੇ। ਜੇ ਯਤਨ ਕਰ ਲਓ, ਫੇਰ ਪੂਰਾ-ਪੂਰਾ ਨਤੀਜਾ ਨਿਕਲ ਆਉਂਦੈ। ਪਹਿਲਾਂ ਤਾਂ ਕਰਮ ਹੁੰਦੈ। ਬਾਣੀ ਪੜ੍ਹਨੀ, ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ, ਫੇਰ ਸਿਮਰਨ ਕਰਨਾ ਢਾਈ ਘੰਟੇ। ਫੇਰ ਉਸ ਤੋਂ ਬਾਅਦ ਬਾਣੀ ਪੜ੍ਹਨੀ -

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਅੰਗ - ੩੦੫*

ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ ਹਰੀ ਦਾ ਜਸ ਸਰਵਣ ਕਰਨਾ। ਇਹ ਪਹਿਲਾ ਸਾਧਨ ਹੈ। ਦੂਸਰਾ ਹੋਇਆ ਕਰਦੈ ਕਿ ਮਨ ਦੀ ਪਛਾਣ (conception) ਕਰਨੀ ਪੈਂਦੀ ਹੈ। ਮਦਦ ਲੈਣੀ ਪੈਂਦੀ ਹੈ, ਮਾਨਸਿਕ ਸ਼ਕਤੀ ਦੀ। ਉਹ ਮਾਨਸਿਕ ਸ਼ਕਤੀ ਇਹ ਹੈ ਕਿ ਕਿਸੇ ਸਾਕਾਰ ਵਸਤੂ ਦਾ ਧਿਆਨ ਧਰਨਾ ਪੈਂਦਾ ਹੈ। ਉਹਦੇ ਉਤੇ ਕੇਂਦਰਤ ਕਰਨਾ ਪੈਂਦਾ ਹੈ। ਇਹ ਜਿਹੜੇ ਮਿਸਮਰੇਜ਼ਮ ਵਾਲੇ ਨੇ ਇਹ ਇਕ ਗੋਲ ਨੁਕਤੇ ਦੇ ਉਤੇ ਮਨ ਨੂੰ ਟਿਕਾਉਂਦੇ ਨੇ ਤੇ ਇਹਨਾਂ ਦੀ ਪ੍ਰਾਪਤੀ ਕੀ ਹੁੰਦੀ ਹੈ ਕਿ ਇਹਨਾਂ 'ਚ ਸ਼ਕਤੀਆਂ ਆ ਜਾਂਦੀਆਂ ਨੇ। ਪ੍ਰੇਰਨਾ ਸ਼ਕਤੀ ਆ ਜਾਂਦੀ ਹੈ, ਜਿਹਨੂੰ ਬੁਲਾਉਂਦੇ ਨੇ ਉਹ ਆ ਕੇ ਹਾਜ਼ਰ ਹੋ ਜਾਂਦਾ ਹੈ। ਨਾਮ ਦਸ ਦਿੰਦੇ ਨੇ, ਬੀਮਾਰੀਆਂ ਦਸ ਦਿੰਦੇ ਨੇ। ਪਹਿਲੇ ਜ਼ਮਾਨਿਆਂ 'ਚ ਇਕ ਹਾਸਪੀਟਲ ਹੁੰਦਾ ਸੀ, ਜਿਥੇ ਮਿਸਮਰੇਜ਼ਮ ਨਾਲ ਇਲਾਜ ਕਰਦੇ ਸੀ ਤੇ ਉਥੇ ਉਹਨੂੰ ਕਹਿਣਾ ਕਿ ਤੂੰ ਰਾਜ਼ੀ ਹੈਂ, ਤੂੰ ਰਾਜ਼ੀ ਹੈਂ, ਬਾਰ-ਬਾਰ ਕਹੀ ਜਾਣਾ। ਉਹਨੇ ਕਹਿਣਾ ਕਿ ਹਾਂ ਮੈਂ ਰਾਜ਼ੀ ਹਾਂ। ਤੇਰਾ ਆਪਰੇਸ਼ਨ ਨਹੀਂ ਅਸੀਂ ਕਰ ਰਹੇ, ਤੈਨੂੰ ਦਰਦ ਨਹੀਂ ਹੋ ਰਿਹਾ। ਉਹਨੇ ਕਹਿਣਾ, ਹਾਂ ਨਹੀਂ ਹੋ ਰਿਹਾ। ਉਸ ਨੂੰ ਹਿਪਨੋਟਾਈਜ਼ ਕਰ ਦੇਣਾ। ਉਹਦੇ ਨਾਲ ਆਪਰੇਸ਼ਨ ਕਰੀ ਜਾਣਾ। ਟੀਕੇ ਨਹੀਂ ਸੀ ਲਾਇਆ ਕਰਦੇ। ਹਾਸਪੀਟਲ ਵਿਚ ਅੰਗਰੇਜ਼ਾਂ ਨੇ ਇਹ ਚੀਜ਼ ਚਲਾਈ ਸੀ। ਉਹਨਾਂ ਨੂੰ ਪਤਾ ਸੀ ਕਿ ਮਾਨਸਿਕ ਸ਼ਕਤੀ ਜੇ ਕੇਂਦਰਤ ਹੋ ਜਾਵੇ ਤਾਂ ਵੱਡੇ ਤੋਂ ਵੱਡੇ ਦੁਖ ਨੂੰ ਸੁਖ ਬਣਾ ਲੈਂਦੀ ਹੈ। ਜੇ ਮਾਨਸਿਕ ਸ਼ਕਤੀ ਕੇਂਦਰਤ ਨਾ ਹੋਵੇ, ਇਕੱਠੀ ਨਾ ਹੋਵੇ ਤਾਂ ਛੋਟੇ ਤੋਂ ਛੋਟਾ ਕੰਮ ਨਹੀਂ ਬਣਿਆ ਕਰਦਾ। ਸੋ ਇਸ ਤਰ੍ਹਾਂ ਮਨ ਦੀ ਸੂਝ (conception) ਦੇ ਨਾਲ ਸਭ ਤੋਂ ਪਿਆਰੀ ਜੋ ਵਸਤੂ ਹੈ ਉਹਦੇ 'ਤੇ ਮਨ ਨੂੰ ਲਾਉਣਾ ਪੈਂਦੈ। ਹੁਣ ਇਹਦੇ ਵਿਚ ਪਿਆਰੀਆਂ ਬੜੀਆਂ ਚੀਜ਼ਾਂ ਨੇ, ਕੋਠੀ ਵੀ ਪਿਆਰੀ ਹੈ, ਕਈਆਂ ਨੂੰ ਮੱਝਾਂ ਬੜੀਆਂ ਪਿਆਰੀਆਂ ਨੇ। ਸਾਰੇ ਅਜ਼ਮਾਏ ਹੋਏ ਨੁਸਖੇ ਨੇ।

ਇਕ ਮਹਾਤਮਾ ਇਕ ਜਗਿਆਸੂ ਨੂੰ ਕਹਿ ਰਹੇ ਸੀ ਕਿ ਤੂੰ ਧਿਆਨ ਕਰਿਆ ਕਰ। ਬਥੇਰਾ ਧਿਆਨ ਧਰਾਇਆ, ਉਹਦਾ ਧਿਆਨ ਟਿਕੇ ਹੀ ਨਾ। ਕਹਿੰਦਾ, ਮਹਾਰਾਜ ਮੇਰੇ ਮਨ 'ਚ ਤਾਂ ਆਉਂਦਾ ਨਹੀਂ। ਕਹਿੰਦੇ, ਤੇਰੇ ਮਨ ਵਿਚ ਕੀ ਆਉਂਦੈ? ਕਹਿੰਦਾ, ਮੇਰੇ ਮਨ ਵਿਚ ਮੇਰੀ ਮੱਝ ਆਉਂਦੀ ਹੈ। ਕਹਿੰਦੇ, ਚੰਗਾ, ਛੇ ਮਹੀਨੇ ਬਿਠਾਲ ਦਿਤਾ, ਭੌਰੇ 'ਚ। ਉਹ ਮੱਝ ਦਾ ਧਿਆਨ ਧਰੀ ਜਾਂਦੈ। ਮਹਾਤਮਾ ਨੇ ਦੇਖਿਆ ਕਿ ਇਹਦਾ ਧਿਆਨ ਪੂਰਾ ਹੋਇਆ ਕਿ ਨਹੀਂ। ਮੱਝ ਦਾ ਹੀ ਰੂਪ ਬਣ ਗਿਆ ਉਹਦੇ ਮਨ ਦੇ ਅੰਦਰ। ਉਹ ਕਹਿੰਦੇ, ਬਾਹਰ ਆ ਜਾ। ਉਹਨਾਂ ਨੇ ਦਰਵਾਜ਼ਾ ਤਾਂ ਖੋਲ੍ਹਿਆ ਨਾ, ਕਹਿੰਦੇ, ਖਿੜਕੀ ਥਾਈਂ ਆ ਜਾ। ਬਾਹਰ ਨਾ ਨਿਕਲੇ। ਕਹਿੰਦੇ, ਤੂੰ ਬਾਹਰ ਨਹੀਂ ਨਿਕਲਦਾ? ਕਹਿੰਦਾ, ਮਹਾਰਾਜ! ਮੇਰੇ ਸਿੰਗ ਵੱਡੇ-ਵੱਡੇ ਨੇ, ਫਸਦੇ ਨੇ ਖਿੜਕੀ 'ਚ। ਕਿਉਂਕਿ ਉਹਨੂੰ ਅਧਿਆਸ ਪੱਕ ਗਿਆ ਮੱਝ ਦਾ। ਆਪਣਾ ਸਰੀਰ ਗਾਇਬ ਹੋ ਗਿਆ। ਸੋ ਮੱਝ ਨਾਲੋਂ ਤਾਂ ਚੰਗਾ ਗੁਰੂ ਦਾ ਸਰੂਪ ਹੈ। ਉਸ ਦਾ ਜਦੋਂ ਅਸੀਂ ਧਿਆਨ ਧਰਦੇ ਹਾਂ, ਧਰਦੇ-ਧਰਦੇ ਇਕ ਤ੍ਰਿਕੁਟੀ ਹੁੰਦੀ ਹੈ, ਧਿਆਤਾ, ਧਿਆਨ, ਧੇਅ ਦੀ। ਉਹਦੇ ਵਿਚੋਂ ਪਹਿਲਾਂ ਤਾਂ ਆਪਣਾ ਆਪਾ ਖਤਮ ਹੁੰਦੈ। ਫੇਰ ਉਹ ਧਿਆਨ ਦੇ ਵਿਚ ਪ੍ਰਕਾਸ਼ ਆਉਂਦੈ। ਪ੍ਰਕਾਸ਼ ਹੋ ਕੇ ਇਹ ਕਿਰਿਆ ਖਤਮ ਹੋ ਜਾਂਦੀ ਹੈ ਕਿ ਮੈਂ ਧਿਆਨ ਧਰਦਾ ਹਾਂ, ਕੇਵਲ ਧੇਅ ਸਾਮ੍ਹਣੇ ਰਹਿ ਜਾਂਦਾ ਹੈ, ਤ੍ਰਿਕੁਟੀ ਟੁੱਟ ਜਾਂਦੀ ਹੈ। ਸੋ ਉਹਦੇ

ਨਾਲ ਜਦੋਂ ਕੇਵਲ ਧੇਅ ਰਹਿ ਗਿਆ, ਤਾਂ ਉਹਦੇ ਵਿਚ ਪ੍ਰਕਾਸ਼ ਆ ਜਾਂਦਾ ਹੈ। ਉਥੇ ਆ ਕੇ ਉਹਦਾ ਮਨ ਇਕਾਗਰ ਹੋ ਜਾਂਦੈ। ਦੂਸਰਾ ਤਰੀਕਾ ਇਹ ਕਰਦੇ ਨੇ। ਬਹੁਤਿਆਂ ਦੇ ਮਨਾਂ ਵਿਚ ਸ਼ੰਕਾ ਹੁੰਦਾ ਹੈ ਕਿ ਜੇ ਗੁਰੂ ਦਾ ਧਿਆਨ ਧਰਿਆ ਤਾਂ ਇਹ ਤਾਂ ਸੋਭਾ ਸਿੰਘ ਦੀ ਬਣਾਈ ਹੋਈ ਤਸਵੀਰ ਹੈ, ਗੁਰੂ ਸਾਹਿਬ ਕਿਤੇ ਇਹੋ ਜਿਹੇ ਸੀਗੇ? ਜੇ ਸੱਚਮੁੱਚ ਵੀ ਕਿਸੇ ਮੁਸੱਬਰ ਨੇ ਖਿੱਚੀ ਹੋਵੇ, ਤਾਂ ਉਹਨਾਂ ਦਾ ਆ ਜਾਂਦੈ ਕਿ ਜੀ ਤਸਵੀਰ ਦਾ ਕਿਉਂ ਧਿਆਨ ਧਰੀਏ। ਸ਼ੰਕਾ ਮਨ ਵਿਚ ਆਉਣ ਕਰਕੇ ਉਹ ਫੇਲ੍ਹ ਹੋ ਜਾਂਦੇ ਨੇ। ਉਹਨਾਂ ਨੂੰ ਫੇਰ ਸੰਤ ਦਸਦੇ ਨਹੀਂ, ਉਹ ਕਹਿੰਦੇ ਨੇ ਕਿ ਇਹਦੀ ਬਿਰਤੀ ਜਿਹੜੀ ਹੈ ਤਰਕ ਵਾਲੀ ਹੈ, ਇਹਨੂੰ ਇਹ ਗੱਲ ਨਾ ਦਸੋ। ਉਹਨੂੰ ਫੇਰ ਕਹਿੰਦੇ ਨੇ ਕਿ ਤੂੰ ਨਾਮ ਦੀ ਧੁਨ ਬਣਾ ਲੈ –

*ਧੁਨਿ ਮਹਿ ਧਿਆਨੁ*
*ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥*
*ਅੰਗ- ੮੭੯*

ਤੇਰੇ ਅੰਦਰ ਜਿਹੜੀ ਧੁਨ ਹੈ, ਉਹਦੇ ਨਾਲ ਤਾਂ ਤੂੰ ਰਲੇਂਗਾ ਜੇ ਤੂੰ ਵੀ ਧੁਨ ਬਣਾ ਲਵੇਂ। ਧੁਨ ਫੇਰ ਸ਼ਬਦ ਦੀ ਹੁੰਦੀ ਹੈ, ਹੋਰ ਕਾਸੇ ਦੀ ਤਾਂ ਹੁੰਦੀ ਨਹੀਂ ਤੇ ਇਹਦੇ ਵਿਚੋਂ ਕੁਛ ਆਦਿ ਧੁਨਾਂ ਨੇ, ਉਹਦੇ ਉਤੇ ਤਾਂ ਇਹਦਾ ਨਿਹਚਾ ਨਹੀਂ ਬਣਦਾ। ਜੇ ਕਹੋ ਕਿ ਤੂੰ ਓਅੰਕਾਰ ਦੀ ਧੁਨ ਬਣਾ ਲੈ। ਉਹ ਕਹੇਗਾ ਮੇਰਾ ਮੰਤਰ ਤਾਂ ਵਾਹਿਗੁਰੂ ਹੈ। ਮੇਰਾ ਗੁਰਮੰਤ੍ਰ ਤਾਂ ਅੱਲਾਹ ਹੈ। ਮੇਰਾ ਤਾਂ ਓਮ ਹੈ, ਜਾਂ ਕੋਈ ਹੋਰ ਨਾਮ ਰੱਖਿਆ ਹੋਇਆ ਹੈ। ਪੰਜ ਨਾਮ ਨੇ, ਧੁਨ ਕਿਵੇਂ ਬਣ ਜਾਊ ਉਹਨਾਂ ਦੀ। ਉਹ ਧੁਨ ਤੁਹਾਡੇ ਅੰਦਰ ਲਗਾਤਾਰ ਚਲਦੀ ਹੈ। ਕੋਈ ਵੀ ਨਾਮ ਲੈ ਲਓ, ਜਿਹੜਾ ਉਸ ਧੁਨ ਦੇ ਨਾਲ ਰਲ ਜਾਵੇ, ਉਹ ਤਾਂ ਲੈ ਜਾਂਦਾ ਹੈ ਅਗਾਂਹਾ। ਜਿਹੜਾ ਟੱਕਰ ਜਿਹੀ ਖਾਈ ਜਾਵੇ, ਉਹ ਫੇਰ ਰਲਦਾ ਨਹੀਂ ਹੈ। ਇਸ ਕਰਕੇ ਫੇਰ ਉਹ ਧਿਆਨ ਪੂਰਾ ਨਹੀਂ ਹੁੰਦਾ। ਸੋ ਪੂਰਾ ਧਿਆਨ ਉਦੋਂ ਹੁੰਦੈ ਜਦੋਂ ਧੁਨ ਦੇ ਵਿਚ ਧਿਆਨ ਆ ਜਾਵੇ। ਬਿਰਤੀ ਇਕਾਗਰ ਹੋ ਜਾਂਦੀ ਹੈ। ਸੂਖਸ਼ਮ ਹੋ ਜਾਂਦੀ ਹੈ, ਫੇਰ ਨਿਰੀ ਧੁਨ ਚਲਦੀ ਹੈ ਤੇ ਨਾਲ ਮੰਤਰ ਦੀ ਧੁਨ ਜਾਂਦੀ ਹੈ, ਜਿਵੇਂ ਰਾਗੀ ਗਾਉਂਦੇ ਨੇ, ਵਾਜੇ ਵਜਦੇ ਨੇ, ਨਾਲ ਸ਼ਬਦ ਵੀ ਗਾਈ ਜਾਂਦੇ ਨੇ ਉਹੀ ਜਿਹੀ ਸੁਰ ਬਣਾ ਕੇ। ਸੋ ਉਹਦੇ ਵਿਚ ਜਾ ਕੇ ਮਨ ਪਰਪੱਕ ਹੋ ਜਾਂਦਾ ਹੈ। ਇਹਦੇ ਨਾਲ ਮਨ ਦੀ ਵਿਖਸ਼ੇਪਤਾ ਹਟ ਜਾਂਦੀ ਹੈ। ਫੇਰ ਮਨ ਟਿਕਿਆ ਕਰਦਾ ਹੈ। ਸੋ ਕਹਿੰਦੇ, ਇਥੇ ਤਕ ਤੂੰ ਪਹੁੰਚ।

ਹੁਣ ਅਗਲੀ ਅਵਸਥਾ ਆ ਜਾਂਦੀ ਹੈ। ਇਹਦੇ ਵਿਚ ਕਿਹੜੀਆਂ-ਕਿਹੜੀਆਂ ਚੀਜ਼ਾਂ ਸਹਾਇਕ ਨੇ, ਆਪਾਂ ਬਹੁਤ ਵਾਰੀ ਉਸ ਬਾਰੇ ਬਚਨ ਕਰ ਚੁੱਕੇ ਹਾਂ। ਬਈ ਜਿੰਨਾਂ ਚਿਰ ਇਹ ਚੀਜ਼ਾਂ ਇਹਦੇ ਅੰਦਰ ਨਹੀਂ ਆਉਂਦੀਆਂ, ਓਨੀਂ ਦੇਰ ਤਕ ਇਹ ਗੱਲ ਬਣਨੀ ਨਹੀਂ ਹੈ। ਕਲਪਨਾ ਬਣੀ ਰਹਿਣੀ ਹੈ ਜ਼ਬਰਦਸਤ। ਧਿਆਨ ਵਿਚ ਨਹੀਂ ਲਗ ਸਕਦਾ। ਬਾਹਰੋਂ ਅਵਾਜ਼ਾਂ ਆਈ ਜਾਣੀਆਂ ਨੇ ਕਿਉਂਕਿ ਹਾਲੇ ਕੰਨਾਂ 'ਤੇ ਪਹਿਰਾ ਨਹੀਂ ਲਾਇਆ। ਨੇਤਰਾਂ ਦੇ ਨਾਲ ਕੁਛ ਦੇਖੀ ਜਾਣਾ, ਬੈਠਾ ਸਤਿਸੰਗ 'ਚ ਹੈ, ਦੇਖਦੈ ਮੱਥਾ ਟੇਕਣ ਵਾਲਿਆਂ ਨੂੰ। ਬਿਰਤੀ ਕਿਵੇਂ ਇਕਾਗਰ ਹੋ ਜਾਏਗੀ, ਉਹ ਤਾਂ ਉਹਨਾਂ ਦੇ ਕੱਪੜੇ ਲੀੜੇ ਦੇਖਦੈ। ਬਿਰਤੀ ਤਾਂ ਇਕਾਗਰ ਹੁੰਦੀ ਹੈ ਜੇ ਗੁਰੂ ਦੇ ਨੇਤਰਾਂ ਦੇ, ਗੁਰੂ ਸਰੂਪ ਦੇ ਦਰਸ਼ਨ ਕਰੇ, ਕੰਨਾਂ ਦੇ ਨਾਲ ਬਾਣੀ ਸੁਣੇ। ਮਨ ਦੇ ਨਾਲ ਉਸ ਚੀਜ਼ ਨੂੰ ਫੜੇ ਤੇ ਬੁੱਧੀ ਦੇ ਨਾਲ ਵਿਚਾਰ ਕਰੇ ਤੇ ਹਿਰਦੇ ਵਿਚ ਧਾਰਨ ਕਰੇ। ਫੇਰ ਕਿਤੇ ਜਾ ਕੇ ਕਿਤੇ ਅਸਰ ਹੋਇਆ ਕਰਦੈ। ਸੋ ਇਸ ਤਰ੍ਹਾਂ ਦੇ ਨਾਲ ਚਿੱਤ ਦੀ ਇਕਾਗਰਤਾ ਬਹੁਤ ਵੱਡੀ ਚੀਜ਼ ਹੈ। ਜਦੋਂ ਚਿੱਤ ਇਕਾਗਰ ਹੋ ਗਿਆ –

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥* *ਅੰਗ – ੨੯੫*

ਫੇਰ ਇਸ ਤੋਂ ਅੱਗੇ ਇਹ ਅਸਲੀ ਚੀਜ਼ ਵਲ ਪੈਂਦੈ, ਇਥੇ ਤਕ ਤਾਂ ਹੈਗੀ ਤਿਆਰੀ ਸਾਧਸੰਗਤ ਜੀ। ਤਿਆਰੀ ਕਰਨੀ ਹੈ, ਜਿਵੇਂ ਆਪਾਂ ਪਾਣੀ ਲੈ ਕੇ ਜਾਣਾ ਹੈ, ਪਹਿਲਾਂ ਖਾਲ੍ਹਾ ਪੁੱਟਿਆ, ਜਿਥੇ ਉੱਚਾ ਹੈ ਉਥੇ ਮਿੱਟੀ ਪਾ ਕੇ ਬੰਨ੍ਹਿਆ, ਫੇਰ ਕਿਆਰੇ ਬਣਾਏ, ਫੇਰ ਸਾਰੀ ਤਿਆਰੀ ਕਰ ਲਈ ਕਿ ਪਾਣੀ ਲੈ ਕੇ ਆਉਣਾ ਹੈ। ਫੇਰ ਪਾਣੀ ਮੋਘੇ 'ਚੋਂ ਕੱਢ ਲਿਆ, ਫੇਰ ਉਹਦੇ ਨਾਲ-ਨਾਲ ਚੱਲਣੈ ਕਿ ਕਿਤੇ ਤੋੜ ਹੀ ਨਾ ਦੇਵੇ, ਕਿਤੇ ਕੀੜੀਆਂ ਨੇ ਗਲੀਆਂ ਕੱਢੀਆਂ ਹੋਣ। ਫੇਰ ਉਹ ਪਾਣੀ ਦੇ ਨਾਲ-ਨਾਲ ਜਿਥੇ ਵੱਟ ਕਮਜ਼ੋਰ ਹੈ, ਉਥੇ ਨਾਲ-ਨਾਲ ਕਹੀ ਮਾਰਦੈ ਕਿ ਇਥੇ ਪਾਣੀ ਦਾ ਖਤਰੈ, ਉਥੇ ਦੋ ਚੇਪੇ ਭਰ ਕੇ ਸੁੱਟ ਦਿੰਦੈ। ਉਹ ਸਾਵਧਾਨਤਾ ਦੇ ਨਾਲ ਪਾਣੀ ਕਿਆਰੇ 'ਚ ਲੈ ਕੇ ਜਾਂਦਾ ਹੈ। ਕਿਆਰੇ ਦੇ ਵਿਚ ਪਹੁੰਚਣ ਤਕ ਇਸ ਤਰ੍ਹਾਂ ਸਮਝ ਲਓ

ਪਾਣੀ ਵੀ ਹੈਗਾ, ਪਰ ਤਿਆਰੀ ਹੈ ਨਹੀਂ। ਉਥੇ ਜਾ ਕੇ ਦ੍ਰਿਸ਼ਟੀ ਬਦਲਦੀ ਹੈ ਕਿ ਗੁਰਬਾਣੀ ਉਥੇ ਜਾ ਕੇ ਸਮਝ 'ਚ ਆਉਂਦੀ ਹੈ, ਨਹੀਂ ਤਾਂ ਪਹਿਲਾਂ ਨਹੀਂ ਆਉਂਦੀ। ਪਹਿਲਾਂ ਉਤੋਂ-ਉਤੋਂ ਪੜ੍ਹਦੈ। ਉਸ ਅਵਸਥਾ ਨੂੰ ਵਿਵੇਕ ਮੰਡਲ ਦੀ ਬਿਰਤੀ ਕਹਿੰਦੇ ਨੇ। ਵਿਵੇਕ ਦੇ ਵਿਚ ਦਾਖਲ ਹੋ ਜਾਂਦੈ, ਫੇਰ ਇਹਨੂੰ ਕੁਦਰਤੀ ਹੀ ਗਿਆਨ ਹੋ ਜਾਂਦੈ ਆਪਣੇ ਆਪ ਦਾ ਕਿ ਮੈਂ ਆਤਮਾ ਹਾਂ। ਮੈਂ ਸਰੀਰ ਨਹੀਂ ਹਾਂ, ਸਰੀਰ ਤਾਂ ਵਾਧੂ ਚੀਜ਼ ਹੈ ਜਿਵੇਂ ਕੱਪੜੇ ਨੇ ਮੇਰੇ, ਇਸ ਤਰ੍ਹਾਂ ਨਾਲ ਮਿੱਟੀ ਦਾ ਇਕ ਮਕਾਨ ਜਿਹਾ ਬਣਾਇਆ ਹੋਇਐ ਜਿਹਦੇ ਵਿਚ ਦੀ ਮੈਂ ਦੇਖਦਾ ਹਾਂ, ਜਿਹਦੇ ਵਿਚ ਬੈਠ ਕੇ ਸੁਣਦਾ ਹਾਂ, ਜਿਹਦੇ ਵਿਚ ਬੈਠ ਕੇ ਬੋਲਦਾ ਹਾਂ, ਜਿਹਦੇ ਵਿਚ ਬੈਠ ਕੇ ਸਵਾਦ ਲੈਂਦਾ ਹਾਂ। ਵੈਸੇ ਉਹਨੂੰ ਲੋੜ ਨਹੀਂ ਹੈ। ਜਿਹੜਾ ਉਹਦਾ ਪਰਛਾਵਾਂ ਪੈਂਦਾ ਹੈ ਸਰੀਰ ਦੇ ਅੰਦਰ ਉਹਨੂੰ ਲੋੜ ਹੈ ਕਿਉਂਕਿ ਉਹ ਪਦਾਰਥ ਦੇ ਨਾਲ ਰਲਿਆ ਹੋਇਐ–

*ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥*
*ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥*
*ਅੰਗ – ੧੩੭੫*

ਬੇਅੰਤ ਸਿਆਣੇ ਥੱਕ ਗਏ, ਅੱਡ ਨਹੀਂ ਕੀਤੀ ਜਾਂਦੀ ਇਹ ਬੂੰਦ, ਤੇ ਆਪਣੇ ਸਰੂਪ ਨੂੰ ਪਛਾਣ, ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਪਛਾਣ ਪਿਆਰਿਆ! ਆਪਣੇ ਆਤਮ ਸਰੂਪ ਨੂੰ।*

ਮਹਾਰਾਜ ਕਹਿੰਦੇ, ਪਛਾਣ ਤੂੰ ਕੌਣ ਹੈਂ? –

*ਇਆ ਮੰਦਰ ਮਹਿ ਕੌਨ ਬਸਾਈ ॥*
*ਤਾ ਕਾ ਅੰਤੁ ਨ ਕੋਊ ਪਾਈ ॥ ਅੰਗ– ੮੭੧*

ਉਹਦੇ ਬਾਰੇ ਨਿਸ਼ਾਨੀਆਂ ਦਸ ਦਿੰਦੇ ਹਾਂ ਕਿ ਉਹਦਾ ਅੰਤ ਨਹੀਂ ਪਾਇਆ ਜਾ ਸਕਦਾ, ਜਿਹੜਾ ਇਸ ਦੇਹੀ 'ਚ ਵਸਦੈ। ਪਛਾਣ ਲੈ, ਕੌਣ ਹੈ? ਨਹੀਂ ਪਤਾ ਲਗਦਾ, ਮਹਾਰਾਜ ਤੋਂ ਫੇਰ ਸੁਣ ਲੈ –

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ– ੪੪੧*

ਤੂੰ ਜੋਤੀ ਦਾ ਸਰੂਪ ਹੈਂ ਆਹ ਜੜ੍ਹ ਦੇਹ ਨਹੀਂ ਹੈਗਾ। ਸਾਨੂੰ ਤਾਂ ਪਤਾ ਹੀ ਨਹੀਂ ਲਗਦਾ, ਅਸੀਂ ਤਾਂ ਇਥੇ ਹੀ ਖੁਸ਼ ਹਾਂ ਕਿ ਜੇ ਅਸੀਂ ਆਤਮਾ ਬਣ ਗਏ, ਸਾਡੇ ਬੱਚਿਆਂ ਦਾ ਕੀ ਬਣੇਗਾ। ਸਾਡੇ ਕਾਰੋਬਾਰ ਦਾ ਕੀ ਬਣੇਗਾ? ਮੈਂ ਤਾਂ ਕਹਿੰਦਾ ਹਾਂ ਕਿ ਮੈਂ ਸਾਰਿਆਂ ਨਾਲੋਂ ਵੱਡਾ ਹੋਣਾ ਹੈ, ਫੇਰ ਤਾਂ ਗੱਲ ਫਜ਼ੂਲ ਹੀ ਹੋ ਗਈ ਮੇਰੀ ਸਾਰੀ। ਕੁਝ ਸ਼ੰਕੇ ਨੇ। ਹਨ੍ਹੇਰੇ ਵਿਚ ਟੱਕਰਾਂ ਮਾਰਦੇ ਹਾਂ ਅਸੀਂ, ਅੰਧਕਾਰ ਦੇ ਅੰਦਰ। ਮਹਾਰਾਜ ਕਹਿੰਦੇ –

*ਅੰਧਕਾਰ ਸੁਖਿ ਕਬਹਿ ਨ ਸੋਈ ਹੈ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ॥ ਅੰਗ– ੩੨੫*

ਦੋਵੇਂ ਰੋਂਦੇ ਨੇ ਹਨ੍ਹੇਰੇ ਵਿਚ। ਰਾਜਾ ਵੀ ਰੋਂਦਾ ਹੈ ਤੇ ਰੰਕ ਵੀ ਰੋਂਦੈ ਕਿਉਂਕਿ ਮਨ 'ਚ ਹਨ੍ਹੇਰਾ ਪਿਆ ਹੋਇਐ। ਇਹ ਹਨ੍ਹੇਰਾ ਦੂਰ ਨਹੀਂ ਹੁੰਦਾ –

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*
*ਅੰਗ– ੪੬੩*

ਮਾੜਾ ਮੋਟਾ ਨਹੀਂ ਹੈ ਘੋਰ ਅੰਧੇਰਾ ਪਿਆ ਹੋਇਆ ਹੈ ਹਰ ਬੰਦੇ ਦੇ ਅੰਦਰ। ਹਨ੍ਹੇਰੇ 'ਚ ਹੀ ਰਹਿਣੈ ਭਾਈ? ਪਸੰਦ ਆਉਂਦੈ ਹਨ੍ਹੇਰਾ? ਹਨ੍ਹੇਰੇ 'ਚ ਬਹੁਤ ਡਰਾਵਣੀਆਂ ਚੀਜ਼ਾਂ ਵੀ ਦਿਸੀ ਜਾਂਦੀਆਂ ਨੇ, ਆਪਣੇ ਹੀ ਪਰਛਾਵੇਂ ਤੋਂ ਡਰੀ ਜਾਂਦੈ। ਹਨ੍ਹੇਰੇ 'ਚ ਦਿਸਦੇ ਨੇ ਨਰਕ, ਹਨ੍ਹੇਰੇ 'ਚ ਦਿਸਦੇ ਨੇ ਸਵਰਗ। ਹਨ੍ਹੇਰੇ ਵਿਚ ਹੀ ਆਪਣੇ ਦਿਸਦੇ ਨੇ, ਹਨ੍ਹੇਰੇ ਵਿਚ ਬੇਗਾਨੇ ਦਿਸਦੇ ਨੇ। ਜਦੋਂ ਚਾਨਣਾ ਹੋ ਗਿਆ, ਫੇਰ ਨਜ਼ਰ ਹੀ ਨਹੀਂ ਆਉਂਦਾ, ਫੇਰ ਸਾਰੀਆਂ ਚੀਜ਼ਾਂ ਰੱਬ ਦਿਸਣ ਲਗ ਜਾਂਦੀਆਂ ਨੇ। ਕੋਈ ਬੇਗਾਨਾ ਰਹਿੰਦਾ ਹੀ ਨਹੀਂ ਹੈ –

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ਅੰਗ– ੨੭੨*

ਪਰਮ ਸ਼ਾਂਤ ਪ੍ਰਾਪਤ ਕਰ ਲੈਂਦੇ ਨੇ। ਉੱਚੀ ਤੋਂ ਉੱਚੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਹਨ੍ਹੇਰੇ ਵਿਚ ਅਸੀਂ ਕਿੰਨੇ ਦੁਖੀ ਹੁੰਦੇ ਹਾਂ। ਰੋਈ ਜਾਂਦੇ ਹਾਂ। ਕੋਈ ਕਹਿੰਦਾ ਹੈ, ਜੀ ਮੈਨੂੰ ਕਿੰਨਾ ਘਾਟਾ ਪੈ ਗਿਆ। ਕੋਈ ਕਹਿੰਦਾ ਹੈ ਜੀ ਮੇਰਾ ਮੁੰਡਾ ਨਹੀਂ ਆਖੇ ਲਗਦਾ। ਬੀਬੀ ਕਹਿੰਦੀ ਹੈ ਜੀ, ਮੇਰਾ ਪਤੀ ਨਹੀਂ ਆਖੇ ਲਗਦਾ। ਕਹਿੰਦੇ, ਸਾਡੇ ਲੜਕਾ ਨਹੀਂ ਹੋਇਆ, ਸਾਡੇ ਕਾਰੋਬਾਰ ਨਹੀਂ ਚਲਦਾ। ਹਨ੍ਹੇਰੇ ਦੀਆਂ ਟੱਕਰਾਂ ਨੇ ਆਪਣੇ ਆਪ ਨੂੰ ਪਛਾਣੋ। ਜਦੋਂ ਪਛਾਣ ਲਿਆ, ਪੱਕੀ ਪਛਾਣ ਆ ਗਈ ਫੇਰ ਕੀ ਹੁੰਦੈ? ਰੂਹਾਨੀ ਸ਼ਕਤੀਆਂ ਹਰਕਤ 'ਚ ਆ ਜਾਂਦੀਆਂ ਨੇ। ਹਰਕਤ 'ਚ ਆ ਕੇ ਫੇਰ –

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*

*ਜਿਨ ਹਰਿ ਕਾ ਨਾਮੁ ਪਿਆਰਾ ॥* *ਅੰਗ- ੬੩੮*

ਇਹਨੂੰ ਹੀ ਨਾਮ ਕਹਿੰਦੇ ਨੇ, ਜਦੋਂ ਇਹ ਬੁੱਧੀ ਪਰਪੱਕ ਹੋ ਜਾਂਦੀ ਹੈ, ਦੇਹ ਅਧਿਆਸ ਟੁੱਟ ਜਾਂਦਾ ਹੈ ਤੇ ਹਰ ਵਕਤ ਆਤਮ ਸਰੂਪ ਦੇ ਵਿਚ ਅਸਥਿਤੀ ਹੋ ਜਾਂਦੀ ਹੈ। ਉਹਨੂੰ ਕਹਿੰਦੇ ਨੇ, ਨਾਮ ਪ੍ਰਾਪਤ ਹੋਗਿਆ, ਹਿਰਦੇ ਵਿਚ ਵਸ ਗਿਆ। ਫੇਰ ਕੀ ਹੁੰਦੈ?-

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥* *ਅੰਗ- ੬੪੯*

ਮਾਇਆ ਤਾਂ ਦਾਸੀ ਹੋ ਕੇ ਸੇਵਾ ਕਰਦੀ ਫਿਰਦੀ ਹੈ। ਉਹ ਕਹਿੰਦੀ ਮੇਰੇ ਤੋਂ ਸੇਵਾ ਲੈ ਲਓ ਮਹਾਂਪੁਰਸ਼ੋ। ਆਹ ਪਾਪੀ ਲੋਕ ਮੈਨੂੰ ਮਾੜੇ ਕੰਮਾਂ ਦੇ ਵਿਚ ਅਪਵਿੱਤਰ ਕਰ ਰਹੇ ਨੇ। ਮੇਰਾ ਬੁਰਾ ਹਾਲ ਕਰ ਰਹੇ ਨੇ। ਸੋ ਇਸ ਤਰ੍ਹਾਂ ਦੇ ਨਾਲ ਕੰਮ ਤਾਂ ਪ੍ਰਮੇਸ਼ਰ ਆਪ ਹੀ ਕਰਦਾ ਹੈ, ਉਹਨਾਂ ਦੇ -

*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥*
*ਅੰਗ- ੧੩੮੨*

ਇਕ ਦੋ ਚਾਰ ਨਹੀਂ, ਸਾਰਾ ਸੰਸਾਰ ਤੇਰਾ ਹੋ ਜਾਏਗਾ। ਤੈਨੂੰ ਅਜੇ ਸੋਚਣ ਦੀ ਵਿਹਲ ਨਹੀਂ ਹੈ, ਤੇਰਾ ਕਾਰੋਬਾਰ ਪਹਿਲਾਂ ਹੀ ਹੋ ਜਾਣੈ। ਕਿਉਂਕਿ ਤੂੰ ਆਪਣਾ ਸਰੂਪ ਪਛਾਣ ਲਿਆ। ਘਟ-ਘਟ ਵਿਚ ਤੂੰਹ ਹੀ ਵਿਆਪਕ ਹੈਂ -

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਪਰਿ ਗਈ ਭੂਮਿ ਬਿਕਾਰ ॥*
*ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ ॥*
*ਅੰਗ- ੧੩੭੫*

ਹੁਣ ਭੂਮ ਹੀ ਮੰਨੀ ਜਾਂਦੈ। ਕਿਹੜੀ ਚੀਜ਼ ਨੂੰ ਮੰਨੀ ਜਾਂਦਾ ਹੈ, ਵਿਚਾਰ ਕੇ ਦੇਖ ਲੈ। ਇਥੇ ਮਿੱਟੀ ਗੁੰਨੀ ਪਈ ਹੋਵੇ, ਉਹਦੇ ਵਿਚ ਆਹ ਸੀਮਿੰਟ ਰਲਾਉਂਦੇ ਨੇ, ਵਿਚੇ ਹੀ ਵਾਟਰ ਪਰੂਫ ਦਾ ਮਸਾਲਾ ਲਾ ਦਿੰਦੇ ਨੇ। ਵਿਚੇ ਕਹਿੰਦੇ ਨੇ ਇਹਦੇ ਵਿਚ ਚਿਪਸ ਵਾਲਾ ਰੰਗ ਪਾਉਣਾ ਹੈ। ਵਿਚੇ ਚਿਪਸ ਰਲਾ ਦਿਤਾ, ਵਿਚੇ ਚਿੱਟਾ ਸੀਮਿੰਟ ਰਲਾ ਦਿਤਾ। ਉਹਦੇ ਨਾਲ ਟਾਇਲ ਬਣਾ ਦਿਤੀ। ਹੁਣ ਟਾਇਲ ਦੇ ਵਿਚ ਕੀ ਹੈ? ਅੱਡੋ-ਅੱਡ ਦੇਖ ਲਓ ਕਿ ਥੋੜ੍ਹੀ ਦੇਰ ਪਹਿਲਾਂ ਇਹ ਸਭ ਕੁਛ ਅੱਡ-ਅੱਡ ਸੀ। ਫਰਮੇ 'ਚ ਇਕੱਠਾ ਕਰਕੇ ਪਾ ਦਿਤਾ ਤੇ ਟਾਇਲ ਬਣਾ ਦਿਤੀ। ਇਵੇਂ ਜਿਵੇਂ ਸਾਡਾ ਸਰੀਰ ਬਣਨ ਤੋਂ ਪਹਿਲਾਂ ਮਿੱਟੀ ਵੀ ਇੱਥੇ ਹੀ ਸੀਗੀ, ਪਾਣੀ ਵੀ ਇਥੇ ਸੀ, ਹਵਾ ਵੀ ਇਥੇ ਸੀ, ਅੱਗ ਵੀ ਇਥੇ ਸੀ, ਅਕਾਸ਼ ਵੀ ਇਥੇ ਸੀ, ਇਹ ਕਿਤੋਂ ਆਉਂਦੇ ਜਾਂਦੇ ਤਾਂ ਹੈ ਨਹੀਂ। ਇਹ ਤਾਂ ਇਥੇ ਭਰੇ ਪਏ ਨੇ। ਜਿਉਂ-ਜਿਉਂ ਸਾਡੇ ਸਰੀਰ ਨੂੰ ਇਹ ਲਗਦੀ ਗਈ, ਉਦੋਂ ਸਾਡੇ ਸਰੀਰ ਦਾ ਢਾਂਚਾ ਜਿਹਾ ਬਣਦਾ ਗਿਆ। ਪਹਿਲਾਂ ਤਾਂ ਹੈ ਨਹੀਂ ਢਾਂਚਾ ਇਹ। ਅਮਰੀਕਾ ਵਿਚ ਮੈਂ ਦੇਖਿਆ ਸੀ। 4000 ਗੁਣਾਂ ਬੀਜ ਵੱਡਾ ਕਰਕੇ ਦਿਖਾਇਆ। ਮਾੜਾ ਜਿੰਨਾਂ ਸੀ ਵਾਲ ਜਿੰਨਾ ਕੁ। ਮਹਾਰਾਜ ਕਹਿੰਦੇ, ਇਹੋ ਜਿਹੀ ਚੀਜ਼ ਤੋਂ ਬਣਿਆ ਹੋਇਆ ਹੈਂ ਤੂੰ। ਉਹਦੇ ਵਿਚ ਵੀ ਤੂੰ ਸੀਗਾ, ਨਹੀਂ ਤਾਂ ਉਹ ਮਰੀ ਹੋਈ ਹੁੰਦੀ। ਫੇਰ ਪਹਿਚਾਣ ਉਸ ਤੋਂ ਅਗਾਹਾਂ ਕਿ ਤੂੰ ਕੀ ਹੈਂ? ਇਥੇ ਕਿਉਂ ਰੁਕਦਾ ਹੈਂ ਆ ਕੇ। ਨਾ ਤੇਰੀ ਜਦ ਅੱਖ ਸੀ, ਨਾ ਕੰਨ ਸੀ, ਨਾ ਨੱਕ ਸੀ, ਨਾ ਰੀੜ੍ਹ ਦੀ ਹੱਡੀ ਸੀ, ਨਾ ਕੋਈ ਦਿਮਾਗ ਸੀ, ਕੇਵਲ ਇਕ ਨੁਕਤਾ ਜਿਹਾ ਸੀਗਾ। ਉਹ ਵੀ ਜੇ 4000 ਗੁਣਾਂ ਵੱਡਾ ਕਰਿਆ ਜਾਵੇ ਤਾਂ ਅੱਖ ਨਾਲ ਦਿਸਦਾ ਸੀ, ਐਨਾ ਛੋਟਾ ਸੀ -

*ਇਸੁ ਪਾਨੀ ਤੇ ਜਿਨਿ ਤੂ ਘਰਿਆ ॥*
*ਮਾਟੀ ਕਾ ਲੇ ਦੇਹੁਰਾ ਕਰਿਆ ॥* *ਅੰਗ- ੯੧੩*

ਮਿੱਟੀ ਦਾ ਬਣਾ ਦਿਤਾ ਚੂਨਾ ਜਿਹਾ, ਕਿਸੇ ਦੇ ਉਤੇ ਗੋਰਾ ਜਿਹਾ ਰੰਗ ਫੇਰ ਦਿਤਾ, ਕਿਸੇ 'ਤੇ ਕਾਲਾ ਜਿਹਾ ਫੇਰ ਦਿਤਾ। ਜਿਹਦੇ ਕਾਲਾ ਹੈ ਉਹ ਕਹਿੰਦਾ ਹੈ ਮੈਂ ਕਾਲਾ ਹਾਂ। ਜਿਹਦਾ ਗੋਰਾ ਹੈ ਉਹ ਚਾਮਲਦਾ ਫਿਰਦੈ ਕਿ ਮੈਂ ਬਹੁਤ ਗੋਰਾ ਹਾਂ। ਜਿਹੜਾ ਮਾੜਾ ਹੈ ਉਹ ਮਾੜਾ ਕਹੀ ਜਾਂਦਾ ਹੈ। ਜਿਹੜਾ ਤਕੜਾ ਹੈ ਉਹ ਅਭਿਮਾਨ 'ਚ ਆਈ ਜਾਂਦਾ ਹੈ। ਇਹ ਤਾਂ ਮਿੱਟੀ ਹੈ ਪ੍ਰੇਮੀਆ ਤੇਰੇ ਆਲੇ-ਦੁਆਲੇ ਲਾਈ ਹੋਈ। ਇਹਨੇ ਵਧਣੈ। ਇਹਦੀਆਂ ਤਿੰਨ ਅਵਸਥਾਂ ਨੇ। ਪਹਿਲਾਂ ਇਹ ਛੋਟੀ ਹੁੰਦੀ ਹੈ, ਫੇਰ ਵਧਦੀ ਹੈ, ਫੇਰ ਘਟਣਾ ਸ਼ੁਰੂ ਹੋ ਜਾਂਦੀ ਹੈ। ਅਖੀਰ ਮਿੱਟੀ 'ਚ ਜਾ ਕੇ ਫੇਰ ਮਿੱਟੀ ਰਲ ਜਾਂਦੀ ਹੈ -

*ਮਾਟੀ ਮਾਟੀ ਹੋਈ ਏਕ ॥*
*ਰੋਵਨਹਾਰੇ ਕੀ ਕਵਨ ਟੇਕ ॥* *ਅੰਗ- ੮੮੫*

ਕਹਿੰਦੇ, ਦੱਸੋ ਕਾਸਨੂੰ ਰੋਂਦੇ ਹੋਂ? ਮਿੱਟੀ ਨੂੰ? ਮਿੱਟੀ ਨੂੰ ਰੋਈ ਜਾਓ, ਚੁਕ-ਚੁਕ ਉਜਲ ਭਰ ਕੇ। ਕਹਿੰਦੇ, ਉਹ ਜਿਹੜਾ ਦਿਸਦਾ ਸੀ, ਕਹਿੰਦੇ ਉਹ ਨਹੀਂ, ਉਹ ਤਾਂ ਇਕ ਸਰੂਪ ਬਣਾਇਆ ਹੋਇਆ ਸੀ, ਕੋਠੀ ਬਣਾਈ ਸੀ ਇੱਟਾਂ ਵੱਟਿਆਂ ਦੀ। ਉਹਨੂੰ

ਕਿਉਂ ਰੋਈ ਜਾਂਦੈ। ਜਿਹੜਾ ਇਹਦੇ ਵਿਚ ਸੀ ਉਹਨੂੰ ਰੋ –

*ਮਰਣਹਾਰੁ ਇਹੁ ਜੀਅਰਾ ਨਾਹੀ॥ ਅੰਗ- ੧੮੮*

ਨਾ ਕਿਤੋਂ ਆਉਂਦੈ, ਨਾ ਕਿਤੇ ਜਾਂਦਾ ਹੈ। ਉਹ ਨਹੀਂ ਮਰਦਾ, ਉਹਦੇ ਨਾਲ ਇਹ ਦੋ ਸਰੀਰ ਹੋਰ ਚਿੰਬੜੇ ਹੋਏ। ਇਹਨੂੰ ਵੀ ਸਮਝ ਲਓ। ਪਹਿਲਾਂ ਤਾਂ ਆਹ ਮੋਟਾ ਜਿਹਾ ਜਿਹੜਾ ਦਿਸਦਾ ਹੈ ਸਾਨੂੰ, ਨਾਉਂ ਰੱਖਿਆ ਹੋਇਆ ਹੈ, ਫਲਾਣਾ ਸਿੰਘ-ਫਲਾਣਾ ਸਿੰਘ। ਐਵੇਂ ਹੀ ਮਿੱਟੀ ਦਾ ਨਾਉਂ ਰੱਖਿਆ ਹੋਇਆ ਹੈ। ਜਿਹੜਾ ਇਹਦੇ ਵਿਚ ਹੈਗਾ ਉਹਨੂੰ ਨਾ ਆਪ ਜਾਣਦਾ ਹੈ, ਨਾ ਕੋਈ ਹੋਰ ਜਾਣਦਾ ਹੈ। ਆਹ ਮਿੱਟੀ ਦੇ ਵਿਚ 19 ਤੱਤਾਂ ਦਾ ਇਕ ਹੋਰ ਸਰੀਰ ਬਣਿਆ ਹੋਇਆ ਹੈ। ਹਵਾ ਵਰਗਾ। ਹਵਾ ਤਾਂ ਅਜੇ ਮਹਿਸੂਸ ਹੁੰਦੀ ਹੈ, ਫੜੀ ਜਾ ਸਕਦੀ ਹੈ, ਰੋਕੀ ਜਾ ਸਕਦੀ ਹੈ। ਉਹ ਅਕਾਸ਼ ਤੋਂ ਵੀ ਸੂਖਸ਼ਮ ਹੈ। ਉਹਨੂੰ ਸੂਖਸ਼ਮ ਸਰੀਰ ਕਹਿੰਦੇ ਨੇ। ਸੂਖਸ਼ਮ ਸਰੀਰ ਦੀ ਦੁਨੀਆਂ ਹੀ ਅੱਡ ਹੈ। ਆਹ ਦੁਨੀਆਂ ਹੋਰ ਹੈ, ਔਹ ਦੁਨੀਆਂ ਹੋਰ ਹੈ। ਉਥੇ ਉਹੋ ਜਿਹਾ ਹੀ ਵਰਤਾਰਾ ਹੈ ਸੂਖਸ਼ਮ ਸਰੀਰਾਂ ਦਾ। ਵਾਸ਼ਨਾ ਦੇ ਨਾਲ ਵਰਤਾਰਾ ਚਲਦਾ ਹੈ ਉਥੇ। ਜਿਹੋ ਜਿਹੀਆਂ ਵਾਸ਼ਨਾ ਇਥੇ ਬਣਾ ਲਈਆਂ, ਉਹੋ ਜਿਹਾ ਹੀ ਵਰਤਾਰਾ ਉਥੇ ਚੱਲੇਗਾ। ਉਹਦੇ ਅੰਦਰ ਇਕ ਹੋਰ ਹੈ Astral body, ਉਹ Astral body ਨੂੰ ਸੱਤਿਆ ਦੇ ਕੇ ਇੰਜਣ ਚਲਾਉਂਦੈ, ਸੈੱਲ ਚਲਾਉਂਦੈ, ਉਹ ਤੂੰ ਹੈਂ। ਆਪਣੇ ਆਪ ਨੂੰ ਪਛਾਣ –

*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥*
*ਅੰਗ- ੬੮੪*

ਸੋ ਜਦੋਂ ਇਹਨੂੰ ਪਛਾਣ ਲਿਆ ਫੇਰ ਸਮਝ ਆ ਜਾਏਗੀ –

*ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥*
*ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥*
*ਅੰਗ- ੧੩੭੫*

ਹੁਣ ਅੱਡ ਤਾਂ ਹੋ ਨਹੀਂ ਸਕਦੀ ਕਿਉਂਕਿ ਅੱਖਾਂ 'ਚੋਂ ਹੋ ਕੇ ਦੇਖਦੀ ਹੈ। ਉਹ ਤਾਂ ਨਹੀਂ ਦੇਖਦੀ, ਉਹ ਤਾਂ ਹੈਗੀ ਸਤਿ, ਚਿਤ, ਅਨੰਦ। ਉਹਦਾ ਇਕ ਪਰਛਾਵਾਂ ਦਿਮਾਗ ਵਿਚ ਪੈਂਦੈ। ਉਹ ਪਰਛਾਵਾ 'ਮੈਂ' ਬਣ ਗਿਆ –

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*
*ਅੰਗ- ੫੫੦*

ਇਕ ਤਾਂ ਉਹ ਹੈ ਜੋ ਕਿਤੇ ਆਉਂਦਾ ਨਹੀਂ, ਕਿਤੇ ਜਾਂਦਾ ਨਹੀਂ, ਪਰਮ ਅਨੰਦ ਵਿਚ ਰਹਿੰਦੈ। ਇਕ ਭਟਕਦਾ ਨੱਠਿਆ ਹੀ ਫਿਰਦੈ। ਉਹ ਜਿੰਨਾਂ ਨੱਠਦੈ, ਜਿੰਨਾਂ ਦੌੜਦੈ –

*ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥*
*ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥*
*ਅੰਗ- ੬੬*

ਜਿੰਨਾਂ ਦੱਝਦੈ, ਓਨਾਂ ਹੀ ਵਿਰਲਾਪ ਕਰਦੈ। ਜਿੰਨਾਂ ਨੱਠਦੈ। ਨੱਠ ਕੇ ਕਿਤੇ ਕੋਈ ਮੰਜ਼ਿਲ ਮਿਲ ਜਾਂਦੀ ਹੈ? –

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ੧ ॥ ਰਹਾਉ ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥ ਅੰਗ- ੨੧੩*

ਉਹ ਤਾਂ ਹੋਰ ਅਗਾਂਹਾਂ-ਹੋਰ ਅਗਾਂਹਾਂ ਜਾਂਦੈ।

ਇਕ ਪ੍ਰੇਮੀ ਜਲੰਧਰ ਦਾ ਸੀਗਾ। ਉਹ ਕਨੇਡਾ ਦੇ ਅੰਦਰ ਮਜ਼ੂਰੀ ਕਰਦਾ ਹੁੰਦਾ। ਰਾਤਾਂ ਨੂੰ ਪੜ੍ਹਨਾ, ਦਿਨੇ ਮਜ਼ੂਰੀ ਕਰਨੀ। ਪੜ੍ਹਿਆ ਉਹ ਸਪੋਰਟਸ, ਖੇਲ੍ਹਾਂ ਵਗੈਰਾ, ਸਭ ਛੱਡ ਕੇ ਕਿ ਇਹਦੇ ਵਿਚ ਕੀ ਕਰਨੈ। ਜਾਇਦਾਸ ਦਾ ਵਪਾਰੀ (property dealer) ਬਣ ਗਿਆ। ਈਮਾਨਦਾਰ ਬੰਦਾ ਸੀ, ਮਿਹਨਤ ਕਰਨ ਵਾਲਾ ਸੀ। ਉਹਦੇ ਕੋਲ ਐਨਾ ਪੈਸਾ ਆਇਆ, ਬਹੁਤ ਜ਼ਿਆਦਾ। ਉਹਦੇ ਮਨ ਵਿਚ ਹੋ ਗਿਆ ਕਿ ਇਹ ਪੈਸਾ ਮੇਰੇ ਨਾਲ ਤਾਂ ਜਾਣਾ ਨਹੀਂ, ਇਥੇ ਹੀ ਰਹਿ ਜਾਣੈ। ਜੇ ਮੈਂ ਮਰ ਜਾਵਾਂ, ਫੇਰ ਕੀ ਬਣੂੰ। ਇਸ ਸੁਸਾਇਟੀ ਦਾ ਕਰਜ਼ਾ ਹੈ ਮੇਰੇ ਸਿਰ। ਉਹਨੇ ਇਕ 1 ਅਰਬ 73 ਕਰੋੜ ਰੁਪਿਆ ਦਾਨ ਕਰ ਦਿਤਾ। ਆਪ ਦੇ ਕੋਲ ਸਿਰਫ ਖਾਣ ਪੀਣ ਜੋਗਾ ਹੀ ਰੱਖ ਲਿਆ। ਕਹਿੰਦਾ, ਮੈਨੂੰ ਤਾਂ ਹੈਗੀ ਐਨੇ ਕੁ ਹੀ ਦੀ ਲੋੜ –

*ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖ਼ੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥ ਨਸੀਹਤਨਾਮਾ*

ਆਹ ਬਾਤ ਉਹਦੇ ਸਮਝ ਵਿਚ ਆ ਗਈ।

*ਤੀਨਿ ਸੇਰ ਕਾ ਦਿਹਾੜੀ ਮਿਹਮਾਨੁ ॥*
*ਅਵਰ ਵਸਤੁ ਤੁਝ ਪਾਹਿ ਅਮਾਨ ॥ ਅੰਗ - ੩੭੪*

ਸੋ ਜਿਹਦੇ ਸਮਝ 'ਚ ਨਹੀਂ ਆਉਂਦੀ, ਉਹ ਫੇਰ ਜੋੜ-ਜੋੜ ਰਖਦੈ। ਫੇਰ ਉਹਨੂੰ ਕੀ ਕਰ ਲਏਗਾ? ਨਾਲ ਤਾਂ ਜਾਂਦਾ ਨਹੀਂ। ਆਹ ਸਰੀਰ

ਨਹੀਂ ਜਾਂਦਾ। ਝਗੜਾ ਸਾਰਾ ਇਸ ਕਰਕੇ ਹੈ ਅਸੀਂ ਆਪਣੇ ਆਪ ਨੂੰ ਸਰੀਰ ਸਮਝ ਲਿਆ ਤਾਂ ਅਸੀਂ ਔਖੇ ਹੁੰਦੇ ਫਿਰਦੇ ਹਾਂ। ਸੋ ਇਸ ਤੋਂ ਅੱਗੇ ਕਾਰਨ ਸਰੀਰ ਹੋਇਆ ਕਰਦੈ। ਕਾਰਨ ਸਰੀਰ ਦੇ ਵਿਚ ਜਿਹੜਾ ਸੱਤਾ ਦਿੰਦੈ, ਉਹ ਤੁਸੀਂ ਹੋਂ। ਆਪਣਾ ਆਪ ਪਛਾਣੋ, ਉਹਨੂੰ ਆਤਮਾ ਕਹਿੰਦੇ ਨੇ। ਆਤਮਾ ਜਦੋਂ ਅਸੀਂ ਪਛਾਣ ਲਿਆ, ਫੇਰ ਤਾਂ ਪਤਾ ਹੀ ਨਹੀਂ ਲਗਦਾ ਕਿ ਇਥੇ ਦੂਜਾ ਕੋਈ ਹੈ ਹੀ ਨਹੀਂ। ਮੇਰਾ ਹੀ ਆਤਮਾ ਸਾਰਿਆਂ ਦੇ ਅੰਦਰ ਸੱਤਾ ਪਾ ਰਿਹੈ। ਇਕੋ ਹੀ ਸੂਰਜ ਹੈ, ਕਰੋੜ ਭਾਂਡੇ ਪਾਣੀ ਨਾਲ ਭਰੇ ਦੇ ਵਿਚ ਉਹਦਾ ਪਰਛਾਵਾਂ ਪੈ ਰਿਹਾ ਹੈ। ਸਮੁੰਦਰ ਵਿਚ ਵੀ ਇਕੋ ਹੀ ਸੂਰਜ ਹੈ, ਚਾਹੇ ਉਹ ਧਰਤੀ ਤੋਂ ਤਿੰਨ ਗੁਣਾਂ ਵੱਡਾ ਹੈ, ਦੋ ਨਹੀਂ ਦਿਸਦੇ। ਚੂੰਘੜੇ ਭਰ ਕੇ ਤੁਸੀਂ ਸੌ ਰੱਖ ਦਿਓ, ਸੌ ਹੀ ਸੂਰਜ ਨਜ਼ਰ ਆਏਗਾ, ਇਕੱਲੇ-ਇਕੱਲੇ 'ਚ ਨਜ਼ਰ ਆਏਗਾ। ਇਕ ਸ਼ੀਸ਼ੇ ਦੇ ਕਰੋੜ ਟੁਕੜੇ ਬਣਾ ਦਿਓ ਭੰਨ-ਭੰਨ ਕੇ ਤੇ ਇਥੇ ਸਾਰੇ ਖਿੰਡਾ ਦਿਓ, ਕਿਸੇ ਟੁਕੜੇ ਨੂੰ ਚੁਕ ਕੇ ਦੇਖ ਲਓ ਉਹਦੇ ਵਿਚ ਸੂਰਜ ਨਜ਼ਰ ਆਏਗਾ। ਇਸੇ ਤਰ੍ਹਾਂ ਦੇ ਨਾਲ ਚਾਹੇ ਖਰਬਾਂ ਹੀ ਸਰੀਰ ਬਣ ਜਾਣ, ਸਾਰਿਆਂ ਦੇ ਵਿਚ ਇਕੋ ਹੀ ਆਤਮਾ ਨਜ਼ਰ ਆਉਂਦਾ ਹੈ। ਉਹਦਾ ਹੀ ਪ੍ਰਕਾਸ਼ ਹੈ। ਸੋ ਮਹਾਰਾਜ ਕਹਿੰਦੇ, ***'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥'*** ਪਛਾਣ ਤਾਂ ਸਹੀ ਪਿਆਰਿਆ, ਪਛਾਨਣ ਵਾਸਤੇ ਆਇਆ ਸੀ। ਜਦੋਂ ਪਛਾਣ ਲਿਆ ਫੇਰ ਤੇਰੇ ਸਾਡੇ ਦੁਖਾਂ ਦਾ ਖਾਤਮਾ ਹੋ ਗਿਆ। ਤੇਰੇ ਸਾਰੇ ਕੰਮ ਪ੍ਰਮੇਸ਼ਰ ਆਪ ਕਰਦੈ। ਤੇਰਾ ਕੰਮ ਕੋਈ ਨਹੀਂ, ਸਾਰਾ ਸੰਸਾਰ ਹੀ ਆਪਣਾ ਕੰਮ ਬਣ ਜਾਂਦੈ। ਫੇਰ ਉਹ Universal man (ਬ੍ਰਹਿਮੰਡੀ ਪੁਰਸ਼) ਬਣ ਜਾਂਦਾ ਹੈ। ਪਹਿਲਾਂ ਜਿਹੜਾ ਪੁਰਸ਼ ਹੈ ਉਹ metal man ਹੈ। metal ਕਹਿੰਦੇ ਨੇ ਧਾਤ ਨੂੰ, ਧਾਤ ਦੇ ਜਿਹੜੇ ਪ੍ਰਮਾਣੂ ਨੇ, ਉਹ ਐਨੇ ਸੰਘਣੇ ਹੁੰਦੇ ਨੇ ਤਾਂ ਹੀ ਭਾਰੀ ਹੁੰਦੀ ਹੈ। ਉਹ ਬਿਲਕੁਲ ਹੀ ਫਿਟ ਨਹੀਂ ਹੁੰਦਾ। ਇਹ ਜਿਹੜਾ metal type (ਧਾਤ ਰੂਪੀ) ਆਦਮੀ ਹੁੰਦੈ ਉਹ ਆਪਣੇ ਆਪ ਜੋਗਾ ਹੁੰਦਾ ਹੈ। ਸੰਸਾਰ ਜੋਗਾ ਨਹੀਂ ਹੁੰਦਾ। ਨਾ ਪਰਉਪਕਾਰ ਕਰੇ, ਨਾ ਕਿਸੇ ਦਾ ਭਲਾ ਸੋਚੇ। ਜਦੋਂ ਸੋਚੇਗਾ ਆਪਣਾ ਹੀ ਸੋਚੇਗਾ। ਜੇ ਕਿਸੇ ਚੰਗੀ ਸੁਸਾਇਟੀ 'ਚ ਵੜੇਗਾ ਇਹ ਸੋਚ ਕੇ ਵੜੇਗਾ ਕਿ ਮੇਰਾ ਲਾਭ ਇਥੇ ਕੀ ਹੋਏਗਾ? ਮੇਰੀ ਬਿਜ਼ਨਸ ਚਲ ਜਾਏਗੀ ਇਥੇ, ਮੈਂ ਲੋਕਾਂ ਨੂੰ ਬਣ ਕੇ ਦਿਖਾਵਾਂ ਕੁਛ। ਦੂਸਰਾ ਹੋਇਆ ਕਰਦੈ, ਸ਼ਾਕਾਹਾਰੀ ਪੁਰਸ਼ vegetable type, vegetable ਦਾ ਇਹ ਹੁੰਦੈ ਕਿ ਵੇਲਾਂ ਜਿਹੜੀਆਂ ਉਤੇ ਚੜ੍ਹਦੀਆਂ ਨੇ, ਨੇੜੇ ਦੇ ਦਰਖ਼ਤਾਂ 'ਤੇ ਚੜ੍ਹ ਜਾਂਦੀਆਂ ਨੇ ਜਾਂ ਵਾੜ 'ਤੇ ਚੜ੍ਹ ਜਾਂਦੀਆਂ ਨੇ। ਇਸੇ ਕਰਕੇ ਜਿਹੜਾ ਸ਼ਾਕਾਹਾਰੀ ਪੁਰਸ਼ (vegetable type man) ਹੈ ਉਹ ਆਪਣੇ ਪਰਿਵਾਰ ਵਾਸਤੇ ਹੀ ਹੁੰਦੈ। ਸੰਸਾਰ ਵਾਸਤੇ ਨਹੀਂ ਜਿਉਂਦਾ। ਭਰਾ ਦੇ ਪਰਿਵਾਰ ਵਾਸਤੇ ਨਹੀਂ ਜਿਉਂਦਾ, ਚਾਚੇ ਦੇ ਪਰਿਵਾਰ ਵਾਸਤੇ ਨਹੀਂ ਜਿਉਂਦਾ, ਆਪਣੇ ਵਾਸਤੇ ਜਿਉਂਦਾ ਹੈ। ਫੇਰ ਹੁੰਦਾ ਹੈ Animal type man, (ਪਸ਼ੂ ਬਿਰਤੀ) ਇਹ ਆਪਣੇ ਪਸ਼ੂ ਜਿਵੇਂ ਹੁੰਦੇ ਨੇ, ਮੱਝਾਂ-ਮੱਝਾਂ 'ਚ ਬਹਿੰਦੀਆਂ ਨੇ, ਭੇਡਾਂ-ਭੇਡਾਂ 'ਚ, ਬੱਕਰੀਆਂ-ਬੱਕਰੀਆਂ 'ਚ, ਗਊਆਂ-ਗਊਆਂ 'ਚ, ਇਹ ਆਪਣੀਆਂ ਕਮਿਊਨਟੀਆਂ ਬਣਾ ਲੈਂਦੇ ਨੇ, ਜਾਤਾਂ 'ਚ ਵੰਡ ਲੈਂਦੇ ਨੇ ਕਿ ਇਹ ਜੱਟ ਹੈ, ਇਹ ਫਲਾਣਾ ਹੈ। ਆਪਸ ਵਿਚ ਹੀ ਬੋਲ-ਚਾਲ ਜ਼ਿਆਦਾ ਰਖਣਗੇ। ਹੋਰ ਕਿਸੇ ਦੂਜੇ ਨਾਲ ਨਹੀਂ ਰਲਦੇ। ਇਸ ਤੋਂ ਅਗਾਂਹਾਂ ਫੇਰ ਇਕੱਠੇ ਹੋ ਜਾਣਗੇ ਕਿ ਅਸੀਂ ਸਿੰਘ ਹਾਂ, ਫੇਰ ਦੂਜੀਆਂ ਕਮਿਊਨਟੀਆਂ ਆ ਗਈਆਂ। ਉਹ ਕਹਿੰਦਾ ਹੈ ਇਹ ਈਸਾਈ ਹੈ, ਇਹ ਮੁਸਲਮਾਨ ਹੈ, ਇਹ ਹਿੰਦੂ ਹੈ, ਇਹ ਬੋਧੀ ਹੈ, ਜੈਨੀ ਹੈ, ਫਾਰਸੀ ਹੈ। ਮੁਕਦਾ ਹੈ ਕਿਤੇ ਇਹ ਕੰਮ? ਫੇਰ ਹੋਰ ਹੋ ਜਾਂਦੈ ਕਿ ਇਹ ਹਿੰਦੁਸਤਾਨੀ ਹੈ, ਇਹ ਅਫਗਾਨਿਸਤਾਨੀ ਹੈ, ਇਹ ਈਰਾਨੀ ਹੈ; ਆਤਮਾ ਤਾਂ ਇਕੋ ਹੀ ਹੈ। ਇਹ ਪਸ਼ੂ ਬਿਰਤੀ ਵਾਲੇ ਮਨੁੱਖ (animal type man) ਹੁੰਦੇ ਨੇ। ਇਕ ਹੁੰਦੇ ਨੇ ਚੰਨ ਰੂਪੀ (moon type man)। ਜਿਵੇਂ ਚੰਦਰਮਾ ਧਰਤੀ ਦੇ ਦੁਆਲੇ ਘੁੰਮਦਾ ਹੈ। ਇਸ ਤਰ੍ਹਾਂ ਉਹ ਆਦਮੀ ਬ੍ਰਹਿਮੰਡ (universe) ਦੇ ਦੁਆਲੇ ਘੁੰਮਦਾ ਹੈ। ਉਹ ਆਪਣੇ ਵਾਸਤੇ ਨਹੀਂ ਜਿਉਂਦਾ, ਉਹਨੂੰ ਪਰਉਪਕਾਰੀ ਕਹਿੰਦੇ ਨੇ। ਉਹ ਦੂਸਰੇ ਵਾਸਤੇ ਜਿਉਂਦਾ ਹੈ। ਗੁਰੂ ਦਸਵੇਂ ਪਾਤਸ਼ਾਹ ਨੂੰ ਕੀ ਲੋੜ ਪਈ ਸੀਗੀ ਕਿ ਆਪਣੇ ਪੁੱਤਰ ਕੁਰਬਾਨ ਕਰਵਾਉਂਦੇ। ਚਾਰੋਂ ਕਰਵਾ ਦਿਤੇ ਇਕ ਵੀ ਨਹੀਂ ਰੱਖਿਆ। ਮਾਤਾ ਬਿਰਧ ਅਵਸਥਾ ਵਿਚ ਸੀ। ਉਹਨਾਂ ਨੂੰ ਹੀ ਪਹਿਲਾਂ ਭੇਜ ਦਿੰਦੇ। ਮਹਾਰਾਜ ਨੂੰ ਤਾਂ ਸਾਰਾ ਹੀ ਪਤਾ ਸੀ ਕਿ ਇਸ ਤਰ੍ਹਾਂ ਭਾਣਾ ਵਰਤਣਾ ਹੈ। ਜੇ ਮਾਤਾ ਜੀਤੋ ਜੀ ਨੂੰ ਪਤਾ ਲਗ ਗਿਆ ਸੀ ਕਿ ਆਹ ਭਾਣਾ ਵਰਤਣ ਵਾਲਾ ਹੈ ਤਾਂ ਮਹਾਰਾਜ ਕਹਿੰਦੇ ਕਿ ਮਾਤਾ ਜੀ ਨੂੰ ਵੀ ਪਤਾ ਸੀ ਕਿ ਆਹ ਭਾਣਾ ਵਰਤਣਾ ਹੈ। ਉਹ ਕਿਤੇ ਘੱਟ ਸੀਗੇ। 27 ਸਾਲ ਲਗਭੱਗ ਤਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਵਾਜ਼ੇ ਮੂਹਰੇ

ਬੈਠ ਕੇ ਤਪਸਿਆ ਕਰੀ ਸੀ ਉਹਨਾਂ ਨੇ। ਵਾਕ ਸ਼ੁੱਧ ਹੁੰਦੇ ਸੀ, ਲੇਕਿਨ ਰੱਬ ਦੀ ਰਜ਼ਾ ਵਿਚ ਚਲਦੇ ਸੀ। ਰੱਬ ਦੀ ਰਜ਼ਾ ਇਹੀ ਸੀ ਕਿ ਸੰਸਾਰ ਦਾ ਭਲਾ ਕਰੋ। ਸੰਸਾਰ ਵਾਸਤੇ ਜੀਓ, ਆਪਣੇ ਵਾਸਤੇ ਨਾ ਜੀਓ। ਮਾਛੀਵਾੜੇ ਦੇ ਜੰਗਲ 'ਚ ਪਏ ਨੇ, ਆਪਣੇ ਵਾਸਤੇ ਨਹੀਂ ਪਏ। ਸੰਸਾਰ ਵਾਸਤੇ ਪਏ ਨੇ। ਸੋ ਇਸ ਤਰ੍ਹਾਂ ਦੇ, ਉਹਨੂੰ ਪਰਉਪਕਾਰੀ ਜੀਵਨ ਕਹਿੰਦੇ ਨੇ। ਉਹ ਆਪਣੇ ਵਾਸਤੇ ਨਹੀਂ ਹੁੰਦਾ, ਸੰਸਾਰ ਵਾਸਤੇ ਹੁੰਦਾ ਹੈ। ਜਦੋਂ ਆਪਣੇ ਸਰੂਪ ਦਾ ਗਿਆਨ ਹੋ ਜਾਂਦੈ, ਫੇਰ ਕੋਈ ਦੂਜਾ ਨਹੀਂ ਰਹਿੰਦਾ। ਆਪਣਾ ਹੀ ਸਰੂਪ ਬਣ ਜਾਂਦਾ ਹੈ। ਮਹਾਰਾਜ ਕਹਿੰਦੇ, ਇਸ ਕੰਮ ਨੂੰ ਪਛਾਨਣ ਵਾਸਤੇ, ਨਾਮ ਦੀ ਪ੍ਰਾਪਤੀ ਵਾਸਤੇ ਸੰਸਾਰ ਆਇਆ ਸੀ। ਲੇਕਿਨ ਕਿੱਡਾ ਧੋਖਾ ਹੋ ਗਿਆ, ਜਿਹਦੇ ਨਾਲ ਜੁੜਿਆ ਹੋਇਆ ਸੀ, ਉਸ ਤੋਂ ਵਿਛੜ ਗਿਆ। ਆਪਣੇ ਆਤਮ ਸਰੂਪ ਦੇ ਪਦ ਤੋਂ ਥੱਲੇ ਗਿਰ ਗਿਆ। ਵਿਛੜ ਕੇ ਦੁਖੀ ਹੋ ਰਿਹੈ, ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

*ਧਾਰਨਾ – ਸ਼ਾਹੋ ਵਿਛੜਿਆ ਵਣਜਾਰਾ,*
*ਮੋਹ ਲਿਆ ਮਾਇਆ ਮੋਹਣੀ ਨੇ।*

ਵਾਹਿਗੁਰੂ ਦੇ ਨਾਲੋਂ ਜੀਵ ਵਿਛੜ ਗਿਆ। ਵਿਛੜਿਆ ਹੋਇਆ ਤਾਂ ਚਾਹੀਦਾ ਸੀ ਕਿ ਆਪਣੇ ਪਿਤਾ ਦੇ ਨਾਲ ਹੀ ਰਹਿੰਦਾ। ਪਰ ਬਾਹਰ ਜਦੋਂ ਨਜ਼ਾਰਾ ਦੇਖਿਆ, ਪਰਮੇਸ਼ਰ ਦੀ ਬਣਾਈ ਹੋਈ ਕੁਦਰਤ ਦੇ ਵਿਚ ਮੋਹਿਆ ਗਿਆ। ਆਪਣੇ ਅਸਲੇ ਨੂੰ ਛੱਡ ਦਿਤਾ। ਮੋਹ ਕੇ ਕਿਥੇ ਚਲਿਆ ਗਿਆ? ਜੀਵ ਬਣ ਗਿਆ। ਜੀਵ ਬਣ ਕੇ ਦੁਖੀ ਹੁੰਦਾ, ਜੰਮਦਾ ਹੈ ਮਰਦਾ ਹੈ। ਚੱਕਰ ਗਲ ਪੈ ਗਿਆ ਕਾਲ ਦਾ। ਛੁਟਣ ਦਾ ਨਾਉਂ ਨਹੀਂ ਲੈਂਦਾ, ਨਾ ਕੋਈ ਛੁਡਾਉਣ ਵਾਲਾ ਹੈ। ਨਾ ਕੋਈ ਪੁਕਾਰ ਸੁਣਨ ਵਾਲਾ ਹੈ। ਸੋ ਕਹਿੰਦੇ, ਇਹ ਫਿਰਦਾ-ਫਿਰਦਾ –

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥* *ਅੰਗ- ੧੭੬*

ਜੋਤ ਤੋਂ ਵਿਛੜ ਗਿਆ ਇਹ ਵਣਜਾਰਾ ਹੁਣ ਸਫਰ ਕੱਢਦਾ ਫਿਰਦੈ –

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*

*ਅੰਗ- ੧੫੬*

22 ਲੱਖ ਕਿਸਮ ਦੀਆਂ ਜੜ੍ਹੀਆਂ-ਬੂਟੀਆਂ, ਦਰਖ਼ਤ ਇਹ ਬਣਦਾ ਤੁਰਿਆ ਆ ਰਿਹੈ। ਸਾਢੇ ਸੱਤ ਲੱਖ ਉਡਣ ਵਾਲੇ ਪੰਛੀ ਬਣਿਐ। ਸਾਢੇ ਸੱਤ ਲੱਖ ਕਿਸਮ ਦੇ ਰੇਂਗਣ ਵਾਲੇ, ਪੇਟ ਭਾਰ ਚੱਲਣ ਵਾਲੇ ਜੀਵ ਬਣਿਆ। ਚਾਰ ਲੱਖ ਕਿਸਮ ਦੇ ਪਸ਼ੂਆਂ ਦੇ ਰੂਪ ਧਾਰਨ ਕਰੇ। ਦੋ ਲੱਖ ਕਿਸਮ ਦੀਆਂ ਜਿਨ੍ਹਾਂ ਕੋਲ ਸਰੀਰ ਨਹੀਂ ਹੈ, ਹੈਗੀਆਂ ਪਰ ਨਜ਼ਰ ਨਹੀਂ ਆਉਂਦੀਆਂ, ਉਹਨਾਂ ਦੇ ਸਰੀਰ ਧਾਰਨ ਕਰੇ, ਸੂਖਸ਼ਮ ਸਰੀਰ। ਬਾਕੀ ਦੇ ਪਾਣੀ ਦੇ ਵਿਚ ਰਹਿਣ ਵਾਲੀਆਂ, ਮੱਛੀਆਂ ਵਗੈਰਾ ਦੇ ਧਾਰਨ ਕਰੇ। ਕਹਿੰਦੇ, ਐਡਾ ਵਿਛੋੜਾ ਹੋ ਗਿਆ ਇਹਦਾ। ਇਹ ਵਿਛੜਦਾ-ਵਿਛੜਦਾ, ਤੁਰਦਾ-ਤੁਰਦਾ ਵਾਹਿਗੁਰੂ ਦੀ ਹੋ ਗਈ ਮਿਹਰ ਤੇ ਮਨੁੱਖ ਦੇ ਜਾਮੇ 'ਚ ਆ ਗਿਆ –

*ਮਾਣਸ ਜਨਮ ਦੁਲੰਭੁ ਹੈ ਛਿਣ ਭੰਗਰੁ ਛਲ ਦੇਹੀ ਛਾਰਾ।*

*ਭਾਈ ਗੁਰਦਾਸ ਜੀ*

ਮਿਲ ਤਾਂ ਗਿਆ ਪਰ ਇਹ ਛਿਣ ਭੰਗਰ ਹੈ। ਛਿਣ ਭੰਗਰ ਉਹਨੂੰ ਕਹਿੰਦੇ ਨੇ ਜਿਹੜਾ ਸਦਾ ਨਾ ਰਹੇ –

*ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥*

*ਅੰਗ- ੧੪੨੮*

ਤਿੰਨ ਅਵਸਥਾ 'ਚੋਂ ਜਿਹੜਾ ਲੰਘਦਾ ਹੈ। ਪਹਿਲਾ ਬਾਲਪਨ ਹੈ। ਛੋਟਾ ਜਿਹਾ ਬੱਚਾ ਹੋ ਕੇ ਸੰਸਾਰ ਦੇ ਵਿਚ ਦਿਸਣ ਲਗ ਗਿਆ। ਫੇਰ ਜਵਾਨ ਹੋ ਗਿਆ, ਫੇਰ ਕਿਸੇ ਪੀਰ, ਗੁਰੂ, ਸੰਤ ਦੀ ਕਿਸੇ ਦੀ ਗੱਲ ਨਹੀਂ ਮੰਨਦਾ। ਆਪਣੀ ਮਨੌਤ ਰਖਦਾ ਹੈ। ਫੇਰ ਬੁੱਢਾ ਹੋ ਗਿਆ –

*ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥*
*ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥*

*ਅੰਗ- ੧੩੮੦*

ਇਹਨੇ ਇਥੇ ਰਹਿਣਾ ਨਹੀਂ ਹੈ। ਫੇਰ ਇਹਦੇ ਵਿਚ ਖੂਬੀ ਇਹ ਹੈ ਇਹ ਛਿਣ ਭੰਗਰ ਹੈ। ਜਿਹੜਾ ਇਕ ਸਕਿੰਟ ਵਿਚ ਹੀ ਨਾਸ਼ ਹੋ ਜਾਵੇ। ਜਿਹਨੂੰ ਨਾਸ਼ ਹੋਣ ਨੂੰ ਸਮਾਂ ਨਾ ਲੱਗੇ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਇਥੇ ਕੀ ਮੁਨਿਆਦਾਂ ਤੇਰੀਆਂ,*
*ਪਾਣੀ ਦਿਆ ਬੁਲਬਲਿਆ।*

*ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥*
*ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥*

*ਅੰਗ- ੧੪੨੭*

*'ਚਲਦਾ.................।'*

# ਜਗਿ ਜੀਵਨੁ ਐਸਾ ਸੁਪਨੇ ਜੈਸਾ
# ਜੀਵਨੁ ਸੁਪਨ ਸਮਾਨੰ ॥

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਦੂਜਾ ਕੋਈ ਦਿਸਦਾ ਨਹੀਂ,*
*ਇਕੋ ਹੀ ਰਵਿਆ ਸਭ ਥਾਂ।*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*
*ਅਕਾਲ ਉਸਤਤਿ*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ- ੨੯੦*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ- ੧੨੯੧*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਇਕ ਸਤਿਸੰਗ ਜੇ ਸੁਣ ਲਿਆ ਜਾਵੇ, ਸਿਰਫ ਇਕ। ਦੂਜੇ ਦੀ ਲੋੜ ਨਹੀਂ ਰਹਿੰਦੀ ਫੇਰ ਮੁੜ ਕੇ। ਬਾਣੀ ਐਸੀ ਸਮਰੱਥ ਹੈ ਕਿ ਇੱਕੋ ਸਤਿਸੰਗ ਦੇ ਵਿਚ ਇੱਕੋ ਬਚਨ ਸੁਣ ਕੇ ਆਦਮੀ ਦੀ ਕਲਿਆਣ ਹੋ ਜਾਂਦੀ ਹੈ। ਹੁੰਦਾ ਕਿਉਂ ਨਹੀਂ ਹੈ ਫੇਰ ਇਸ ਤਰ੍ਹਾਂ? ਉਹਦੇ ਬਾਰੇ ਜੋ ਦਸੰਬਰ 1997 ਦਾ ਮੈਗਜ਼ੀਨ ਆ ਰਿਹੈ, ਗੁਰੂ ਦਸਵੇਂ ਪਾਤਸ਼ਾਹ ਜੀ ਦਾ ਲੇਖ ਹੈ ਉਹਦੇ ਵਿਚ। ਬਹੁਤ ਖੋਲ੍ਹ ਕੇ ਉਹਦੇ ਵਿਚ ਦੱਸੀਆਂ ਗਈਆਂ ਨੇ ਇਹ ਗੱਲਾਂ ਕਿ ਕਿਉਂ ਨਹੀਂ ਹੁੰਦਾ। ਆਦਮੀ ਸਮਝਦੈ, ਸੋਚਦੈ, ਧਰਮ ਨੂੰ ਮੰਨਦਾ ਹੈ, ਗੁਰੂਆਂ ਦੇ ਉਤੇ ਵਿਸ਼ਵਾਸ਼ ਹੈ, ਪਿਆਰ ਕਰਦਾ ਹੈ, ਗੁਰੂ ਵਾਲਾ ਬਣਦਾ ਹੈ, ਫੇਰ ਕੀ ਗੱਲ ਹੈ? ਵਜ੍ਹਾ ਕੀ ਹੈ। ਗੁਰੂ ਕਿਉਂ ਨਹੀਂ ਤਾਰਦਾ? ਗੁਰੂ 'ਚ ਨੁਕਸ ਹੈ ਜਾਂ ਸਿੱਖ 'ਚ ਨੁਕਸ ਹੈ? ਇਹ ਸਵਾਲ ਰੂਹਾਨੀ ਬੰਦਿਆਂ ਦੇ, ਰੂਹਾਨੀ ਮਾਹੌਲ ਵਿਚ ਹਮੇਸ਼ਾ ਹੀ ਸਾਮ੍ਹਣੇ ਆਉਂਦਾ ਰਿਹਾ, ਇਹਦਾ ਜਵਾਬ ਵੀ ਇਸ ਤਰ੍ਹਾਂ ਦੇ ਨਾਲ ਦਿਤਾ ਗਿਆ -

*ਕਬੀਰ ਸਾਚਾ ਸਤਿਗੁਰੁ ਕਿਆ ਕਰੈ*
*ਜਉ ਸਿਖਾ ਮਹਿ ਚੂਕ ॥*
*ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥*
*ਅੰਗ- ੧੩੭੨*

ਸਾਰ ਇਥੇ ਇਹ ਨਿਕਲਦਾ ਹੈ ਕਿ ਸਿੱਖ ਵਿਚ ਨੁਕਸ ਹੈ, ਗੁਰੂ ਵਿਚ ਨਹੀਂ ਹੈ। ਗੁਰੂ ਸਤਿ ਉਪਦੇਸ਼ ਦਿੰਦਾ ਹੈ। ਸਿੱਖ ਨਹੀਂ ਮੰਨਦਾ। ਸਿੱਖ ਦੀ ਹਾਲਤ ਕਿਹੋ ਜਿਹੀ ਹੈ? ਕਹਿੰਦੇ, ਜਿਵੇਂ ਭੂਕਨਾ ਹੁੰਦੈ। ਉਹ ਅੱਗ ਤਾਂ ਜਾਲ ਦਿੰਦੈ, ਜੇ ਧੂੜ ਦੇ ਉਤੇ ਮਾਰੋ, ਧੂੜ ਉਡਾ ਦਏਗਾ। ਲੇਕਿਨ ਬੰਸਰੀ ਦੀ ਅਵਾਜ਼ ਨਹੀਂ ਕੱਢ ਸਕਦਾ। ਸੁਰੀਲੀ, ਮਨਮੋਹਣੀ ਅਵਾਜ਼, ਤਨ ਮਨ ਨੂੰ ਮੋਹਣ ਵਾਲੀ ਅਵਾਜ਼ ਉਹਦੇ ਵਿਚੋਂ ਨਹੀਂ ਨਿਕਲਦੀ। ਕਿਉਂਕਿ ਉਹਦੇ ਥੱਲੇ ਪੇਂਦਾ ਨਹੀਂ ਹੈ। ਸਤਿਗੁਰੂ ਦੇ ਬਚਨ absorb (ਅੰਦਰ ਸੋਖਣਾ) ਕਰਦਾ ਸਿੱਖ। ਸੁਣਦਾ ਹੈ ਲੇਕਿਨ ਸਮਾਈ absorb ਨਹੀਂ ਕਰਦਾ, ਕਿਉਂਕਿ ਸੁਣਨ ਦੀ ਅਵਸਥਾ ਪਹਿਲੀ ਹੋਇਆ ਕਰਦੀ ਹੈ। ਜੇ ਸੁਣਨ ਦੀ ਅਵਸਥਾ ਪ੍ਰਾਪਤ ਹੋ ਜਾਵੇ-

*ਸੁਣਿਐ ਸਿਧ ਪੀਰ ਸੁਰਿ ਨਾਥ ॥*
*ਸੁਣਿਐ ਧਰਤਿ ਧਵਲ ਆਕਾਸ ॥*
*ਸੁਣਿਐ ਦੀਪ ਲੋਅ ਪਾਤਾਲ ॥*
*ਸੁਣਿਐ ਪੋਹਿ ਨ ਸਕੈ ਕਾਲੁ ॥*
*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ- ੨*

ਸੁਣ ਕੇ ਦੁਖਾਂ ਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਅਸੀਂ ਦੁਖੀ ਹਾਂ, ਬਾਣੀ ਪੜ੍ਹਦੇ ਹਾਂ, ਸੁਖਮਨੀ

ਸਾਹਿਬ ਪੜ੍ਹਦੇ ਹਾਂ, ਜਪੁਜੀ ਸਾਹਿਬ ਵੀ ਪੜ੍ਹਦੇ ਹਾਂ, ਕੋਈ ਕਹਿੰਦਾ ਹਾਂ ਕਿ ਮੈਂ ਪੰਜ ਪਾਠ ਕਰਦਾ, ਕੋਈ ਕਹਿੰਦਾ ਮੈਂ ਦਸ ਕਰਦਾ ਹਾਂ। ਫੇਰ ਦੁੱਖ ਕਿਉਂ ਹੈ? ਕੇਵਲ ਸੁਣਨ ਮਾਤਰ ਨਾਲ ਜੇ ਆਦਮੀ ਦੇ ਦੁੱਖਾਂ ਦਾ ਖਾਤਮਾ ਹੁੰਦਾ ਹੈ ਤੇ ਪੜ੍ਹਨ ਵਾਲੇ ਦਾ ਕਿਉਂ ਨਹੀਂ ਹੁੰਦਾ? ਇਹ ਪ੍ਰਸ਼ਨ ਹਨ ਬੜੇ ਅਧਿਆਤਮਵਾਦ ਦੇ ਵਿਚ, ਆਤਮ ਮਾਰਗ 'ਤੇ ਚਲਦਿਆਂ। ਵਜ੍ਹਾ ਕੀ ਹੈ? ਕੀ ਦਵਾਈ 'ਚ ਨੁਕਸ ਹੈ? ਕਹਿੰਦੇ, ਦਵਾਈ ਤਾਂ ਓਹੀ ਹੈ ਪਰ ਉਹ ਸੰਜਮ ਨਾਲ ਨਹੀਂ ਖਾਂਦਾ –

*ਪੂਛਤ ਹੈ ਬੈਦ, ਖਾਤ ਔਖਧਿ ਨ ਸੰਜਮ ਹੈ,*
*ਕੈਸੇ ਮਿਟੈ ਰੋਗ, ਸੁਖ ਸਹਜਿ ਸਮਾਈਐ॥*

*ਭਾਈ ਗੁਰਦਾਸ ਜੀ*

ਕਹਿੰਦੇ ਰੋਗ ਕਿਵੇਂ ਮਿਟ ਜਾਏਗਾ ਜਿਸ ਵਕਤ ਸੰਜਮ ਹੀ ਨਹੀਂ ਕਰਦਾ। ਸੰਜਮ ਇਹ ਹੈ ਕਿ ਅਪਣਾਅ ਲਵੇ (absorb ਕਰੇ), ਸੁਣੇ ਸੁਣ ਕੇ ਅਪਣਾਅ ਲਵੇ। ਫੇਰ ਸਤਿਸੰਗ ਦਾ ਫਲ ਹੁੰਦਾ ਹੈ–

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*

*ਅੰਗ– ੬੬੯*

ਇਥੇ ਅਸੀਂ ਫੇਲ੍ਹ ਹੋ ਜਾਂਦੇ ਹਾਂ, ਆਗਿਆ ਨਹੀਂ ਮੰਨ ਸਕਦੇ। ਨਾ ਅਸੀਂ ਮੰਨਣ ਨੂੰ ਤਿਆਰ ਹਾਂ। ਗੁਰੂ ਬਣੇ ਰਹੋ, ਠੀਕ ਹੈ, ਤੁਸੀਂ ਸਾਨੂੰ ਲੰਘਾ ਦਿਓ, ਅਰਦਾਸਾਂ ਅਸੀਂ ਕਰਾਂਗੇ, ਤੁਹਾਡੀ ਦਰਗਾਹ ਵਿਚ ਜਾਵਾਂਗੇ। ਉਹ ਕਹਿੰਦੇ, ਖੋਟੇ ਕਿਵੇਂ ਚਲੇ ਜਾਓਂਗੇ ਤੁਸੀਂ –

*ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥*
*ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥*

*ਅੰਗ – ੪੬੩*

ਅਸੀਂ ਗੁਰੂ ਦਾ ਕਹਿਣਾ ਨਹੀਂ ਮੰਨਦੇ, ਸੁਣਦੇ ਜ਼ਰੂਰ ਹਾਂ। ਸਤਿਸੰਗ 'ਚ ਜ਼ਰੂਰ ਆਉਂਦੇ ਹਾਂ, ਪਰ ਕਹਿਣਾ ਨਹੀਂ ਮੰਨਦੇ। ਗੱਲ ਸਮਝ ਨਹੀਂ ਰਹੇ। ਫੇਰ ਕਿਵੇਂ ਪਾਰ ਉਤਾਰਾ ਹੋਏਗਾ? ਦੋਹਾਂ ਦੀ ਗੱਲ ਬਣਦੀ ਨਹੀਂ ਆਪਸ ਵਿਚ। ਉਹਦੇ ਬਾਰੇ ਮਹਾਂਪੁਰਸ਼ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਮਾੜਿਆਂ ਭਾਗਾਂ ਵਾਲੇ,*
*ਦਿਤੀਆਂ ਬਾਗਾਂ ਤੋਂ ਨਾ ਜਾਗਦੇ।*
*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*

*ਅੰਗ– ੧੩੭੮*

ਉੱਚੀ-ਉੱਚੀ ਬੋਲ ਕੇ ਚਾਰੇ ਵੇਦ, ਛੇਈ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਅੰਜੀਲ, ਜੰਬੂਰ, ਬਾਈਬਲ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ, ਅਨੇਕਾਂ ਮਹਾਤਮਾ ਇਸ ਜੀਵ ਨੂੰ ਸੱਚ ਦਾ ਢੰਡੋਰਾ ਦੇ ਰਹੇ ਨੇ। ਕਹਿੰਦੇ, ਕੀ ਕਰੀਏ? 'ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥' ਅਸੀਂ ਸਾਰੇ ਦੇ ਸਾਰੇ ਕੋਈ ਬੰਦਾ ਭਾਗਾਂ ਵਾਲਾ ਹੈ, ਉਹਨੂੰ ਛੱਡ ਕੇ ਸ਼ੈਤਾਨ ਦੇ ਗਲਬੇ ਹੇਠ ਆਏ ਹੋਏ ਹਾਂ, ਉਹਨੇ ਮੋਹ ਲਿਆ ਸਾਨੂੰ। ਕਲਜੁਗ ਕਹਿ ਲਓ, ਸ਼ੈਤਾਨ ਕਹਿ ਲਓ, ਮਨ ਕਹਿ ਲਓ, ਮਾਰ ਦੇਵਤਾ ਕਹਿ ਲਓ; ਕੁਛ ਕਹਿ ਲਓ, ਗੱਲ ਇਕੋ ਹੀ ਹੋਇਆ ਕਰਦੀ ਹੈ। ਅੱਖਰਾਂ ਦੇ ਹੇਰ-ਫੇਰ ਵਿਚ ਗੱਲ ਹੋ ਜਾਇਆ ਕਰਦੀ ਹੈ। ਸੋ ਇਹ ਸਮੱਸਿਆ ਹੈ ਬੜੀ ਜ਼ਬਰਦਸਤ। ਸਤਿਸੰਗ 'ਚ ਅਸੀਂ ਆਉਂਦੇ ਹਾਂ, ਸੁਣਦੇ ਹਾਂ। ਸੁਣਦਿਆਂ-ਸੁਣਦਿਆਂ ਨੂੰ ਉਮਰਾਂ ਬੀਤ ਗਈਆਂ, ਜਦੋਂ ਤੋਂ ਸਤਿਸੰਗ ਹੋਣ ਲੱਗਿਆ, ਮੈਂ ਦੇਖਦਾ ਹਾਂ ਜਿਨ੍ਹਾਂ ਦੇ ਦਾੜ੍ਹੀ ਉਤਰਨ ਲੱਗੀ ਸੀ, ਵੱਡੇ-ਵੱਡੇ ਦਾੜ੍ਹੇ ਹੋ ਗਏ। ਜਿਨ੍ਹਾਂ ਦੇ ਕਾਲੇ ਦਾੜ੍ਹੇ ਸੀ ਉਸ ਵੇਲੇ, ਉਹ ਸਾਰੇ ਚਿੱਟੇ ਹੋ ਗਏ। ਜਿਨ੍ਹਾਂ ਨੇ ਨੌਕਰੀਆਂ ਸ਼ੁਰੂ ਕਰੀਆਂ ਸੀ, ਉਹ ਅੱਧ ਵਿਚ ਹੋ ਗਏ, ਜਿਹੜੇ ਅੱਧ ਵਿਚ ਸੀ, ਉਹ ਰਿਟਾਇਰ ਹੋ ਗਏ। ਗੱਲ ਤਾਂ ਬਣੀ ਨਹੀਂ ਹੈ। ਧਰਮੀ ਹਾਂ, ਸਮਾਂ ਲੰਘ ਗਿਆ। ਹੁਣ ਕਰਾਂਗੇ, ਹੁਣ ਕਰਾਂਗੇ। ਨਹੀਂ ਹੁੰਦਾ। ਨਾਲੇ ਕਿੱਡੀ ਉਮਰ ਹੈ। ਅੱਜਕਲ੍ਹ ਕਰਦਿਆਂ ਹੀ ਸਮਾਂ ਬੀਤ ਗਿਆ। ਮਹਾਰਾਜ ਕਹਿੰਦੇ, ਫੇਰ ਕੀ ਕਰੇਂਗਾ, ਉਹ ਤਾਂ ਸਮਾਂ ਆ ਜਾਣਾ ਹੈ ਸਿਰ ਦੇ ਉਤੇ –

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥*

*ਅੰਗ– ੧੪੨੮*

ਹੁਣ ਸਾਨੂੰ ਇਹ ਨਹੀਂ ਪਤਾ ਕਿ ਕਰਨਾ ਕੀ ਸੀਗਾ। ਆਹੀ ਗੱਲ ਨਹੀਂ ਦਸੀ, 70-80 ਸਾਲ ਦੀ ਉਮਰ ਹੋ ਗਈ। ਸਾਨੂੰ ਤਾਂ ਜੀ ਗੱਲ ਨਹੀਂ ਕਿਸੇ ਨੇ ਦੱਸੀ ਕਰਨਾ ਕੀ ਸੀ। ਭਾਈ, ਤੇਰਾ ਗੁਰੂ ਸਮਰੱਥ ਹੈ, ਉਹ ਦਸਦਾ ਹੋਣਾ, ਜੇ ਕੋਈ ਬੰਦਾ ਨਹੀਂ ਦਸਦਾ ਤਾਂ ਗੁਰੂ ਨੂੰ ਪੁੱਛ ਲੈ। ਗੁਰੂ ਦਸ ਦਏਗਾ ਕਿ ਤੂੰ ਕੀ ਕਰਨਾ ਹੈ?

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*

*ਅੰਗ– ੨੫੧*

ਬਾਬਾ ਫਰੀਦ ਜੀ ਦੁਖੀ ਹੋ ਗਏ। ਬਹੁਤ ਹੀ ਜ਼ਿਆਦਾ ਚਿੰਤਾ ਵਿਚ ਚਲੇ ਗਏ ਕਿ ਉਮਰ ਬੀਤ ਗਈ। 24 ਸਾਲ ਲੰਘ ਗਏ ਮੈਨੂੰ। ਤਪ ਕਰ ਰਿਹਾ

ਹਾਂ, ਪੁੱਠਾ ਲਟਕ ਕੇ ਕਰ ਰਿਹਾ ਹਾਂ। ਬਣਿਆ ਬਣਾਇਆ ਅਜੇ ਤਕ ਕੁਛ ਵੀ ਨਹੀਂ ਹੈ। ਕੀ ਕਰਿਆ ਜਾਵੇ? ਕਹਿੰਦੇ -

*ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥*

*ਅੰਗ- ੧੩੮੪*

ਬੜੀ ਔਖੀ ਬਾਤ ਕਹਿ ਦਿਤੀ ਕਿ ਜਿਹੜਾ ਮੇਰਾ ਤਨ ਹੈ ਨਾ, ਉਹ ਤੰਦੂਰ ਵਾਂਗੂੰ ਤਪਦਾ ਹੈ। ਤੰਦੂਰ ਵਿਚ ਰੋਟੀਆਂ ਲਾਹੁੰਦੇ ਨੇ। ਐਨੀ ਤਪਸ਼ ਪੈ ਰਹੀ ਹੈ ਤੇ ਜਿਹੜੀਆਂ ਮੇਰੀਆਂ ਹੱਡੀਆਂ ਨੇ ਉਹ ਬਾਲਣ ਵਾਂਗੂੰ ਜਲ ਰਹੀਆਂ ਨੇ। ਮਹਾਰਾਜ ਕਹਿੰਦੇ -

*ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥*

*ਅੰਗ- ੭੧੨*

ਜਿਹੜਾ ਬਿਨਾਂ ਰੱਬ ਦੀ ਯਾਦ ਤੋਂ, ਸਿਮਰਨ ਤੋਂ ਜੀਵਨ ਹੈ ਉਹ ਬਲਣਾ ਹੁੰਦਾ ਹੈ। ਚੀਜ਼ਾਂ ਬਲ ਰਹੀਆਂ ਨੇ ਸਾਰੀਆਂ। ਸੂਰਜ ਬਲ ਰਿਹਾ ਹੈ। ਇਕ ਦਿਨ ਆਏਗਾ ਜਿਸ ਦਿਨ ਸੂਰਜ ਬਲ ਜਾਏਗਾ, ਖਤਮ ਹੋ ਜਾਏਗਾ। ਧਰਤੀ ਬਲ ਰਹੀ ਹੈ, ਬੇਅੰਤ ਅੱਗ ਹੈ ਇਹਦੇ ਥੱਲੇ। ਇਹ ਵੀ ਜਲ ਜਾਏਗੀ ਇਕ ਦਿਨ ਆਏਗਾ। ਮਹਾਰਾਜ ਕਹਿੰਦੇ, ਤੇਰਾ ਜੀਵਨ ਵੀ ਬਲ ਰਿਹਾ ਹੈ। ਇਹ ਵੀ ਖਤਮ ਹੋ ਜਾਣਾ ਹੈ ਕਿਉਂਕਿ ਤੂੰ ਸਿਮਰਨ 'ਚ ਨਹੀਂ ਆਇਆ ਅਜੇ। ਪ੍ਰਮੇਸ਼ਰ ਦੀ ਯਾਦ ਵਿਚ ਨਹੀਂ ਆਇਆ। ਵਾਹਿਗੁਰੂ-ਵਾਹਿਗੁਰੂ ਕਰਨਾ ਸਿਮਰਨ ਨਹੀਂ ਹੁੰਦਾ, ਇਹ ਨਾਮ ਜਪਣਾ ਹੁੰਦੈ। ਮੰਤਰ ਦਾ ਜਾਪ ਕਰਨਾ ਹੁੰਦੈ। ਸਿਮਰਨ ਹੋਰ ਚੀਜ਼ ਹੁੰਦੀ ਹੈ। ਸਿਮਰਨ ਹੈ ਕੂੰਜ ਵਰਗਾ। ਜਿਸ ਆਂਡੇ ਵਲ ਧਿਆਨ ਦੇਵੇਗੀ, ਉਹ ਠੀਕ ਰਹੇਗਾ, ਜਿਹਦੇ ਵਲ ਧਿਆਨ ਨਾ ਦਿਤਾ, ਉਹ ਮਰ ਜਾਏਗਾ। ਸਿਮਰਨ ਨਹੀਂ ਹੋ ਰਿਹਾ ਸਾਡੇ ਤੋਂ। ਇਹਦੇ ਬਿਨਾਂ ਜੋ ਜੀਵਨ ਹੈ ਇਹ ਬਲਣ ਹੋ ਗਿਆ। ਮਨ ਵੀ ਬਲ ਰਿਹੈ, ਬੁੱਧੀ ਵੀ ਬਲ ਰਹੀ ਹੈ, ਹੱਡੀਆਂ ਵੀ ਬਲ ਰਹੀਆਂ ਨੇ, ਸਭ ਕੁਛ ਬਲ ਰਿਹਾ ਹੈ ਤੇ ਉਮਰ ਜਿਹੜੀ ਹੈ ਕਹਿੰਦੇ, ਸੱਪ ਵਰਗੀ ਹੈ। ਉਹ ਵੀ ਆਪਣੀ ਵਿਹੁ ਨਾਲ ਆਪੇ ਬਲਦਾ ਰਹਿੰਦਾ ਹੈ। ਡੰਗ ਮਾਰਦਾ ਹੈ ਫੇਰ ਜਾ ਕੇ ਕਿਤੇ ਕੁਛ ਘਟਦੀ ਹੈ। ਸੋ ਐਸਾ ਜੀਵਨ ਹੋ ਗਿਆ ਸਾਡਾ। ਕਹਿੰਦੇ, ਸਾਰੇ ਸਮਝਾ ਰਹੇ ਨੇ, ਹਰੇਕ ਸਮਝਾ ਰਿਹਾ ਹੈ। ਦਰਖ਼ਤ ਸਮਝਾ ਰਹੇ ਨੇ। ਮਹਾਂਪੁਰਸ਼ ਸਮਝਾ ਰਹੇ ਨੇ - ***'ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥'*** ਚਿਤ ਨਹੀਂ ਫਿਰਦਾ ਸਾਡਾ।

ਜੇ ਇਕੋ ਹੀ ਸਤਿਸੰਗ ਸੁਣਨ ਦੀ ਅਵਸਥਾ ਸਾਨੂੰ ਪ੍ਰਾਪਤ ਹੋ ਜਾਵੇ, ਇਕੋ ਸਤਿਸੰਗ 'ਚ ਸਾਨੂੰ ਸਭ ਕੁਝ ਲੱਭ ਸਕਦਾ ਹੈ। ਬਾਕੀ ਕੀ ਰਹਿ ਜਾਂਦਾ ਹੈ? ਬਾਕੀ ਵੀ ਸਤਿਸੰਗ 'ਚ ਦੱਸਿਆ ਹੁੰਦਾ ਹੈ ਕਿ ਇਸ ਡੰਡੇ 'ਤੇ ਪ੍ਰੇਮੀਆਂ ਇਸ ਤਰ੍ਹਾਂ ਪਹੁੰਚ ਸਕਦਾ ਹੈਂ। ਤੁਰ ਤਾਂ ਸਹੀ ਤੂੰ। ਕਹਿੰਦੇ ਨੇ, ਤੁਰਦੇ ਹਾਂ ਜੀ। ਨਿਤਨੇਮ ਕਰਦੇ ਹਾਂ, ਬਾਣੀ ਪੜ੍ਹਦੇ ਹਾਂ, ਸਭ ਕੁਛ ਕਰਦੇ ਹਾਂ, ਲੈਕਚਰ ਦਿੰਦੇ ਹਾਂ, ਲੋਕ ਸਾਡਾ ਸਤਿਕਾਰ ਕਰਦੇ ਨੇ, ਸਾਡਾ ਬੜਾ ਮਾਣ ਕਰਦੇ ਨੇ। ਮਹਾਰਾਜ ਕਹਿੰਦੇ, ਚੜ੍ਹਦਾ ਤਾਂ ਜ਼ਰੂਰ ਹੈ, ਜੇ 20 ਡੰਡੇ ਚੜ੍ਹਿਆ ਹੈ ਤਾਂ 30 ਹੇਠਾਂ ਆ ਜਾਂਦਾ ਹੈ। ਉਤੇ ਨੂੰ ਤਾਂ ਚੜ੍ਹ ਨਹੀਂ ਰਿਹਾ, ਹੇਠਾਂ ਨੂੰ ਆ ਰਿਹੈ। ਕਿੰਨਾਂ ਚਿਰ ਚੜ੍ਹਾਈ ਕਰਦੈਂ? ਜਿਹੜਾ ਤੂੰ ਕਹਿੰਦਾ ਹੈ ਕਿ ਮੈਂ ਪਾਠ ਕਰਦਾ ਹਾਂ, ਪਾਠ ਵਿਚ ਕੀ ਤੇਰਾ ਮਨ ਲਗਦਾ ਹੈ? ਸੁਰਤ ਇਕਾਗਰ ਹੁੰਦੀ ਹੈ? ਰਸ ਆਉਂਦਾ ਹੈ। ਅੰਦਰ ਨਾਮ ਦੀ ਧੁਨ ਸੁਣਦੀ ਹੈ? ਫੇਰ ਚੁੱਪ। ਕਹਿੰਦਾ, ਇਹ ਤਾਂ ਮੈਂ ਕਰਿਆ ਹੀ ਨਹੀਂ ਕਦੇ। ਨਾਮ ਜਪ ਕੇ ਹੀ ਨਹੀਂ ਦੇਖਿਆ। ਉਹ ਕਹਿੰਦੇ, ਚੜ੍ਹਾਈ ਕਿਵੇਂ ਕਰੇਂਗਾ। ਜਿਥੇ ਦੀ ਇਹ ਗੱਲ ਹੈ ਉਹ ਸਿਖਰਲੇ ਡੰਡੇ ਦੀ ਗੱਲ ਕੀਤੀ ਹੈ ਮਹਾਰਾਜ ਨੇ - 'ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥' ਇਹ ਨਾ ਤਾਂ ਤਪ ਸਾਧਿਆਂ 'ਤੇ ਹੁੰਦੈ। ਨਾ ਪੜ੍ਹਨ ਨਾਲ, ਇਸ ਨਾਲ ਤਾਂ ਕੋਈ ਸਬੰਧ ਹੀ ਨਹੀਂ। ਮਹਾਰਾਜ ਕਹਿੰਦੇ, ਦੁਗਣੀ ਮੈਲ ਲਗ ਜਾਂਦੀ ਹੈ, ਪੜ੍ਹੇ ਹੋਏ ਨੂੰ। ਅਨਪੜ੍ਹ ਨੂੰ ਘੱਟ ਲਗਦੀ ਹੈ, ਪੜ੍ਹੇ ਹੋਏ ਨੂੰ ਬਹੁਤੀ ਲਗਦੀ ਹੈ। ਨਾ ਤੀਰਥ ਨਾਤ੍ਹਿਆਂ 'ਤੇ, ਨਾ ਫਿਰਿਆਂ 'ਤੇ। ਕਦੇ ਵੀ ਅੰਦਰ ਦੀ ਮੈਲ ਨਹੀਂ ਖਤਮ ਹੋਣੀ। ਸਿਰਫ ਪੂਰਾ ਸਤਿਗੁਰੂ ਹੈ ਜਿਹੜਾ ਉਹਨੂੰ ਧੋ ਸਕਦਾ ਹੈ। ਉਹਦੇ ਕੋਲ ਐਸੀ ਚੀਜ਼ ਹੈਗੀ। ਉਹਨੂੰ 'ਨਾਮ' ਕਹਿੰਦੇ ਨੇ। ਨਾਮ ਨੂੰ ਅਸੀਂ ਨਹੀਂ ਸਮਝਦੇ। ਨਾਮ ਕੀ ਹੈ? ਅਨੁਭਵ 'ਚੋਂ ਨਾਮ ਪ੍ਰਾਪਤ ਹੋ ਜਾਂਦਾ ਹੈ, ਨਾਮ 'ਚ ਨਿਵਾਸ ਕਰ ਲੈਣਾ, ਉਹਦੀਆਂ ਨਿਸ਼ਾਨੀਆਂ ਨੇ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥* *ਅੰਗ- ੬੪੯*

ਜਿਹੜਾ ਹਿਰਦੇ 'ਚ ਵਸਾ ਲੈਂਦਾ ਹੈ ਉਹਨੂੰ। ਇਹ ਜੇ ਦੇਖਣਾ ਹੋਵੇ, ਜਿਵੇਂ ਸਾਡੀ ਦੁਸ਼ਮਣੀ ਹੋਵੇ ਕਿਸੇ ਨਾਲ। ਰਾਹ ਰੋਕ ਕੇ ਰਖਦਾ ਹੋਵੇ। ਦਿਨ 'ਚ ਵੀ ਤੇ ਰਾਤ ਨੂੰ ਵੀ। ਉਹ ਇਸੇ 'ਚ ਫਸ ਗਿਆ, ਬਥੇਰਾ ਭੁੱਲਾਂਗੇ, ਨਹੀਂ ਭੁੱਲਦੇ ਰੋਟੀ ਵੀ ਖਾਣ ਤੋਂ ਰਹਿ ਜਾਵਾਂਗੇ। ਨੀਂਦ ਆਉਣ ਤੋਂ ਹਟ ਜਾਏਗੀ,

ਨੀਂਦ ਦੀਆਂ ਗੋਲੀਆਂ ਵੀ ਅਸਰ ਨਹੀਂ ਕਰਨਗੀਆਂ ਕਿਉਂਕਿ ਹਿਰਦੇ 'ਚ ਵਸ ਗਿਆ। ਵਾਹਿਗੁਰੂ ਤਾਂ ਵਸਦਾ ਨਹੀਂ ਨਾ। ਉਹਦੇ ਲਈ ਤਾਂ ਚਿਤ ਨਹੀਂ ਫਿਰਦਾ ਜੀ। ਰਸ ਨਹੀਂ ਆਉਂਦਾ ਜੀ। ਰੋਜ਼ ਬੈਠਦੇ ਹਾਂ-ਰੋਜ਼ ਬੈਠਦੇ ਹਾਂ, ਫੇਰ ਇਹ ਗੱਲ ਸਮਝ ਵਿਚ ਨਹੀਂ ਆ ਸਕਦੀ। ਸੁਣ ਤਾਂ ਲੈਂਦੇ ਹਾਂ, ਸੁਣਨ ਤੋਂ ਅਗਾਹਾਂ ਮੰਨਣ ਦੀ ਗੱਲ ਹੈ। ਸੁਣ ਲੈਂਦੇ ਹਾਂ ਮੰਨਦੇ ਨਹੀਂ ਹਾਂ, ਮੰਨਣ ਦੇ ਵਿਚ ਬੜੀ ਸਮੱਸਿਆ ਹੈ ਕਿ ਜੇ ਅਸੀਂ ਇਹ ਗੱਲ ਮੰਨ ਲਈ ਸਾਡੀ ਤਾਂ ਦੁਨੀਆਂ ਹੀ ਗਈ ਆਈ ਹੋ ਗਈ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਅੰਮ੍ਰਿਤਸਰ ਸਰੋਵਰ ਖੁਦਵਾ ਰਹੇ ਸੀ। ਸੰਤੋਖਸਰ ਜਿਹਨੂੰ ਕਹਿੰਦੇ ਨੇ। ਕੋਈ ਚੰਗਾ ਸੇਠ ਪੈਸਾ ਲੈ ਕੇ ਆਇਆ ਸੀ। ਪੁੱਤਰ ਦੀ ਦਾਤ ਮੰਗਦਾ ਸੀ। ਮਹਾਰਾਜ ਕਹਿੰਦੇ, ਤੈਨੂੰ ਇਹੋ ਜਿਹਾ ਪੁੱਤਰ ਦਿੰਦੇ ਹਾਂ ਕਿ ਜਿਹੜਾ ਜੁਗਾਂ ਤਕ ਕਾਇਮ ਰਹੇ। ਸਰੋਵਰ ਦੀ ਖੁਦਾਈ ਸ਼ੁਰੂ ਹੋ ਗਈ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਆਪ ਨੇ ਕਿਹਾ ਕਿ ਖਾਸ ਧਿਆਨ ਦੇ ਕੇ ਤੁਸੀਂ ਖੁਦਾਈ ਕਰਨੀ ਹੈ -

*ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥*

*ਅੰਗ - ੧੩੮੪*

ਮਹਾਂਪੁਰਸ਼ ਦਸਦੇ ਨਹੀਂ ਹੁੰਦੇ, ਪਤਾ ਹੁੰਦਾ ਹੈ ਉਹਨਾਂ ਨੂੰ ਕਿ ਇਥੇ ਕੀ ਗੱਲ ਹੋਣੀ ਹੈ। ਰਮਜ਼ਾਂ ਮਾਰੀ ਜਾਣਗੇ। ਬਾਬਾ ਬੁੱਢਾ ਜੀ ਸਮਝਦੇ ਸੀ ਕਿ ਗੁਰੂ ਮਹਾਰਾਜ ਨੇ ਜਿਹੜਾ ਸਾਡੀ ਡਿਊਟੀ ਲਾ ਕੇ ਕਿਹਾ ਹੈ ਕਿ ਧਿਆਨ ਨਾਲ ਖੁਦਾਈ ਕਰਵਾਇਓ, ਇਥੇ ਜ਼ਰੂਰ ਕੋਈ ਗੱਲ ਹੋਣੀ ਹੈ। ਉਹਨਾਂ ਨੇ ਅਗਾਂਹਾਂ ਪਾਸ ਕਰ ਦਿਤੀ। ਜਦੋਂ ਕਾਫੀ ਡੂੰਘਾ ਪੁੱਟਿਆ ਗਿਆ, ਇਕ ਗੁਰਸਿੱਖ ਆਇਆ ਕਹਿਣ ਲੱਗਿਆ, ਬਾਬਾ ਜੀ, ਬਾਬਾ ਜੀ! ਕਹਿੰਦਾ, ਮੇਰੇ ਨਾਲ ਚੱਲੋ ਮਿੱਟੀ ਤੋਂ ਉਤੇ ਕੁਝ ਹੋਰ ਤਰ੍ਹਾਂ ਦਾ ਮਾਹੌਲ ਬਣਦਾ ਜਾਂਦਾ ਹੈ। ਕੋਈ ਇੱਟਾਂ ਨੇ। ਤੁਹਾਡੀ ਅਸੀਂ ਹਾਜ਼ਰੀ 'ਚ ਪੁੱਟਾਂਗੇ। ਕਹਿੰਦੇ, ਆਪਾਂ ਮਹਾਰਾਜ ਜੀ ਨਾਲ ਗੱਲ ਕਰ ਲਈਏ। ਗੁਰੂ ਮਹਾਰਾਜ ਕੋਲ ਆ ਗਏ। ਮਹਾਰਾਜ ਕਹਿੰਦੇ, ਦੇਖੋ। ਬਹੁਤ ਧਿਆਨ ਨਾਲ ਖੁਦਾਈ ਕਰਿਓ। ਇਹ ਇਕ ਮੱਠ ਹੈ, ਤ੍ਰੇਤੇ ਯੁੱਗ ਦੇ ਵਿਚ ਇਥੇ ਇਕ ਯੋਗੀ ਬੈਠਾ ਸੀ, ਉਹ ਇਹਦੇ ਵਿਚ ਹੁਣ ਵੀ ਬੈਠਾ ਹੈ। ਸਵਾਸ ਉਹਨੇ ਚਾੜ੍ਹੇ ਹੋਏ ਨੇ। ਨਾ ਉਨ੍ਹਾਂ ਨੂੰ ਲੱਖ ਸਾਲ ਦਾ ਕੁਝ ਹੁੰਦੈ, ਨਾ ਉਨ੍ਹਾਂ ਨੂੰ 10 ਲੱਖ ਸਾਲ ਦਾ ਹੁੰਦੈ। brain ਵਿਚ ਸਵਾਸ ਹੁੰਦੈ, ਸਰੀਰ ਪੁਰਾਣਾ ਨਹੀਂ ਹੁੰਦਾ। ਖੜ੍ਹ ਜਾਂਦਾ ਹੈ ਸਰੀਰ ਉਥੇ ਹੀ। ਆਹ ਜਿਹੜਾ ਰਿੱਛ ਹੁੰਦੈ, ਇਹ ਬਰਫਾਂ ਦੇ ਵਿਚ ਜਦੋਂ ਬਰਫ ਪੈਣੀ ਸ਼ੁਰੂ ਹੁੰਦੀ ਹੈ, ਉਸ ਤੋਂ ਪਹਿਲਾਂ ਖੁਰਾਕ ਜਮ੍ਹਾਂ ਕਰਦਾ ਹੈ। ਬਰਫਾਂ ਵਿਚ ਸਾਰੇ ਜੀਵ ਹੀ ਇਸ ਤਰ੍ਹਾਂ ਜਮ੍ਹਾਂ ਕਰਦੇ ਨੇ। ਆਪਣੀ-ਆਪਣੀ ਖੁਰਾਕ ਛੁਪਾਉਣ ਲਗ ਜਾਂਦੇ ਨੇ। ਛੁਪਾ ਕੇ ਫੇਰ ਡੱਕੇ ਵਗੈਰਾ ਖਿੱਚ ਕੇ ਲਿਆਉਣਗੇ, ਉਹਦੇ ਉਤੇ ਲਾਈ ਜਾਣਗੇ। ਬਰਫ ਪੈ ਜਾਂਦੀ ਹੈ, ਡੱਕੇ ਜਿਹੜੇ ਨੇ ਬਰਫ ਦੇ ਥੱਲੇ ਆ ਜਾਂਦੇ ਨੇ। ਉਹਦੇ ਥੱਲੇ ਜਿਵੇਂ ਫਰਿੱਜ ਵਿਚ ਖੁਰਾਕ ਹੁੰਦੀ ਹੈ ਇਸ ਤਰ੍ਹਾਂ ਉਹਨਾਂ ਦੀ ਖੁਰਾਕ ਪਈ ਹੁੰਦੀ ਹੈ। ਉਹ ਖਰਾਬ ਨਹੀਂ ਹੁੰਦੀ। ਉਹਦੇ ਵਿਚ ਕੋਈ ਵੀ ਕੀਟਾਣੂ ਨਹੀਂ ਪੈਂਦਾ, ਤੇ ਆਪ ਸਾਹ ਖਿੱਚ ਕੇ ਪੈ ਜਾਂਦੇ ਨੇ। ਛੇ ਮਹੀਨੇ ਸਾਹ ਖਿੱਚ ਲੈਂਦਾ ਹੈ ਰਿੱਛ। ਹਿਸਾਬ ਹੁੰਦੈ ਕਿ ਇਸ ਵੇਲੇ ਮੌਸਮ ਬਦਲਣਾ ਹੈ ਪਾਣੀ ਢਲਣੈ, ਫੇਰ ਸਾਨੂੰ ਖਾਣ ਦੀ ਲੋੜ ਪੈਣੀ ਹੈ, ਫੇਰ ਅਸੀਂ ਕੱਢ ਲਵਾਂਗੇ, ਜਿੱਥੇ ਵੀ ਲਕੋਇਆ ਹੋਏਗਾ। ਕੁਦਰਤ ਨੇ ਹਿਸਾਬ ਰੱਖਿਆ ਹੋਇਆ ਹੈ, ਇਹਨਾਂ ਨੂੰ ਪਤਾ ਹੈ, ਸਾਨੂੰ ਨਹੀਂ ਪਤਾ ਇਸ ਗੱਲ ਦਾ ਗਿਆਨ ਨਹੀਂ ਹੈ। ਸਾਡੇ ਯੋਗੀਆਂ ਨੂੰ ਗਿਆਨ ਸੀ ਕਿ ਸਰੀਰ ਦੀ ਉਮਰ ਲੱਖਾਂ ਸਾਲ ਤੱਕ ਕੀਤੀ ਜਾ ਸਕਦੀ ਹੈ -

*ਲੱਖ ਵਰ੍ਹਿਆਂ ਦੀ ਆਰਜਾ ਵਖਤ ਗੁਜਾਰਨ ਭਿੰਨੀ ਸਾਜੇ।*

*ਭਾਈ ਗੁਰਦਾਸ ਜੀ*

ਗੁਰੂ ਦਸਵੇਂ ਪਾਤਸ਼ਾਹ ਜੋਗੀਪੁਰ ਗਏ ਹੋਏ ਨੇ। ਇਕ ਜੋਗੀ ਨੇ ਸਮਾਧੀ ਖੋਲ੍ਹੀ, ਮੱਠ ਵਿਚੋਂ ਕੱਢ ਲਿਆ। 500 ਸਾਲ ਪਹਿਲਾਂ ਸਮਾਧੀ ਲਾਈ ਸੀ। ਪੁਸ਼ਤ-ਦਰ-ਪੁਸ਼ਤ ਕਹਿੰਦੇ ਚਲੇ ਗਏ ਕਿ ਜਦੋਂ 500 ਸਾਲ ਹੋਏਗਾ, ਓਦੋਂ ਇਹ ਮੱਠ ਖੁਲ੍ਹਣਾ ਹੈ। ਸਰੋਵਰ ਦੇ ਕੰਢੇ ਸੀ। ਗੁਰੂ ਮਹਾਰਾਜ ਸਰੋਵਰ ਦੇ ਉਰਲੇ ਪਾਸੇ ਉਤਰ ਆਏ ਸੀ। ਉਸ ਵੇਲੇ ਰੌਲਾ-ਗੋਲਾ ਸੁਣਿਆ। ਕਹਿਣ ਲੱਗੇ, ਕਿਸ ਗੱਲ ਦਾ ਰੌਲਾ ਹੈ। ਕਹਿੰਦੇ, ਗੁਰੂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਜਿਹੜੇ ਭਾਰਤ ਵਰਸ਼ ਨੂੰ ਤੁਰਕਾਂ ਦੇ ਅਜ਼ਾਮ ਤੋਂ ਅਜ਼ਾਦ ਕਰਾ ਰਹੇ ਨੇ। ਉਹਨਾਂ ਨੇ ਪੂਰੇ ਮਨੁੱਖ ਦੀ ਸਾਜਨਾ ਕੀਤੀ ਹੈ। ਜਿਹੜਾ ਮਨੁੱਖ ਹੁੰਦਾ ਹੋਇਆ, ਰਿਸ਼ੀ ਵੀ ਹੈ ਤੇ ਮਨੁੱਖ ਹੁੰਦਾ ਹੋਇਆ ਪ੍ਰਮੇਸ਼ਰ ਵੀ ਹੈ। ਉਹਨਾਂ ਨੇ ਬਹੁਤ ਕੁਰਬਾਨੀਆਂ ਦਿਤੀਆਂ ਨੇ। ਸਾਹਿਬਜ਼ਾਦੇ ਸ਼ਹੀਦ ਕਰਾ ਲਏ। ਕਹਿਣ ਲੱਗੇ, ਦਰਸ਼ਨ ਕਰੀਏ ਉਹਨਾਂ ਦੇ। ਸਮਾਂ ਲਓ। ਅਰ ਇਕ ਗੱਲ ਦੱਸੋ ਕਿ ਉਹਨਾਂ ਦੀ ਉਮਰ ਕਿੰਨੀ ਹੈ? ਕਹਿੰਦੇ, ਉਮਰ ਤਾਂ ਉਹਨਾਂ ਦੀ 40 ਕੁ ਸਾਲ ਦੀ ਲਗਦੀ

ਹੈ। ਘੱਟ ਹੋਣੀ ਹੈ ਸਾਲ, ਦੋ ਸਾਲ। ਕਹਿੰਦੇ, ਫੇਰ ਉਹਨਾਂ ਨੇ ਕਿਹੜੇ ਵੇਲੇ ਇੜਾ, ਪਿੰਗਲਾ, ਸੁਖਮਨਾ, ਸਾਧੀਆਂ ਕਦੋਂ ਕੁੰਡਲਨੀ ਜਗਾਈ। ਕਿੰਨਾ ਸਮਾਂ ਲੱਗਿਆ ਉਹਨਾਂ ਨੂੰ ਮੂਲਧਾਰ ਚੱਕਰ 'ਚੋਂ ਕੁੰਡਲਨੀ ਨੂੰ ਉਠਾਉਣ ਵਾਸਤੇ। ਸਵਾਧਿਸ਼ਠਾਨ, ਮਣੀਪੂਰਕ ਚੱਕਰ 'ਚੋਂ ਲੰਘਣ ਵਾਸਤੇ ਸਮਾਂ ਚਾਹੀਦਾ ਹੈ। ਅਨਾਹਤ ਚੱਕਰ 'ਚੋਂ, ਵਿਸ਼ੁੱਧ ਚੱਕਰ 'ਚੋਂ ਲੰਘਣਾ ਹੈ। ਫੇਰ ਆਗਿਆ ਚੱਕਰ ਹੈ, ਤ੍ਰਿਕੁਟੀ ਹੈ, ਸਹੰਸਰਾਰ ਦਲ ਕਮਲ ਹੈ। ਫੇਰ ਉਸ ਤੋਂ ਅਗਾਹਾਂ ਦਸਵਾਂ ਦੁਆਰ ਆਉਂਦਾ ਹੈ। ਐਨੀ ਛੋਟੀ ਉਮਰ 'ਚ ਇਹ ਸਭ ਇਹਨਾਂ ਨੇ ਕਦੋਂ ਕਰ ਲਿਆ। ਨਾਲ ਤੁਸੀਂ ਕਹਿੰਦੇ ਹੋਂ ਕਿ ਸਸ਼ਤਰਧਾਰੀ ਨੇ ਯੁੱਧ, ਜੰਗ ਕਰਦੇ ਆਏ। ਹੁਣ ਤੱਕ 14 ਲੜਾਈਆਂ ਉਹਨਾਂ ਦੇ ਗਲ ਪਈਆਂ। ਨਾ-ਨਾ ਉਹ ਤਾਂ ਬਾਲਕਾ ਹੈ ਛੋਟਾ ਜਿਹਾ। ਉਥੇ ਗੁਰਸਿੱਖ ਵੀ ਬੈਠੇ ਸੀ। ਗੁਰੂ ਮਹਾਰਾਜ ਨੂੰ ਆ ਕੇ ਉਹਨਾਂ ਨੇ ਦੱਸਿਆ ਕਿ ਸੱਚੇ ਪਾਤਸ਼ਾਹ! ਉਹ ਜੋਗੀ ਜਿਹਦੇ ਨਾਮ 'ਤੇ ਪਿੰਡ ਦਾ ਨਾਂ ਜੋਗੀਪੁਰਾ ਹੈ, ਇਸ ਤਰ੍ਹਾਂ ਕਹਿੰਦਾ ਹੈ ਆਪ ਜੀ ਬਾਰੇ ਉਹ। ਮਹਾਰਾਜ ਜੀ ਹੱਸ ਪਏ, ਕਹਿੰਦੇ, ਕੰਜੂਸ ਹੈ ਕੰਜੂਸ। ਪੁਰਾਣਾ ਖੱਲੜ ਚੁੱਕੀ ਫਿਰਦੈ। ਅਮੀਰ ਆਦਮੀ ਥੋੜ੍ਹਾ ਚਿਰ ਚੀਜ਼ ਪਹਿਨ ਕੇ ਉਸੇ ਵੇਲੇ ਕਿਸੇ ਨੂੰ ਦੇ ਦਿੰਦੈ। ਬਹੁਤਾ ਚਿਰ ਨਹੀਂ ਰੱਖਦੇ। ਇਹ ਕੰਜੂਸ ਹੈ ਓਹੀ ਪੁਰਾਣਾ ਖੱਲੜ ਲਈ ਫਿਰਦੈ। 5 ਹਜ਼ਾਰ 1 ਸੌ 12 ਸਾਲ ਦੀ ਉਮਰ ਹੈ ਇਹਦੀ। ਜਾ ਕੇ ਉਹਦੇ ਸੇਵਕਾਂ ਨੇ ਦਸ ਦਿਤਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਤਰ੍ਹਾਂ ਕਹਿੰਦੇ ਨੇ। ਕਹਿੰਦਾ, ਹੈਂ! ਐਨਾ ਅਨੁਭਵ। ਬਿਲਕੁਲ ਮੇਰੀ ਉਮਰ ਐਨੀ ਹੀ ਹੈ। ਇਹ ਵੱਡੀਆਂ ਉਮਰਾਂ ਕਰ ਲੈਂਦੇ ਸੀ।

*ਵਡੀ ਆਰਜਾ ਫਿਰਿ ਫਿਰਿ ਜਨਮੈ*
*ਹਰਿ ਸਿਉ ਸੰਗੁ ਨ ਗਹਿਆ।* *ਭਾਈ ਗੁਰਦਾਸ ਜੀ*

ਵੱਡੀ ਆਰਜਾ ਕਰ ਲੈਂਦੇ ਨੇ। ਸੋ ਇਸ ਨੇ ਦਸਵੇਂ ਦੁਆਰ 'ਚ ਸੁਆਸ ਖਿੱਚੇ ਹੋਏ ਨੇ। ਹੌਲੀ-ਹੌਲੀ ਜਗ੍ਹਾ ਪੁੱਟਿਓ ਤੁਸੀਂ। ਜਦੋਂ ਪੁੱਟ ਲਿਓ, ਫੇਰ ਸਾਨੂੰ ਖਬਰ ਕਰ ਦਿਓ। ਅਸੀਂ ਆਪਣੇ ਸਾਮ੍ਹਣੇ ਉਹਦੀ ਸੁਰਤ ਉਤਾਰਾਂਗੇ। ਓਨਾਂ ਚਿਰ ਤੁਸੀਂ ਇਸ ਤਰ੍ਹਾਂ ਕਰੋ, ਮੁਸ਼ਕ ਕਪੂਰ ਲੈ ਆਓ, ਬਦਾਮ ਰੋਗਨ ਲੈ ਆਓ। ਹੋਰ ਚੀਜ਼ਾਂ ਦਸ ਦਿਤੀਆਂ। ਹੱਥਾਂ, ਪੈਰਾਂ ਦੀਆਂ ਤਲੀਆਂ 'ਤੇ ਮਾਲਿਸ਼ ਕਰਨ ਵਾਲੀਆਂ। ਦਸਵੇਂ ਦੁਆਰ 'ਤੇ ਮਾਲਸ ਕਰਨ ਵਾਲੀਆਂ। ਸਾਰੀਆਂ ਚੀਜ਼ਾਂ ਮਹਾਰਾਜ ਨੇ ਪਹਿਲਾਂ ਹੀ ਮੰਗਵਾ ਲਈਆਂ। ਸੁਗੰਧੀਆਂ ਮੰਗਵਾ ਲਈਆਂ ਤੇ ਦਰਵਾਜ਼ਾ ਦੇਖ ਕੇ ਕਿਹਾ ਕਿ ਆਹ ਦਰਵਾਜ਼ਾ ਭੰਨੋ। ਹੌਲੀ-ਹੌਲੀ ਦਰਵਾਜ਼ਾ ਭੰਨਿਆ। ਚੌਂਕੜਾ ਮਾਰਿਆ ਹੋਇਐ, 90 ਡਿਗਰੀ ਦੇ ਦਰਜੇ 'ਤੇ ਸਿੱਧਾ ਬੈਠਾ ਹੈ। ਮਹਾਰਾਜ ਕਹਿੰਦੇ, ਰੂੰ 'ਚ ਲਪੇਟੋ ਇਸ ਨੂੰ। ਹਵਾ ਲੱਗੇਗੀ, ਬੜੀ ਦੇਰ ਤੋਂ ਇਹਨੂੰ ਹਵਾ ਨਹੀਂ ਲੱਗੀ। ਹੱਡੀਆਂ ਦਾ ਢਾਂਚਾ ਬਣਿਆ ਹੋਇਐ। ਰੂੰ 'ਚ ਲਪੇਟਣ ਤੋਂ ਬਾਅਦ ਮਹਾਰਾਜ ਨੇ ਆਪਣੇ ਦਸਤ-ਏ-ਮੁਬਾਰਕ ਨਾਲ ਕਸਤੂਰੀ ਵਗੈਰਾ ਦੀ ਮਾਲਿਸ਼ ਆਪ ਵੀ ਉਸ ਦੇ ਕਰੀ ਤੇ ਸਿੰਘ ਨੂੰ ਦਸ-ਦਸ ਕੇ ਕਰਾਈ। ਕਾਫ਼ੀ ਮਿਹਨਤ ਤੋਂ ਬਾਅਦ ਉਹਦੀ ਅੱਖ ਫਰਕੀ। ਉਸ ਵੇਲੇ ਮਹਾਰਾਜ ਜੀ ਨੇ ਅਵਾਜ਼ ਦਿਤੀ ਕਿ ਬਾਹਰ ਆਓ। ਜੋ ਉਹਦੀ ਬੋਲੀ ਸੀ ਉਹਦੇ ਵਿਚ ਕਿਹਾ। ਉਹਨੇ ਅੱਖ ਖੋਲ੍ਹੀ। ਖੋਲ੍ਹ ਕੇ ਦੇਖਿਆ ਸਾਰਾ। ਬੋਲਣ ਦਾ ਯਤਨ ਕਰਦੈ। ਮੂੰਹ ਵਿਚ ਕੁਝ ਪਾਇਆ ਗਿਆ। ਬਦਾਮ ਰੋਗਨ ਵਗੈਰਾ, ਹੋਰ ਜੂਸ ਵਗੈਰਾ ਦਿਤਾ ਗਿਆ। ਥੋੜ੍ਹੀ ਦੇਰ ਤੋਂ ਬਾਅਦ ਸਰੀਰ ਨਿੱਘਾ ਹੋ ਗਿਆ। ਬਿਠਾ ਦਿਤਾ, ਦੇਖਣ ਲਗ ਗਿਆ, ਸੁਣਨ ਲਗ ਗਿਆ। ਪਹਿਲਾ ਸਵਾਲ ਇਹ ਕਰਿਆ ਕਿ ਕਿਹੜਾ ਯੁੱਗ ਹੈ? ਬਾਬਾ ਬੁੱਢਾ ਜੀ ਨੇ ਕਿਹਾ ਕਿ ਕਲਜੁਗ ਚੱਲ ਰਿਹਾ ਹੈ। ਕੌਣ ਗੁਰੂ ਹੈ? ਕੌਣ ਤਾਰਕ ਹੈ ਇਸ ਵੇਲੇ ਸੰਸਾਰ ਦਾ? ਕਿਉਂਕਿ ਹਰ ਸਮੇਂ ਇਕ ਤਾਰਕ ਹੁੰਦੈ। ਉਹਦੀ ਡਿਊਟੀ ਹੁੰਦੀ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਜਿਸ ਵਕਤ ਗਏ ਨੇ ਪੀਰ ਦਾ ਪੁੱਤਰ ਨਾਲ ਲਿਆ। ਭਾਈ ਗੁਰਦਾਸ ਜੀ ਨੇ ਬਚਨ ਲਿਖਿਆ ਹੈ ਕਿ ਜਿਥੇ ਇਹ ਜਾਂਦੇ ਸੀ ਉਥੇ ਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸੰਗਤ ਸੀ, ਉਸੇ ਬ੍ਰਹਿਮੰਡ 'ਚ-ਹਰ ਉਸੇ ਬ੍ਰਹਿਮੰਡ ਵਿਚ। ਹੁਣ ਇਹ ਗੱਲ ਕੀ ਹੋਈ, ਸ੍ਰੀ ਗੁਰੂ ਨਾਨਕ ਸਾਹਿਬ ਤਾਂ ਇਥੇ ਸੀਗੇ? ਹਰ ਥਾਂ ਉਤੇ, ਪੂਰੀ ਕਾਇਨਾਤ ਵਿਚ, ਜਿਥੇ ਤਕ ਵੀ ਵਾਹਿਗੁਰੂ ਦੀ ਬੇਅੰਤਤਾ ਹੈ, ਹਰ ਬ੍ਰਹਿਮੰਡ ਦੇ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਸੀਗੇ। ਇਕੱਲੇ ਇਥੇ ਨਹੀਂ ਸੀਗੇ, ਗੁਰੂ ਪ੍ਰਮੇਸ਼ਰ ਸੀਗੇ ਉਹ। ਹਰ ਥਾਂ ਦੇ ਉਤੇ ਉਹਨਾਂ ਦੀਆਂ ਸੰਗਤਾਂ ਸੀ। ਹਰ ਥਾਂ ਦੇ ਉਤੇ ਜਦੋਂ ਭੋਗ ਪੈਂਦਾ ਸੀ, ਪ੍ਰਸ਼ਾਦ ਲੈਂਦੇ ਸੀ। ਕਚਕੌਲ ਭਰ ਗਿਆ ਸੀ।

ਸੋ ਉਹਨੇ ਕਿਹਾ ਕਿ ਹੁਣ ਕਿਸ ਦਾ ਰਾਜ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਮਾਂ ਲੰਘ ਗਿਆ? ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਸਰੀਰ ਤਾਂ ਲੰਘ ਗਿਆ। ਦੂਸਰਾ, ਤੀਸਰਾ, ਚੌਥਾ ਵੀ ਲੰਘ ਗਿਆ। ਹੁਣ ਪੰਜਵਾਂ ਸਰੀਰ ਹੈ ਜਿਹਦਾ ਨਾਉਂ ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਹੈ। ਕਹਿਣ ਲੱਗਿਆ,

ਮੈਨੂੰ ਉਹਨਾਂ ਕੋਲ ਲੈ ਜਾਓ। ਗੁਰੂ ਮਹਾਰਾਜ, ਕਹਿਣ ਲੱਗੇ, ਅਸੀਂ ਆਪ ਹੀ ਆ ਜਾਵਾਂਗੇ। ਉਥੇ ਮਹਾਰਾਜ ਜੀ ਆ ਗਏ। ਨਮਸ਼ਕਾਰ ਕਰਨ ਦਾ ਯਤਨ ਕਰਿਆ। ਉਸ ਤੋਂ ਬਾਅਦ ਮਹਾਰਾਜ ਕਹਿੰਦੇ, ਦੱਸੋ ਕੀ ਮਨੋਰਥ ਹੈ? ਕਹਿਣ ਲੱਗਿਆ, ਪਾਤਸ਼ਾਹ! ਤ੍ਰੇਤੇ ਯੁੱਗ ਦੇ ਵਿਚ ਸ੍ਰੀ ਰਾਮ ਚੰਦਰ ਜੀ, ਸ੍ਰੀ ਲਛਮਣ ਜੀ ਰਾਜਸੂ ਯੱਗ ਕਰਦੇ-ਕਰਦੇ ਇਥੇ ਘੋੜਾ ਲੈ ਕੇ ਆਏ ਤਾਂ ਇਥੇ ਉਹਨਾਂ ਦੇ ਹੋਣਹਾਰ ਪੁੱਤਰ ਲਵ ਤੇ ਕੁਸ਼ ਬਾਲਮੀਕ ਰਿਸ਼ੀ ਦੇ ਆਸ਼ਰਮ ਵਿਚ ਰਹਿੰਦੇ ਸੀ। ਘੋੜਾ ਆਇਆ। ਹਨੂੰਮਾਨ ਦੇ ਪਾਸ ਘੋੜਾ ਫੜਿਆ ਹੋਇਆ ਸੀ। ਬੱਚੇ ਸੀ, ਅਜੇ ਉਹਨਾਂ ਨੇ ਜਵਾਨੀ 'ਚ ਪੈਰ ਨਹੀਂ ਸੀ ਧਰਿਆ। ਉਹ ਪਹਿਲਾਂ ਹਨੂੰਮਾਨ ਨੂੰ ਦੇਖ ਕੇ ਹੱਸੇ, ਫੇਰ ਉਹਨਾਂ ਨੇ ਪੁੱਛਿਆ ਤੇ ਘੋੜਾ ਲੈ ਲਿਆ ਉਹਨਾਂ ਤੋਂ। ਹਨੂੰਮਾਨ ਕਿਉਂਕਿ ਰਾਮ ਭਗਤ ਸੀ। ਰਾਮ ਦੇ ਪਰਿਵਾਰ ਨੂੰ ਕੋਈ ਵੀ ਨੁਕਸਾਨ ਨਹੀਂ ਸੀ ਪਹੁੰਚਾਉਣਾ ਚਾਹੁੰਦਾ। ਉਹਨੇ ਜਾ ਕੇ ਦਸਿਆ, ਫੌਜਾਂ ਸੀ ਕੁਝ ਨਾਲ। ਜਿਹੜੀ ਵੀ ਫੌਜ ਆਈ, ਉਹਨਾਂ ਬੱਚਿਆਂ ਨੇ ਸਭ ਨੂੰ ਮੂਰਸ਼ਤ ਕਰ ਦਿਤਾ। ਭਰਤ, ਸ਼ਤਰੂਗਨ, ਲਛਮਣ ਜੀ ਸਭ ਨੂੰ ਮੂਰਸ਼ਤ ਕਰ ਦਿਤਾ। ਅਖੀਰ ਫੇਰ ਸ੍ਰੀ ਰਾਮ ਚੰਦਰ ਜੀ ਨੂੰ ਆਉਣਾ ਪਿਆ। ਉਸ ਵੇਲੇ ਫੌਜਾਂ ਮੂਰਸ਼ਤ ਹੋ ਗਈਆਂ ਸੀ। ਸੀਤਾ ਜੀ ਆ ਗਏ ਐਨੇ ਨੂੰ ਕਿ ਕੀ ਐਨਾ ਰੌਲਾ ਪੈ ਰਿਹਾ। ਜਦੋਂ ਸ੍ਰੀ ਰਾਮ ਚੰਦਰ ਜੀ ਆਏ ਤਾਂ ਸੀਤਾ ਨੇ ਦਸਿਆ ਕਿ ਇਹ ਤੁਹਾਡੇ ਪਿਤਾ ਨੇ। ਤੁਸੀਂ ਬੜਾ ਮਾੜਾ ਕੰਮ ਕਰਿਆ, ਆਪਣੇ ਚਾਚੇ ਮੂਰਸ਼ਤ ਕਰ ਦਿਤੇ। ਆਪਣੀ ਹੀ ਫੌਜ ਮੂਰਸ਼ਤ ਕਰ ਦਿਤੀ। ਹਨੂੰਮਾਨ ਨੇ ਸਾਰੀ ਗੱਲ ਮਾਤਾ ਜੀ ਨੂੰ ਦਸੀ। ਐਸਾ ਵੀ ਆਉਂਦਾ ਹੈ ਕਿ ਸ੍ਰੀ ਰਾਮ ਚੰਦਰ ਜੀ ਵੀ ਮੂਰਸ਼ਤ ਹੋਏ ਪਏ ਸੀ। ਉਸ ਵੇਲੇ ਇਹਨਾਂ ਨੇ ਇੰਦਰ ਤੋਂ ਜਾ ਕੇ ਅੰਮ੍ਰਿਤ ਦਾ ਕਲਸ਼ ਲਿਆਂਦਾ। ਉਹ ਸਾਰਿਆਂ ਦੇ ਉਤੇ ਛਿੜਕਿਆ। ਛਿੜਕਣ ਤੋਂ ਬਾਅਦ ਸਾਰੀਆਂ ਫੌਜਾਂ ਸੁਰਜੀਤ ਹੋ ਗਈਆਂ। ਜਿਹੜਾ ਬਚ ਗਿਆ ਉਹ ਵਾਪਸ ਨਹੀਂ ਕਰਿਆ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਇਥੋਂ ਨੇੜੇ ਹੀ ਫਰਲਾਂਗ, ਦੋ ਫਰਲਾਂਗ 'ਤੇ ਉਹਨਾਂ ਨੇ ਇਥੇ ਦੱਬ ਦਿਤਾ। ਕਲਜੁਗ ਵਿਚ ਤੀਰਥ ਨੇ ਪ੍ਰਗਟ ਹੋਣਾ ਹੈ, ਕੀ ਉਹ ਹੋ ਗਿਆ? ਕਹਿੰਦੇ, ਹਾਂ ਹੋ ਗਿਆ। ਸ੍ਰੀ ਅੰਮ੍ਰਿਤਸਰ। ਉਸ ਵੇਲੇ ਮਹਾਰਾਜ ਜੀ ਨੇ ਕਿਹਾ, ਠੀਕ ਹੈ ਨਿਰਣਾ ਹੋ ਗਿਆ। ਕਹਿੰਦਾ, ਮਹਾਰਾਜ! ਮੈਂ ਯੁੱਧ ਤੋਂ ਬਾਅਦ ਆਪਣੇ ਗੁਰੂ ਦੇ ਪਾਸ ਬੇਨਤੀ ਕਰੀ ਕਿ ਗੁਰਦੇਵ! ਮੈਨੂੰ ਗਿਆਨ ਕਰਾਓ। ਉਹ ਕਹਿਣ ਲੱਗੇ, ਤੈਨੂੰ ਗਿਆਨ ਦੀ ਵਸਤੂ ਜਿਹੜੀ ਹੈ, ਅਮਾਨਤ, ਇਹ ਮੇਰੇ ਕੋਲ ਨਹੀਂ ਹੈ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਤੈਨੂੰ ਮਿਲੇਗੀ। ਕਹਿੰਦੇ, ਤ੍ਰੇਤਾ ਯੁੱਗ ਬੀਤੇਗਾ, ਕਲਜੁਗ ਆਏਗਾ। ਤੂੰ ਯੋਗ ਭ੍ਰਿਸ਼ਟ ਤਾਂ ਨਹੀਂ। ਜਾਂ ਤਾਂ ਤੂੰ ਆਪਣੀ ਮਰਜ਼ੀ ਦੇ ਨਾਲ ਬ੍ਰਹਮ ਲੋਕ ਦੇ ਵਿਚ ਵਾਸਾ ਕਰ ਲੈ। ਸਰੀਰ ਧਾਰਨ ਕਰ ਲਈ ਆ ਜਾਈਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ 'ਤੇ ਜਾਂ ਤੂੰ ਯੋਗੀ ਹੈਂ ਸਵਾਸ ਖਿੱਚ ਲੈ। ਜੋ ਕੁਛ ਮੈਨੂੰ ਨਜ਼ਰ ਆ ਰਿਹਾ ਹੈ, ਉੱਚੇ ਥਾਂ ਦੇ ਉਤੇ ਮਿੱਟੀ ਆ ਜਾਏਗੀ। ਇਹ ਮੱਠ ਤੇਰਾ ਦਬ ਜਾਏਗਾ। ਉਹ ਉਥੇ ਸਰੋਵਰ ਬਣਾਉਣਗੇ ਤੇ ਤੈਨੂੰ ਕੱਢ ਲੈਣਗੇ। ਕਿਉਂਕਿ ਤੇਰੀ ਅਮਾਨਤ ਉਹਨਾਂ ਕੋਲ ਹੈ। ਉਹਨਾਂ ਨੂੰ ਵੀ ਓਨਾਂ ਹੀ ਹੈ ਜਿੰਨਾਂ ਤੈਨੂੰ ਹੈ। ਤੂੰ ਅਮਾਨਤ ਲੈਣੀ ਹੈ, ਉਹਨਾਂ ਨੇ ਦੇਣੀ ਹੈ। ਇਸ ਕਰਕੇ ਤੇਰੀ ਅਮਾਨਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜਵੇਂ ਸਰੂਪ ਕੋਲ ਹੋਏਗੀ।

ਕਹਿਣ ਲੱਗਿਆ, ਹੁਣ ਪੰਜਵਾਂ ਸਰੂਪ ਹੈ?

ਸਾਰੇ ਕਹਿਣ ਲੱਗੇ, ਹਾਂ ਜੀ।

ਮਹਾਰਾਜ ਜੀ ਨੂੰ ਨਮਸ਼ਕਾਰ ਕਰਨ ਲੱਗਿਆ। ਮਹਾਰਾਜ ਜੀ ਕਹਿਣ ਲੱਗੇ, ਤੁਸੀਂ ਦੱਸੋ ਯੋਗੀਰਾਜ! ਕੀ ਮਨੋਰਥ ਹੈ ਤੁਹਾਡਾ?

ਕਹਿਣ ਲੱਗਿਆ, ਪਾਤਸ਼ਾਹ! ਇਕ ਗੱਲ ਮੈਨੂੰ ਦੱਸੋ ਕਿ ਇਸ ਜਗਤ ਨੂੰ ਸੁਪਨਾ ਕਹਿੰਦੇ ਨੇ। ਕੀ ਸੁਪਨਾ ਸੱਚਾ ਹੁੰਦਾ ਹੈ ਕਿ ਝੂਠਾ? ਇਹ ਜਗਤ ਸੱਚਾ ਹੈ ਕਿ ਝੂਠਾ ਹੈ। ਗਿਆਨੀ ਇਸ ਨੂੰ ਝੂਠਾ ਕਹਿੰਦੇ ਨੇ ਗਿਆਨਵਾਨ ਪੁਰਸ਼ ਤੇ ਇਹ ਦਿਸਣ ਨੂੰ ਸੱਚਾ ਲਗਦਾ ਹੈ। ਓਹੀ ਜਗਤ ਹੈ ਜਦੋਂ ਮੈਂ ਸੀ। ਮਹਾਰਾਜ ਕਹਿੰਦੇ, ਉਹ ਤਾਂ ਬੀਤ ਗਏ ਨਾ ਲੋਕ। ਹੁਣ ਤਾਂ ਹੋਰ ਹੈ। ਕਹਿੰਦਾ, ਹਾਂ। ਮਹਾਰਾਜ! ਮੈਨੂੰ ਇਹ ਨਿਰਣਾ ਕਰੋ। ਦੂਸਰਾ ਇਹ ਹੈ ਕਿ ਆਤਮਾ ਇਕ ਹੈ, ਉਹਨੇ ਐਨੇ ਰੂਪ ਕਿਵੇਂ ਧਾਰ ਲਏ। ਤੀਸਰਾ ਪਾਰਬ੍ਰਹਮ ਪ੍ਰਮੇਸ਼ਰ ਨੂੰ ਅਚੱਲ ਕਹਿੰਦੇ ਨੇ, ਜੀਵ, ਜੰਤੂ ਜਿੰਨੀ ਸ੍ਰਿਸ਼ਟੀ ਹੈ ਸਾਰੀ ਚਲਾਇਮਾਨ ਹੈ। ਉਹ ਅਚੱਲ ਕਿਵੇਂ ਹੋ ਗਿਆ? ਫੇਰ ਉਹ ਜਗਤ ਦਾ ਰੂਪ ਧਾਰਨ ਕਰਕੇ ਨਿਰਲੇਪ ਕਿਵੇਂ ਰਹਿ ਗਿਆ? ਫੇਰ ਉਹਨੂੰ ਕੋਈ ਲੇਪ ਨਹੀਂ ਲਗਦਾ? -

*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥* *ਅੰਗ- ੮੯੪*

ਉਹ ਨਿਰਲੇਪ ਕਿਵੇਂ ਰਿਹਾ ਫੇਰ? ਪੰਜਵਾਂ ਮੇਰਾ ਸਵਾਲ ਹੈ ਮਹਾਰਾਜ! ਬ੍ਰਹਮ ਤੇ ਆਤਮਾ ਕਿਵੇਂ ਇਕ ਨੇ?

ਮਹਾਰਾਜ ਕਹਿਣ ਲੱਗੇ, ਜਿਹੜਾ ਤੇਰਾ ਪਹਿਲਾ ਸਵਾਲ ਹੈ, ਉਹਦਾ ਜਵਾਬ ਇਹ ਹੈ ਕਿ ਸੁਪਨਾ ਜਿੰਨਾਂ ਚਿਰ ਆਉਂਦਾ ਹੈ, ਓਨਾਂ ਚਿਰ ਸੱਚਾ ਲਗਦਾ ਹੈ। ਉਹਦੇ ਵਿਚ ਕੋਈ ਆਦਮੀ ਨਹੀਂ ਕਹਿ ਸਕਦਾ ਕਿ ਸੁਪਨਾ ਝੂਠਾ ਹੈ। ਉਹਨੂੰ ਬਿਲਕੁਲ ਸੱਚਾ ਲੱਗੇਗਾ। ਜੇ ਉਹਦੇ ਪਿੱਛੇ ਸ਼ੇਰ ਪੈ ਗਿਆ, ਦੌੜਿਆ ਜਾਏਗਾ, ਕੁੱਤੇ ਪੈ ਗਏ, ਇੱਟਾਂ ਮਾਰੂ, ਡੰਡੇ ਚਲਾਏਗਾ। ਭੁੱਖ ਲੱਗੀ ਹੋਈ ਹੈ, ਰੋਟੀ ਖਾਣ ਵਾਸਤੇ ਤੁਰਿਆ ਫਿਰੇਗਾ। ਪਾਣੀ ਦੀ ਪਿਆਸ ਲੱਗੀ ਹੈ, ਥਾਂ-ਥਾਂ 'ਤੇ ਪਾਣੀ ਭਾਲਦਾ ਫਿਰੇਗਾ। ਜੇ ਕੋਈ ਚੋਰ, ਡਾਕੂ ਮਗਰ ਪੈ ਜਾਏਗਾ, ਡਰਦੇ ਦਾ ਦਿਲ ਧੱਕ-ਧੱਕ ਕਰੇਗਾ। ਜੇ ਕੋਈ ਕਾਮ ਵਾਸ਼ਨਾ ਦਾ ਫੁਰਨਾ ਆ ਗਿਆ, ਤਾਂ ਪ੍ਰੈਕਟੀਕਲ ਨਜ਼ਰ ਆਉਂਦਾ ਹੈ, ਜਾਗਣ ਤੋਂ ਪਤਾ ਲਗਦਾ ਹੈ ਕਿ ਮੇਰੇ ਤੋਂ ਇਹ ਮੰਦ ਕਰਮ ਹੋ ਗਿਆ। ਮਹਾਰਾਜ ਕਹਿੰਦੇ, ਸੱਚਾ ਹੋਇਆ ਨਾ ਫੇਰ ਉਸ ਵੇਲੇ? ਕਹਿੰਦਾ, ਹਾਂ ਜੀ। ਕਹਿੰਦੇ, ਜਦੋਂ ਜਾਗ ਆ ਜਾਂਦੀ ਹੈ ਉਹ ਸੁਪਨਾ ਕਿੱਤੇ ਚਲਿਆ ਜਾਂਦੈ। ਉਹ ਕੁਛ ਸਮੇਂ ਵਾਸਤੇ ਹੋਇਆ, ਲੇਕਿਨ ਉਹ ਖਤਮ ਹੋ ਗਿਆ। ਸਾਰਾ ਹੀ ਸਮਾਜ, ਨਦੀਆਂ, ਨਾਲੇ, ਪਹਾੜ, ਭਿਆਨਕ ਜਾਨਵਰ, ਜੋ ਕੁਛ ਵੀ ਹੈ, ਸਾਰਾ ਖਤਮ ਹੋ ਗਿਆ। ਇਕ ਭਿਆਨਕ ਯਾਦਦਾਸ਼ਤ ਬਣੀ ਰਹਿ ਗਈ। ਜੇ ਪਿਆਰ ਵਾਲਾ ਸੁਪਨਾ ਹੈ, ਪਿਆਰ ਵਾਲੀਆਂ ਸ਼ਕਲਾਂ ਸਾਮ੍ਹਣੇ ਆਉਣਗੀਆਂ। ਗੱਲਾਂ ਸਾਮ੍ਹਣੇ ਆਉਣਗੀਆਂ, ਯਾਦਆਸ਼ਤ ਬਣੀ ਰਹੇਗੀ। ਲੇਕਿਨ ਹੈ ਝੂਠਾ। ਦੂਸਰਾ ਇਹ ਹੈ ਕਿ ਸੰਸਾਰ ਦੀ ਬਾਤ ਤੂੰ ਕਰੀ ਹੈ। ਇਹ ਸੰਸਾਰ ਵੀ ਬਿਲਕੁਲ ਸੁਪਨੇ ਵਰਗਾ ਹੈ। ਇਥੇ ਬੇਅੰਤ ਸੰਸਾਰ ਦੇ ਵਿਚ ਆਏ ਚਲੇ ਗਏ, ਜੇ ਸਤਿ ਹੁੰਦਾ, ਮੁੜ ਕੇ ਫੇਰ ਜ਼ਰੂਰ ਆ ਜਾਂਦੇ ਉਹ। ਪਰ ਜਿਹੜਾ ਚਲਿਆ ਗਿਆ ਉਹ ਕਦੇ ਨਹੀਂ ਮੁੜ ਕੇ ਆਇਆ। ਉਹਨੂੰ ਜਾਗ ਆਈ ਤਾਂ ਉਹਦੇ ਮੂਹਰੇ ਸੰਸਾਰ ਖਤਮ ਹੋ ਗਿਆ। ਸਾਮ੍ਹਣੇ ਕੋਈ ਹੋਰ ਦੁਨੀਆਂ ਖੜ੍ਹੀ ਹੋ ਗਈ। ਸੋ ਇਹ ਜਿਹੜਾ ਜੀਵਨ ਹੈ ਉਹਦੇ ਬਾਰੇ ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਜਗਜੀਵਨ ਐਸਾ ਜੀ,*
*ਸੁਪਨੇ ਜੈਸਾ-ਸੁਪਨੇ ਜੈਸਾ।*

*ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥*
*ਅੰਗ- ੪੯੨*

ਕਹਿੰਦੇ, ਜਿਵੇਂ ਸੁਪਨਾ ਹੈ ਆਹ ਜੀਵਨ ਇਹੋ ਜਿਹਾ ਹੀ ਹੈ। ਉਹ ਥੋੜ੍ਹੀ ਦੇਰ ਦਾ ਹੈ, ਉਹ ਬਹੁਤੀ ਦੇਰ ਦਾ ਹੈ। ਉਹ ਇਕ ਸੇਰ ਆਟਾ ਹੈ, ਉਹ ਵੀ ਖਾਇਆ ਜਾਣਾ ਹੈ। ਇਹ ਸੌ ਕੁਇੰਟਲ ਆਟਾ ਹੈ ਇਹ ਵੀ ਖਾਇਆ ਜਾਣਾ ਹੈ। ਖਾਧੇ ਦੋਵੇਂ ਜਾਣੇ ਨੇ। ਇਹ ਸੁਪਨਾ ਖਰਬਾਂ ਸਾਲਾਂ ਦਾ ਹੈ, ਜਦੋਂ ਤਕ ਗਿਆਨ ਨਹੀਂ ਹੁੰਦਾ, ਓਨਾਂ ਚਿਰ ਸੁਪਨੇ 'ਚ ਚੱਲ ਰਿਹੈ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*
*ਅੰਗ- ੯੨੦*

...............॥'

***(ਵੀਡੀਓ ਫਿਲਮ ਦੀਵਾਨ ਨੰ: 727)***

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਬਿਨੁ ਭਾਗਾ ਸਤਸੰਗੁ ਨ ਲਭੈ
# ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

***(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-37)***

ਸੋ ਗੁਰੂ ਦੀ ਸੇਵਾ ਨਾਲ ਕਾਰੋਬਾਰ ਅੱਗੇ ਵਧਦਾ ਹੈ, ਕੋਈ ਘਾਟ ਨਹੀਂ ਆਉਂਦੀ। ਕਰਨਾ ਕੀ ਹੁੰਦਾ ਹੈ? ਇਸ ਤਰ੍ਹਾਂ ਉਹਦੀ ਯਾਦ ਦੇ ਵਿਚ ਬੈਠਣਾ ਹੁੰਦਾ ਹੈ -

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥*
*ਸਤਿਗੁਰਿ ਤੁਮਰੇ ਕਾਜ ਸਵਾਰੇ ॥* *ਅੰਗ- ੨੦੧*

ਹੁਣ ਉਸ ਘਰ ਦੇ ਵਿਚ ਟਿਕ ਕੇ ਬੈਠਣਾ, ਉਹ ਕਿਹੜਾ ਘਰ ਹੈ - ***'ਸੋ ਦਰੁ ਕੇਹਾ ਸੋ ਘਰੁ ਕੇਹਾ... ॥'*** ਜਿਵੇਂ ਆਪਾਂ ਹੁਣ ਸਤਿਸੰਗ ਵਿਚ ਬੈਠੇ ਹਾਂ, ਗੁਰੂ ਦੀ ਹਜ਼ੂਰੀ ਹੈ। ਨਾਮ ਬਾਣੀ ਨਾਲ ਜੁੜ ਰਹੇ ਹਾਂ। ਜਿਵੇਂ ਟਿਕਿਆ ਹੋਇਆ ਪਾਣੀ ਹੈ, ਉਹਦੇ ਵਿਚ ਆਪਣਾ ਆਪਾ ਨਜ਼ਰ ਆ ਜਾਂਦਾ ਹੈ। ਜੇ ਪਾਣੀ ਹਿਲਦਾ ਰਹੇ, ਨਹੀਂ ਨਜ਼ਰ ਆਉਂਦਾ। ਇਸੇ ਤਰ੍ਹਾਂ ਅੰਤਸ਼ਕਰਣ ਰੂਪੀ ਸ਼ੀਸ਼ਾ, ਉਸ 'ਤੇ ਸਾਡੇ ਮੈਲ ਪੈ ਗਈ -

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥* *ਅੰਗ- ੪*

ਹੁਣ ਉਹਨੂੰ ਧੋਣਾ ਹੈ, ਨਾਮ ਜਪ ਕੇ ਉਹ ਮੈਲ ਦੂਰ ਹੋ ਗਈ, ਫੇਰ ਪਰਮ ਆਪੇ ਦੇ ਦਰਸ਼ਨ ਹੋ ਜਾਂਦੇ ਨੇ। ਜਦੋਂ ਤਕ ਅੰਦਰ ਟਿਕਾਅ ਨਹੀਂ, ਸ਼ਾਂਤੀ ਨਹੀਂ ਆਉਂਦੀ। ਸ਼ਾਂਤੀ ਤਾਂ ਗੁਰੂ ਚਰਨਾਂ 'ਚ ਆਉਂਦੀ ਹੈ, ਨਾਮ ਬਾਣੀ ਨਾਲ ਜੁੜਨ ਨਾਲ ਆਉਂਦੀ ਹੈ। ਬਾਕੀ ਤਾਂ ਤ੍ਰਿਸ਼ਨਾ ਹੈ -

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧ ॥ ਰਹਾਉ ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥* *ਅੰਗ- ੨੧੩*

ਲੱਖ ਤੋਂ ਕਰੋੜ, ਕਰੋੜ ਤੋਂ ਪਰੇ ਹੋਰ-ਹੋਰ ਲੱਗੀ ਰਹਿੰਦੀ ਹੈ। ਇਹ ਤਾਂ ਅੱਗੇ ਤੋਂ ਅੱਗੇ ਵਧਦੀ ਜਾਂਦੀ ਹੈ। ਜਿਹਦੇ ਕੋਲ ਥੋੜ੍ਹਾ ਹੈ -

*ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥*
*ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥* *ਅੰਗ- ੧੦੧੯*

ਦੌੜਿਆ ਫਿਰਦਾ ਹੈ। ਉਹਨੂੰ ਚਿੰਤਾ ਲਗ ਜਾਂਦੀ ਹੈ, ਬਲੱਡ ਪਰੈਸ਼ਰ ਵਧ ਜਾਂਦਾ ਹੈ ਕਿ ਇੰਕਮ ਟੈਕਸ ਵਾਲੇ ਨਾ ਪਿੱਛੇ ਲਗ ਜਾਣ। ਇਸ ਤਰ੍ਹਾਂ -

*ਚਿੰਤਤ ਹੀ ਦੀਸੈ ਸਭੁ ਕੋਇ ॥*
*ਚੇਤਹਿ ਏਕੁ ਤਹੀ ਸੁਖੁ ਹੋਇ ॥* *ਅੰਗ- ੯੩੨*

ਉਹਨੂੰ ਯਾਦ ਕਰਨ ਵਿਚ ਹੀ ਸੁਖ ਹੈ। ਹੁਣ ਉਸ ਪ੍ਰੇਮੀ ਨੇ ਨੌਂ ਮਹੀਨੇ ਗੁਰੂ ਦੀ ਲਾਈ ਸੇਵਾ ਨਿਭਾਈ। ਘਰ 'ਚ ਕਿਸੇ ਚੀਜ਼ ਦੀ ਘਾਟ ਨਹੀਂ ਰਹੀ। ਕਿਉਂਕਿ ਜਿਹੜੇ ਉਹਦੇ ਨਾਲ ਜੁੜ ਗਏ ਉਹਨਾਂ ਦੇ ਕੰਮ ਤਾਂ ਆਪੇ ਹੀ ਹੁੰਦੇ ਨੇ -

*ਗਾਵੀਐ ਸੁਣੀਐ ਮਨਿ ਰਖੀਐ ਭਾਉ ॥*
*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥* *ਅੰਗ- ੨*
*ਗੋਪਾਲ ਤੇਰਾ ਆਰਤਾ ॥*
*ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥*
*ਅੰਗ- ੬੯੫*

ਜਿਵੇਂ ਧੰਨਾ ਜੀ ਨੇ ਆਰਤਾ ਕੀਤਾ, ਬਾਕੀ ਭਗਤਾਂ ਨੇ ਆਰਤੀ, ਇਸ ਤਰ੍ਹਾਂ ਉਸ ਨੂੰ ਸਭ ਕੁਝ ਮਿਲ ਗਿਆ -

*ਦਾਲਿ ਸੀਧਾ ਮਾਗਉ ਘੀਉ ॥*
*ਹਮਰਾ ਖੁਸੀ ਕਰੈ ਨਿਤ ਜੀਉ ॥*
*ਪਨ੍ਹੀਆ ਛਾਦਨੁ ਨੀਕਾ ॥*
*ਅਨਾਜੁ ਮਗਉ ਸਤ ਸੀ ਕਾ ॥ ੧ ॥*
*ਗਊ ਭੈਸ ਮਗਉ ਲਾਵੇਰੀ ॥*
*ਇਕ ਤਾਜਨਿ ਤੁਰੀ ਚੰਗੇਰੀ ॥*
*ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥*
*ਅੰਗ- ੬੯੫*

ਸਭ ਕੁਝ ਹੀ ਮਿਲ ਗਿਆ। ਵਿਸ਼ਵਾਸ਼ ਦੀ ਲੋੜ ਹੈ, ਭਰੋਸੇ ਦੀ ਲੋੜ ਹੈ। ਸ਼ਰਧਾ ਰੂਪ ਝੋਲੀ ਭਰ ਜਾਂਦੀ ਹੈ।

ਜਿਵੇਂ ਉਸ ਪ੍ਰੇਮੀ ਨੂੰ ਚਿੰਤਾ ਸੀ, ਗੁਰੂ ਪਾਤਸ਼ਾਹ ਜੀ ਨੇ ਪ੍ਰੈਕਟੀਕਲ ਉਥੇ ਕਰਕੇ ਦਿਖਾਇਆ। ਕਿਉਂਕਿ ਇਨਸਾਨ ਦਾ ਮਨ ਮੰਨਦਾ ਨਹੀਂ ਜਦੋਂ ਤਕ ਇਹਦਾ ਪ੍ਰੈਕਟੀਕਲ ਨਿਜ ਦਾ ਤਜਰਬਾ ਨਾ ਹੋਵੇ। ਇਕ ਤਾਂ ਗਿਆਨ ਹੈ ਪੜ੍ਹਿਆ-ਸੁਣਿਆ। ਇਕ ਅਨੁਭਵ 'ਚ ਆਉਂਦਾ ਹੈ। ਉਹ ਅਨੁਭਵ 'ਚ ਜਿਹੜਾ ਆਪਣਾ

ਹੈ, ਉਹ ਨਿਜ ਗਿਆਨ ਹੈ। ਬਾਕੀ ਤਾਂ ਉਧਾਰਾ ਹੈ ਸੁਣਿਆ, ਸੁਣਾਇਆ। ਹੁਣ ਪ੍ਰੈਕਟੀਕਲ ਹੋ ਗਿਆ। ਆਪਣੇ ਨਾਲ ਬੀਤੀ। ਨੌਂ ਮਹੀਨੇ ਦੇ ਵਿਚ ਘਰ ਦੀ ਕਾਇਆ ਕਲਪ ਹੋ ਗਈ। ਕਿੱਡੀਆਂ ਖੁਸ਼ੀਆਂ ਵਰਤ ਗਈਆਂ। ਰਹਿਮਤਾਂ ਵਰਤ ਗਈਆਂ। ਜਦੋਂ ਗੁਰੂ ਦੀ ਨਦਰਿ ਹੋਵੇ। ਨਦਰਿ ਹੀ ਕਾਇਆ ਕਲਪ ਕਰ ਦਿੰਦੀ ਹੈ -

*ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥*
*ਅੰਗ- ੪੭੨*

ਉਹ ਸੁਲਤਾਨ ਰਾਜੇ ਵੀ ਭੀਖ ਮੰਗਦੇ ਦੇਖੇ ਨੇ। ਵੱਡੀਆਂ-ਵੱਡੀਆਂ ਮਿਸਾਲਾਂ ਨੇ ਰਾਜਿਆਂ ਦੀਆਂ। ਪਾਤਸ਼ਾਹ ਕਹਿੰਦੇ ਇਹ ਨਾ ਕਰੋ, ਚਿੰਤਨ ਕਰੋ।

*ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥*
*ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥*
*ਅੰਗ- ੯੫੫*

ਕਿਉਂ ਚਿੰਤਾ ਕਰਦਾ ਹੈਂ, ਤੂੰ ਇਸ ਦੀ ਜਗ੍ਹਾਂ ਪ੍ਰਭੂ ਦਾ ਚਿੰਤਨ ਕਰ। ਇਹ ਨਹੀਂ ਕਿ ਤੂੰ ਕੰਮ ਨਾ ਕਰ। ਕੰਮ ਵੀ ਕਰ -

ਚਿੱਤ ਨੂੰ ਇਸ ਪਾਸੇ ਲਾ, ਹੱਥ ਕਾਰ ਵਲ, ਚਿਤ ਕਰਤਾਰ ਵਲ। ਫੇਰ ਚਿੰਤਾ ਆਪੇ ਹੀ ਖਤਮ ਹੋ ਜਾਏਗੀ। ਚਿੰਤਾ ਕਰਦੇ-ਕਰਦੇ ਤਾਂ ਕਿੰਨੀਆਂ ਹੀ ਬਿਮਾਰੀਆਂ ਲਗ ਜਾਂਦੀਆਂ ਹਨ। ਜੋ ਪਰਾਲਬਧ ਅਸੀਂ ਲੈ ਕੇ ਆਏ ਹਾਂ, ਉਹ ਮਿਲਦੀ ਹੀ ਹੈ। ਜਦੋਂ ਗੁਰੂ ਦੇ ਸ਼ਬਦ ਨਾਲ ਜੁੜ ਗਏ -

*ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥* *ਅੰਗ - ੧੧੯੫*

ਕਰੋੜਾਂ ਕਰਮਾਂ ਨੂੰ ਕੱਟਣ ਦੇ ਇਹ ਸਮਰੱਥ ਹੈ। ਵਿਸ਼ਵਾਸ਼ ਦੀ ਲੋੜ ਹੈ। ਭਰੋਸੇ ਦੀ ਲੋੜ ਹੈ-

*ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥*
*ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥* *ਅੰਗ- ੨੮੫*

ਇਹ ਤੱਤਵ ਗਿਆਨ ਹੈ। ਇਹ ਫੇਰ ਮਨ ਦੇ ਵਿਚ ਪ੍ਰਗਟ ਹੋ ਜਾਂਦਾ ਹੈ। ਮਨ ਮੰਨ ਜਾਂਦਾ ਹੈ -

*ਸੁਣਿਆ ਮੰਨਿਆ ਮਨਿ ਕੀਤਾ ਭਾਉ ॥*
*ਅੰਤਰਗਤਿ ਤੀਰਥਿ ਮਲਿ ਨਾਉ ॥* *ਅੰਗ- ੪*

ਫੇਰ ਅੰਦਰਲੇ ਤੀਰਥ ਦੇ ਵਿਚ ਇਸ਼ਨਾਨ ਹੁੰਦਾ ਹੈ ਜਿਥੇ ਨਾਮ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ- ੨੯੩*

ਕਿਉਂਕਿ ਇਥੇ ਸਾਨੂੰ ਇਕ ਤਰ੍ਹਾਂ ਦੇ ਨਾਲ ਸਿੱਖਿਆ ਮਿਲਦੀ ਹੈ -

*ਸਿਖੀ ਸਿਖਿਆ ਗੁਰ ਵੀਚਾਰਿ ॥*
*ਨਦਰੀ ਕਰਮਿ ਲਘਾਏ ਪਾਰਿ ॥* *ਅੰਗ- ੪੬੫*

ਨਦਰ ਦੀ ਬਾਤ ਹੈ। ਨਦਰ ਹੋ ਗਈ ਤਾਂ ਖੁਸ਼ੀਆਂ ਹੀ ਖੁਸ਼ੀਆਂ ਵਰਤ ਜਾਂਦੀਆਂ ਨੇ -

*ਲਖ ਖੁਸੀਆ ਪਾਤਿਸਾਹੀਆ*
*ਜੇ ਸਤਿਗੁਰੁ ਨਦਰਿ ਕਰੇਇ ॥*
*ਨਿਮਖ ਏਕ ਹਰਿ ਨਾਮੁ ਦੇਇ*
*ਮੇਰਾ ਮਨੁ ਤਨੁ ਸੀਤਲੁ ਹੋਇ ॥* *ਅੰਗ- ੪੪*

ਮਨ ਸ਼ਾਂਤ ਤਾਂ ਨਾਮ ਜਪਣ ਦੇ ਨਾਲ ਹੋਣਾ ਹੈ। ਇਹ ਨਹੀਂ ਤਾਂ ਹਰ ਵਕਤ ਦੌੜਦਾ ਰਹਿੰਦਾ ਹੈ -

*ਕਹੈ ਕਬੀਰੁ ਸੁਨਹੁ ਰੇ ਸੰਤਹੁ*
*ਇਹੁ ਮਨੁ ਉਡਨ ਪੰਖੇਰੂ ਬਨ ਕਾ ॥* *ਅੰਗ- ੧੨੫੩*

ਸਾਰੇ ਕੰਮ ਸਤਿਗੁਰ ਜੀ ਆਪ ਕਰਨਗੇ।

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥*
*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥* *ਅੰਗ- ੨੮੬*

ਜਦੋਂ ਕੋਈ ਚੀਜ਼ ਵੇਚ ਦੇਈਏ, ਉਹਦੇ ਉਪਰ ਆਪਣਾ ਕੋਈ ਅਧਿਕਾਰ ਨਹੀਂ ਰਹਿੰਦਾ।

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* *ਅੰਗ- ੯੧੮*

ਕਿਉਂਕਿ ਮਨ ਦਾ ਹੀ ਸਾਰਾ ਕੰਮ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* *ਅੰਗ- ੩੪੨*

ਜਿਥੇ ਤਨ ਹਾਜ਼ਰ ਹੈ ਗੁਰੂ ਚਰਨਾਂ ਦੇ ਵਿਚ, ਉਥੇ ਮਨ ਦੀ ਹਾਜ਼ਰੀ ਬਹੁਤ ਜ਼ਰੂਰੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਰਾਤ ਨੂੰ ਬਿਰਾਜੇ ਤੰਬੂ ਦੇ ਨਾਲ ਹੀ ਥੋੜ੍ਹੀ ਦੂਰੀ 'ਤੇ ਰਾਤ ਨੂੰ, ਅਖਾੜਾ ਲਾਉਣ ਦਾ ਗਾਣਾ ਵਜਾਉਣਾ ਹੋ ਰਿਹਾ ਸੀ। ਪਹਿਰੇ 'ਤੇ ਜਿਹੜੇ ਚਾਰ ਸਿੰਘ ਸਨ, ਦੋ ਰਹਿ ਗਏ, ਦੋ ਰਾਸ ਦੇਖਣ ਚਲੇ ਗਏ। ਉਹਨਾਂ ਦਾ ਮਨ ਤਾਂ ਗੁਰੂ ਚਰਨਾਂ ਵਿਚ ਹੀ ਰਿਹਾ ਕਿ ਕਿਤੇ ਫੜੇ ਨਾ ਜਾਈਏ, ਕਿਉਂਕਿ ਗੁਰੂ ਤਾਂ ਜਾਣਦੇ ਨੇ -

*ਘਟ ਘਟ ਕੇ ਅੰਤਰ ਕੀ ਜਾਨਤ।*
*ਭਲੇ ਬੁਰੇ ਕੀ ਪੀਰ ਪਛਾਨਤ।*

ਜਿਹੜੇ ਪਿੱਛੇ ਰਹੇ ਉਹ ਕਹਿੰਦੇ, ਚਲੋ ਜੇ ਅਸੀਂ ਵੀ ਜਾ ਆਉਂਦੇ, ਅਨੰਦ ਲੈ ਆਉਂਦੇ, ਦੇਖ ਆਉਂਦੇ।

ਸਵੇਰ ਹੋਈ। ਅੰਮ੍ਰਿਤ ਵੇਲੇ ਗੁਰੂ ਦਾ ਦਰਬਾਰ ਸਜਿਆ। ਗੁਰੂ ਪਾਤਸ਼ਾਹ ਜੀ ਦੇ ਬਚਨ ਆਏ, ਕਹਿੰਦੇ, ਪਿਆਰਿਓ! ਹਾਜ਼ਰ ਗੈਰ - ਹਾਜ਼ਰ, ਫੇਰ ਬਚਨ ਆਇਆ, ਗੈਰ ਹਾਜ਼ਰ - ਹਾਜ਼ਰ। ਰਮਜ਼ ਸੀ, ਸਮਝ ਨਾ ਪਈ। ਸਿੱਖਾਂ ਨੇ ਬੇਨਤੀ ਕੀਤੀ, ਪਾਤਸ਼ਾਹ! ਖੋਲ੍ਹ ਕੇ ਦਰਸਾਓ।

ਰਾਤ ਦੀ ਗੁਰਸਿੱਖਾਂ ਦੀ ਕਹਾਣੀ ਗੁਰੂ ਜੀ ਨੇ ਪ੍ਰਗਟ ਕੀਤੀ। ਕਹਿੰਦੇ, ਇਸ ਦੇ ਨਾਲ ਹੋਇਆ। ਮਨ ਦੀ ਹਾਜ਼ਰੀ ਲਗਦੀ ਹੈ। ਸਤਿਸੰਗ ਦੇ ਵਿਚ ਜਦੋਂ ਵਾਰੀ ਆਈ ਸ਼ਬਦ ਬੋਲਦੇ ਹਾਂ, ਕੀ ਹੁੰਦਾ ਹੈ? -

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥* *ਅੰਗ- ੨੮੯*

ਜਿਹੜੇ ਇਸ ਤਰ੍ਹਾਂ ਹਾਜ਼ਰੀ ਨਹੀਂ ਲਵਾਉਂਦੇ, ਉਹ ਫਲ ਤੋਂ ਵਾਂਝੇ ਰਹਿ ਜਾਂਦੇ ਨੇ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ- ੫੪੬*

ਕਿੱਡਾ ਭਲਾ ਹੁੰਦਾ ਹੈ ਇਸ ਤਰ੍ਹਾਂ ਦੇ ਨਾਲ ਕਰਨ ਨਾਲ -

*ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥*
*ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ ॥*
*ਪਸੁ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥*
*ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ॥*
*ਅੰਗ- ੮੦੨*

ਐਸੇ ਹਨ ਸਤਿਗੁਰ। ਉਹ ਨਿਤਨੇਮੀ ਉਹ ਪ੍ਰੇਮੀ ਪੜ੍ਹਦਾ ਤਾਂ ਸੀ, ਸਿੱਖਿਆ ਵੀ ਦਿੰਦਾ ਸੀ। ਪਰ ਪ੍ਰੈਕਟੀਕਲ ਨਹੀਂ ਸੀ। ਪਾਤਸ਼ਾਹ ਤਾਂ ਕਹਿ ਰਹੇ ਨੇ-

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥* *ਅੰਗ- ੧੦*

ਤੂੰ ਕਿਉਂ ਇਹ ਸੋਚਦਾ ਹੈਂ। ਸਾਰਿਆਂ ਜੀਆਂ ਦਾ ਇਕੋ ਹੀ ਦਾਤਾ ਹੈ ਜਿਹਨੂੰ ਯਾਦ ਕਰਨ ਨਾਲ-

*ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥*
*ਅੰਗ- ੬੧੭*

ਸਾਰੀ ਮੈਲ ਉਤਰ ਜਾਂਦੀ ਹੈ।

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ ॥* *ਅੰਗ- ੨੮੯*

ਕਿੱਡਾ ਖਜ਼ਾਨਾ ਹੈ ਗੁਣਾਂ ਦਾ -

*ਗੁਣ ਨਿਧਾਨ ਭਗਤਨ ਕਉ ਬਰਤਨਿ*
*ਬਿਰਲਾ ਪਾਵੈ ਕੋਈ ॥* *ਅੰਗ- ੬੧੭*

ਇਹ ਜਿਹੜੇ ਗੁਣਾਂ ਦੇ ਖਜ਼ਾਨੇ ਨੇ -

*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥*
*ਅੰਗ- ੭੬੬*

ਇਹ ਗੁਣ ਧਾਰਨ ਕਰਨ ਤੋਂ ਬਗੈਰ ਭਗਤੀ ਮਾਰਗ 'ਤੇ ਚੱਲ ਨਹੀਂ ਹੁੰਦਾ -

*ਵਿਣੁ ਗੁਣ ਕੀਤੇ ਭਗਤਿ ਨ ਹੋਇ ॥* *ਅੰਗ- ੪*

ਸੋ ਇਸ ਤਰ੍ਹਾਂ ਕਲਜੁਗ ਵਿਚ ਇਹ ਪੁੰਨ ਬਹੁਤ ਵੱਡਾ ਹੈ -

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥* *ਅੰਗ- ੧੦੭੬*

ਕੀ ਮਜ਼ਾਲ ਕੀ ਅੱਗੇ ਫੇਰ ਕੋਈ ਇਹ ਕਹੇ ਕਿ -

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥* *ਅੰਗ- ੨੫੨*

ਚੰਗਾ ਆਦਰ ਉਥੇ ਦੇਣਗੇ -

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥* *ਅੰਗ- ੨੮੩*

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥*
*ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥*
*ਅੰਗ- ੧੦*

ਜਿਹੜਾ ਸਤਿਸੰਗ 'ਚ ਆ ਗਿਆ ਸਮਝੋ ਤਰ ਗਿਆ। ਕਿਉਂਕਿ ਸਤਿਸੰਗ ਦੇ ਵਿਚ ਆ ਕੇ ਗੁਰੂ ਦੀ ਨਦਰ ਦੇ ਪਾਤਰ ਬਣੇ। ਗੁਰੂ ਦੀਆਂ ਖੁਸ਼ੀਆਂ ਮਿਲੀਆਂ।

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਨਿਮਖ ਏਕ ਹਰਿ ਨਾਮੁ ਦੇਇ*
*ਮੇਰਾ ਮਨੁ ਤਨੁ ਸੀਤਲੁ ਹੋਇ ॥* *ਅੰਗ- ੪੪*

'ਨਿਮਖ' ਕਿੰਨਾ ਕੁ ਸਮਾਂ ਹੈ? ਅੱਖ ਦੇ ਝਮਕਣ ਜਿੰਨਾ ਸਮਾਂ, ਝਲਕਾਰਾ ਵੱਜ ਗਿਆ, ਤਨ ਮਨ ਸੀਤਲ ਹੋ ਗਿਆ।

*ਸੇਈ ਪਿਆਰੇ ਮੇਲ*
*ਜਿਨਾ ਮਿਲਿਆ ਤੇਰਾ ਨਾਮ ਚਿਤ ਆਵੇ।*

ਦਰਸ਼ਨਾਂ ਦੀ ਤਾਸੀਰ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*

*ਅੰਗ- ੫੨੦*

ਉਹ ਨਾਮ ਆਪੇ ਹੀ ਚੱਲਣਾ ਸ਼ੁਰੂ ਹੋ ਜਾਂਦਾ ਹੈ। ਕਿੰਨੇ ਸਾਧਨ ਕਰਦੇ ਹਾਂ। ਪਰ ਸਭ ਤੋਂ ਵੱਡਾ ਸਾਧਨ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ- ੬੪੨*

ਇਹ ਨਾਮ ਅਮੋਲਕ ਹੈ। ਇਹਦੀ ਦਸ ਪੈਂਦੀ ਹੈ ਸਤਿਸੰਗ ਵਿਚ। ਰੌਲਾ ਪੈ ਰਿਹਾ ਹੈ ਅੱਜਕਲ੍ਹ ਕਿ ਕੋਈ ਨਾਮ ਦੇਵੇਗਾ ਤਾਂ ਅਸੀਂ ਲਵਾਂਗੇ। ਨਹੀਂ, ਨਾਮ ਨਾ ਕੋਈ ਦਿੰਦਾ ਹੈ, ਨਾ ਲੈਂਦਾ ਹੈ। ਇਹ ਤਾਂ ਅੰਦਰੋਂ ਮਿਲਦਾ ਹੈ। ਗੁਰੂ ਕੀ ਦਿੰਦੇ ਨੇ? ਗੁਰੂ ਮੰਤਰ ਦਿੰਦੇ ਨੇ। ਨਾਮ ਤਾਂ ਅੰਦਰ ਹੈ, ਉਥੇ ਤਕ ਪਹੁੰਚਣ ਵਾਸਤੇ ਗੁਰਮੰਤਰ ਦੀ ਕਮਾਈ ਕੀਤੀ ਜਾਣੀ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩*

ਉਹਦੀ ਫੇਰ ਨਿਸ਼ਾਨੀ ਵੀ ਦਸ ਦਿਤੀ -

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- ੨੯੩*

ਧੁਨ ਬਣ ਜਾਂਦੀ ਹੈ, ਧੁਨ ਵਿਚ ਧਿਆਨ ਜਾਂਦਾ ਹੈ। ਸੁਰਤ ਤੇ ਸ਼ਬਦ ਦਾ ਇਹ ਮਾਰਗ ਹੈ। ਇਥੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਮਹਾਰਾਜ ਜੀ ਨੇ ਪ੍ਰੈਕਟੀਕਲ ਰੂਪ ਦੇ ਵਿਚ ਸਾਰੀਆਂ ਕਥਾਵਾਂ ਜਿਹੜੀਆਂ ਆਪਾਂ ਸੁਣਦੇ ਜਾਂ ਸੁਣਾਉਂਦੇ ਹਾਂ, ਇਹ ਪ੍ਰੈਕਟੀਕਲ ਰੂਪ ਦੇ ਵਿਚ ਸ੍ਰੀ ਅਨੰਦਪੁਰ ਸਾਹਿਬ ਦੀ ਇਸ ਪਾਵਨ ਧਰਤੀ 'ਤੇ ਕਰਕੇ ਵਿਖਾਈਆਂ। ਕਿਵੇਂ ਸੁਰਤਿ ਨੂੰ ਸ਼ਬਦ ਨਾਲ ਜੋੜਨਾ ਹੈ ਕਿਉਂਕਿ ਇਸ ਨਗਰੀ ਦੇ ਵਿਚ ਕਿੱਡੇ-ਕਿੱਡੇ ਕੌਤਕ ਵਰਤੇ। ਕਿਵੇਂ ਨਾਮ ਨਾਲ ਸੰਗਤਾਂ ਨੂੰ ਜੋੜਦੇ ਰਹੇ। ਕਿਵੇਂ ਗੁਰੂ ਦਾ ਮੰਤਰ ਦੇਣ ਦੀ ਪ੍ਰਕ੍ਰਿਆ ਇਥੇ ਸ਼ੁਰੂ ਕੀਤੀ। ਪਹਿਲਾਂ ਚਰਨਾਮ੍ਰਿਤ ਦਿਆ ਕਰਦੇ ਸੀ। ਫੇਰ ਖੰਡੇ ਬਾਟੇ ਦੀ ਪਾਹੁਲ ਮਿਲਣੀ ਸ਼ੁਰੂ ਹੋਈ। ਚਰਨ ਪਾਹੁਲ ਦੀ ਜਗ੍ਹਾ ਅੰਮ੍ਰਿਤ ਛਕਾਉਣਾ ਸ਼ੁਰੂ ਕੀਤਾ। ਕਿੱਡਾ ਇਨਕਲਾਬ ਲਿਆ ਦਿਤਾ। ਇਕੋ ਇਨਸਾਨ ਦੇ ਵਿਚ ਸਾਰੇ ਗੁਣ ਭਰ ਦਿਤੇ -

*ਖਤ੍ਰੀ ਬ੍ਰਾਹਮਣ ਸੂਦ ਵੈਸ*
*ਉਪਦੇਸੁ ਚਹੁ ਵਰਨਾ ਕਉ ਸਾਝਾ ॥ ਅੰਗ- ੭੪੭*

ਸਾਰਿਆਂ ਵਾਸਤੇ ਸਾਂਝਾਂ ਉਪਦੇਸ਼ ਬਖਸ਼ਿਸ਼ ਕੀਤਾ। ਸਿੱਖੀ ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਤੋਂ ਚੱਲੀ। ਚਲਦੀ-ਚਲਦੀ ਜਦੋਂ ਇਥੇ ਆਈ, ਇਥੇ ਵਿਸਾਖੀ ਨੂੰ 1699 ਈ: ਦੇ ਵਿਚ ਪਾਤਸ਼ਾਹ ਜੀ ਨੇ ਇਕ ਇਨਸਾਨ ਨੂੰ ਪੂਰਾ ਕਰ ਦਿਤਾ। ਉਹਦੇ ਵਿਚ ਖਤਰੀ ਦੇ ਗੁਣ ਵੀ ਭਰ ਦਿਤੇ ਕਿ ਇਹ ਸਸ਼ਤਰਧਾਰੀ ਹੋਵੇ, ਤਿਆਰ ਬਰ ਤਿਆਰ ਰਹੇਗਾ -

*ਖ਼ਾਲਸਾ ਸੋ ਜੋ ਚੜ੍ਹੈ ਤਰੰਗ।*
*ਖ਼ਾਲਸਾ ਸੋ ਜੋ ਕਰੇ ਨਿਤ ਜੰਗ।*

ਜਿਥੇ ਅੰਦਰਲੇ ਵੈਰੀਆਂ ਨਾਲ ਸਦਾ ਹੀ ਜੰਗ ਲੱਗੀ ਰਹਿੰਦੀ ਹੈ। ਉਥੋਂ ਬਾਹਰੋਂ ਵੀ ਸਸ਼ਤਰਧਾਰੀ ਹੋਵੇਗਾ। ਬਾਣੀ, ਬਾਣੇ ਦਾ ਧਾਰਨੀ ਬਣੇਗਾ। ਖੱਤਰੀ ਦਾ ਗੁਣ ਭਰ ਦਿਤਾ। ਸ਼ੂਦਰ ਉਸ ਨੂੰ ਗਿਣਿਆ ਜਾਂਦਾ ਸੀ ਜਿਸ ਦਾ ਮੱਥੇ ਤੋਂ ਪਸੀਨਾ ਆ ਕੇ ਪੈਰਾਂ 'ਤੇ ਡਿੱਗ ਜਾਂਦਾ। ਨਾਲ ਸੇਵਾ ਸ਼ੁਰੂ ਕਰ ਦਿਤੀ, ਜੋੜੇ ਝਾੜਨ ਦੀ, ਕਾਰ ਸੇਵਾ ਸ਼ੁਰੂ ਕਰਾ ਦਿਤੀ -

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ- ੨੬*

ਜਿਥੇ ਵੀ ਡਿਊਟੀ ਲੱਗੀ ਹੈ, ਉਸ ਨੂੰ ਪੂਰੀ ਤਨ ਦੇਹੀ, ਮਨ ਨਾਲ ਕਰੋ, ਆਪੇ ਹੀ ਉਹ ਸੇਵਾ ਬਣ ਜਾਂਦੀ ਹੈ। ਵੈਸੇ ਜਿਨ੍ਹਾਂ ਦਾ ਕੰਮ ਵਣਜ ਵਪਾਰ ਕਰਨਾ ਸੀ, ਉਹ ਗੁਣ ਵੀ ਇਸ ਵਿਚ ਭਰ ਦਿਤੇ। ਸਾਰੇ ਕਾਰੋਬਾਰ ਕਰੋ। ਫੇਰ ਬ੍ਰਾਹਮਣ ਦੇ ਗੁਣ, ਬ੍ਰਹਮ ਵਿਚਾਰ, ਜਿਹੜਾ ਵਿਚਾਰਨ ਵਾਲਾ ਹੈ ਉਸ ਨੂੰ ਬ੍ਰਾਹਮਣ ਕਿਹਾ ਹੈ। ਪਹਿਲਾਂ ਬ੍ਰਾਹਮਣ ਦੇਵਤਾ ਦੀ ਪੂਜਾ ਕਰਦੇ ਸੀ ਕਿਉਂਕਿ ਉਹ ਬ੍ਰਹਮ ਦੀ ਵਿਚਾਰ ਕਰਦਾ, ਫੇਰ ਨਿਜ ਅਨੁਭਵ ਤੋਂ ਆਪਣੇ ਤਜਰਬੇ ਦਸਦਾ। ਉਸ ਉਤੇ ਦੁਨੀਆਂ ਚਲਦੀ। ਪਾਤਸ਼ਾਹ ਕਹਿੰਦੇ, ਹੁਣ ਸਮਾਂ ਕਲਜੁਗ ਦਾ ਹੈ -

*ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥*

*ਅੰਗ- ੪੭੪*

ਇਹ ਵੀ ਹੋ ਜਾਂਦਾ ਹੈ, ਜਦੋਂ ਅੰਮ੍ਰਿਤ ਵੇਲੇ ਉੱਠ ਕੇ ਬੈਠਦੇ ਹਾਂ। ਬ੍ਰਹਮ ਮਹੂਰਤ ਵਿਚ ਚਿੰਤਨ ਕਰਦੇ ਹਾਂ, ਨਿਧਿਆਸਣ ਕਰਦੇ ਹਾਂ, ਸਵਾਸ-ਸਵਾਸ ਦਾ ਅਭਿਆਸ ਹੁੰਦਾ ਹੈ। ਇਹ ਵੀ ਹੋ ਜਾਂਦਾ ਹੈ। ਸੋ ਪੂਰਨ ਇਨਸਾਨ ਬਣਾ ਦਿਤਾ। ਸੋ ਐਸਾ ਇਹ ਸਤਿਗੁਰ ਦਾ ਦਰ ਹੈ।

*ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।*

# ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

*ਡਾ. ਇੰਦਰਜੀਤ ਸਿੰਘ ਗੋਗੋਆਣੀ*

*ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ॥*
*ਅਰਜਨ ਕਾਇਆ ਪਲਟਿ ਕੈ*
*ਮੂਰਤਿ ਹਰਿਗੋਬਿੰਦ ਸਵਾਰੀ॥*
*ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ॥*
*ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁਤ ਪਰਉਪਕਾਰੀ॥*
*ਭਾਈ ਗੁਰਦਾਸ ਜੀ*

ਭਾਵ ਅਰਥ - * ਛੇਵੇਂ ਪਾਤਸ਼ਾਹ ਜੀ ਨੇ ਪੰਜ ਪਿਆਲੇ (ਸਤ, ਸੰਤੋਖ, ਦਇਆ, ਧਰਮ, ਧੀਰਜ ਦੇ ਪੀਤੇ) ਤੇ ਇਹ ਬਖਸ਼ਿਸ਼, ਪੰਜ ਪੀਰ (ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ) ਤੋਂ ਪ੍ਰਾਪਤ ਹੋਈ। ਹੁਣ ਛਠਮ ਪੀਰ - (ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਗੁਰ ਭਾਰੀ (ਵੱਡੇ ਤੇਜ ਪ੍ਰਤਾਪ ਵਾਲੇ) ਮੀਰੀ-ਪੀਰੀ ਦੀਆਂ ਤੇਗਾਂ ਪਹਿਨ ਕੇ ਗੁਰਤਾ ਗੱਦੀ ਉਪਰ ਸੁਭਾਇਮਾਨ ਹੋਏ।

* ਇਹ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੀ ਆਪਣੀ ਕਾਇਆਂ (ਸਰੀਰ) ਬਦਲ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਰੂਪ ਧਾਰਨ ਕਰ ਲਿਆ।

* ਹੁਣ ਸੋਢੀਆਂ ਦੀ ਪੀੜ੍ਹੀ ਅੱਗੇ ਤੁਰ ਪਈ ਤੇ ਗੁਰੂ ਸਾਹਿਬਾਨ ਵਾਰੋ ਵਾਰੀ ਆਪਣਾ ਰੂਪ ਦਿਖਾਵਣਗੇ ਭਾਵ ਵੱਖ-ਵੱਖ ਜਾਮਿਆਂ ਵਿਚ ਕਲਾ ਵਰਤਾਉਣਗੇ।

* ਚੌਥੀ ਪੰਕਤੀ ਵਿਚ ਭਾਈ ਗੁਰਦਾਸ ਜੀ ਕਥਨ ਕਰਦੇ ਹਨ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਲਿਭੰਜਨ (ਦੁਸ਼ਮਣ ਦੇ ਦਲਾਂ ਨੂੰ ਤੋੜਨ ਵਾਲੇ) ਸੂਰਮੇ, ਵੱਡੇ ਯੋਧੇ ਅਤੇ ਸੰਸਾਰ ਨੂੰ ਸੱਚੇ ਧਰਮ ਦਾ ਉਪਦੇਸ਼ ਦੇਣ ਵਾਲੇ ਮਹਾਨ ਪਰਉਪਕਾਰੀ ਸਤਿਗੁਰੂ ਹਨ।

ਸੰਖੇਪ ਜੀਵਨ ਦਰਸ਼ਨ - ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਮਾਤਾ - ਮਾਤਾ ਗੰਗਾ ਜੀ
ਪਿਤਾ - ਸ੍ਰੀ ਗੁਰੂ ਅਰਜਨ ਦੇਵ ਜੀ
ਪ੍ਰਕਾਸ਼ - 19 ਜੂਨ 1595 ਈ.

ਸਥਾਨ - ਗੁਰੂ ਕੀ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ

ਸੁਪਤਨੀਆਂ - ਸ੍ਰੀ ਦਮੋਦਰੀ ਜੀ, ਸ੍ਰੀ ਨਾਨਕੀ ਜੀ, ਸ੍ਰੀ ਮਹਾਂਦੇਵੀ ਜੀ

ਸੰਤਾਨ - ਬਾਬਾ ਗੁਰਦਿੱਤਾ ਜੀ, ਸੂਰਜ ਮੱਲ ਜੀ, ਅਣੀ ਰਾਇ ਜੀ, ਅਟੱਲ ਰਾਇ ਜੀ, (ਸ੍ਰੀ ਗੁਰੂ) ਤੇਗ ਬਹਾਦਰ ਜੀ (ਪੰਜ ਸੁਪੱਤਰ) ਅਤੇ ਬੀਬੀ ਵੀਰੋ ਜੀ (ਸਪੁੱਤਰੀ)

ਗੁਰੂ ਕਾਲ - 25 ਮਈ 1606 ਈ. ਤੋਂ 3 ਮਾਰਚ 1644 ਈ.

ਮੀਰੀ ਤੇ ਪੀਰੀ ਦੀਆਂ ਦੋ ਤੇਗਾਂ ਪਹਿਨ ਕੇ, ਪੀਰੀ (ਭਗਤੀ) ਤੇ ਮੀਰੀ (ਸ਼ਕਤੀ) ਭਾਵ ਧਰਮ ਤੇ ਰਾਜਨੀਤੀ ਦਾ ਸੁਮੇਲ ਕੀਤਾ। ਧਰਮ ਤੇ ਸਵੈਮਾਣ ਦੀ ਰੱਖਿਆ ਲਈ ਸਿੱਖ ਫੌਜ ਤਿਆਰ ਕੀਤੀ। ਕੌਮ ਨੂੰ ਏਕਤਾ ਵਿਚ ਪਰੋ ਕੇ ਅਜ਼ਾਦ ਹਸਤੀ ਦ੍ਰਿੜ੍ਹ ਕਰਵਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਥਾਪਨਾ ਕੀਤੀ। ਅੰਮ੍ਰਿਤਸਰ ਵਿਖੇ ਲੋਹਗੜ੍ਹ ਨਾਉਂ ਦਾ ਕਿਲ੍ਹਾ ਬਣਵਾਇਆ ਅਤੇ ਕੌਲਸਰ ਤੇ ਬਿਬੇਕਸਰ-ਸਰੋਵਰ ਬਣਵਾਏ। ਜਬਰ ਜ਼ੁਲਮ ਨਾਲ ਜੂਝਦਿਆਂ ਚਾਰ ਧਰਮ ਯੁੱਧ ਕੀਤੇ ਤੇ ਚੌਹਾਂ ਵਿਚ ਫ਼ਤਹਿ ਪਾਈ। ਅਨੇਕਾਂ ਨਗਰ ਵਸਾਏ ਅਤੇ ਸਿੱਖੀ ਦੇ ਪ੍ਰਚਾਰ ਲਈ ਦੂਰ-ਦੂਰ ਤਕ ਯਾਤਰਾ ਕੀਤੀ।

ਜੋਤੀ ਜੋਤ - 3 ਮਾਰਚ 1644 ਈ. ਨੂੰ ਕੀਰਤਪੁਰ ਸਾਹਿਬ ਵਿਖੇ

ਕੁੱਲ ਉਮਰ (ਸਰੀਰਕ) - 48 ਸਾਲ 8 ਮਹੀਨੇ 15 ਦਿਨ

## (ੳ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼, ਬਾਲ-ਅਵਸਥਾ ਤੇ ਵਿਦਿਆ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਦੀ 1579 ਈ. ਨੂੰ ਪਿੰਡ ਮਉ, ਜ਼ਿਲ੍ਹਾ ਜਲੰਧਰ ਦੇ ਵਾਸੀ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁੱਤਰੀ ਗੰਗਾ ਦੇਵੀ ਜੀ ਨਾਲ ਹੋਈ। ਤਕਰੀਬਨ 15 ਸਾਲ ਬੀਤ ਗਏ, ਪਰ ਆਪ ਦੇ ਘਰ ਸੰਤਾਨ

ਨਹੀਂ ਸੀ ਹੋਈ। ਆਪ ਦਾ ਵੱਡਾ ਭਾਈ ਪ੍ਰਿਥੀ ਚੰਦ ਇਹ ਸਮਝਦਾ ਸੀ ਕਿ ਗੁਰੂ ਜੀ ਦੇ ਘਰ ਕੋਈ ਪੁੱਤਰ ਨਹੀਂ, ਇਸ ਲਈ ਮੇਰਾ ਪੁੱਤਰ ਹੀ ਗੁਰਗੱਦੀ ਦਾ ਵਾਰਸ ਹੋਵੇਗਾ। ਪ੍ਰਿਥੀ ਚੰਦ ਦੀ ਸੁਪਤਨੀ ਬੀਬੀ ਕਰਮੋ ਨੇ ਤਾਂ ਇਕ ਦਿਨ ਮਾਤਾ ਗੰਗਾ ਜੀ ਨੂੰ ਪੁੱਤਰ ਨਾ ਹੋਣ ਦਾ ਮੇਹਣਾ ਵੀ ਮਾਰਿਆ।

ਮਾਤਾ ਗੰਗਾ ਜੀ ਨੇ ਪੰਚਮ ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਕਿ ਆਪ ਸੰਸਾਰ ਨੂੰ ਬਖਸ਼ਿਸ਼ਾਂ ਕਰਦੇ ਹੋ, ਸਭ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ, ਪਰ ਸਾਨੂੰ ਸੰਤਾਨ ਦੀ ਦਾਤ ਕਦੋਂ ਪ੍ਰਾਪਤ ਹੋਵੇਗੀ। ਇਹ ਸੁਣ ਕੇ ਗੁਰੂ ਜੀ ਨੇ ਫੁਰਮਾਇਆ ਕਿ ਬਾਬਾ ਬੁੱਢਾ ਜੀ ਸ੍ਰੀ ਗੁਰੂ ਨਾਨਕ ਘਰ ਦੇ ਭਜਨ ਬੰਦਗੀ ਵਾਲੇ ਮਹਾਂਪੁਰਖ ਹਨ। ਉਹਨਾਂ ਦੀ ਸੇਵਾ ਕਰੋ ਤੇ ਪ੍ਰਸੰਨ ਹੋ ਕੇ ਉਹ ਬਖਸ਼ਿਸ਼ ਕਰਨਗੇ। ਇਹ ਗੱਲ ਵੀ ਵਿਚਾਰਯੋਗ ਹੈ ਕਿ ਭਾਵੇਂ ਪੰਚਮ ਪਾਤਸ਼ਾਹ ਜੀ ਸਰਬ ਸਮਰੱਥ ਸਨ, ਪਰ ਕਈ ਵਾਰ ਗੁਰੂ ਕਲਾ ਵਰਤਦੀ ਹੈ ਕਿ ਬੰਦਗੀ ਵਾਲੀਆਂ ਰੂਹਾਂ ਨੂੰ ਪ੍ਰਗਟ ਕਰਨਾ ਹੁੰਦਾ ਹੈ। ਇਥੇ ਪੰਚਮ ਪਾਤਸ਼ਾਹ ਜੀ ਅਜਿਹੀ ਕਲਾ ਹੀ ਵਰਤਾ ਰਹੇ ਸਨ ਅਤੇ ਸਾਧ ਬਚਨ ਦੀ ਸ਼ਕਤੀ ਪ੍ਰਗਟ ਹੋਣੀ ਸੀ।

ਪੰਚਮ ਪਾਤਸ਼ਾਹ ਜੀ ਦੀ ਆਗਿਆ ਪਾ ਕੇ ਮਾਤਾ ਗੰਗਾ ਜੀ ਨੇ ਮਿੱਸੇ ਪ੍ਰਸ਼ਾਦੇ, ਗੰਢੇ, ਲੱਸੀ, ਮੱਖਣ ਆਦਿ ਸ਼ਰਧਾ ਨਾਲ ਤਿਆਰ ਕੀਤੇ ਅਤੇ ਗੁਰੂ ਕੀ ਬੀੜ ਜੋ ਅੰਮ੍ਰਿਤਸਰ ਤੋਂ ਵੀਹ ਕੁ ਕਿਲੋਮੀਟਰ ਦੀ ਦੂਰੀ ਤੋਂ ਸੀ, ਉਥੇ ਪਹੁੰਚ ਗਏ। ਉਸ ਸਮੇਂ ਬਾਬਾ ਬੁੱਢਾ ਜੀ ਦੀ ਉਮਰ 75 ਸਾਲ ਦੇ ਕਰੀਬ ਸੀ। ਬਾਬਾ ਬੁੱਢਾ ਜੀ ਬਹੁਤ ਪ੍ਰਸੰਨ ਹੋਏ ਅਤੇ ਜਿਵੇਂ ਇਕ ਪਿਤਾ ਆਪਣੀ ਬੱਚੀ ਨੂੰ ਅਸ਼ੀਰਵਾਦ ਦਿੰਦਾ ਹੈ, ਇਸੇ ਤਰ੍ਹਾਂ ਬਾਬਾ ਬੁੱਢਾ ਜੀ ਨੇ ਬਚਨ ਕੀਤਾ ਕਿ ਗੰਗਾ ਜੀ! ਆਪ ਦੇ ਘਰ ਪ੍ਰਮਾਤਮਾ ਅਜਿਹਾ ਮਹਾਂਬਲੀ ਪੁਰਖ ਭੇਜੇਗਾ ਜੋ ਦੁਸ਼ਟਾਂ ਦੇ ਸਿਰ ਇਉਂ ਭੰਨੇਗਾ ਜਿਵੇਂ ਅਸੀਂ ਗੰਡਾ ਭੰਨਿਆ ਹੈ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਜੀ ਨੇ ਸੰਬੋਧਨ ਹੁੰਦਿਆਂ ਫੁਰਮਾਇਆ, 'ਤੁਮਰੇ ਗ੍ਰਿਹਿ ਪ੍ਰਗਟੇਗਾ ਜੋਧਾ।''

ਇਹ ਸਾਧ ਬਚਨ ਸੁਣ ਕੇ ਮਾਤਾ ਗੰਗਾ ਜੀ ਬਹੁਤ ਪ੍ਰਸੰਨ ਹੋਏ ਅਤੇ ਖੁਸ਼ੀ ਭਰੇ ਹਿਰਦੇ ਨਾਲ ਅੰਮ੍ਰਿਤਸਰ ਪਹੁੰਚੇ।

ਸੰਨ 1595 ਵਿਚ ਮਾਝੇ ਦੇ ਇਲਾਕੇ 'ਚ ਬਹੁਤ ਸਖਤ ਔੜ ਕਾਰਨ ਕਾਲ ਪੈ ਗਿਆ। ਪੰਚਮ ਪਾਤਸ਼ਾਹ ਜੀ ਕਾਲ ਪੀੜਤਾਂ ਦੀ ਸਹਾਇਤਾ ਲਈ ਪਿੰਡ-ਪਿੰਡ ਪਹੁੰਚ ਰਹੇ ਸਨ। ਉਸ ਸਮੇਂ ਸਤਿਗੁਰਾਂ ਦਾ ਨਿਵਾਸ ਆਪਣੇ ਪਰਿਵਾਰ ਸਮੇਤ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਛੇ ਕੁ ਮੀਲ ਦੀ ਵਿੱਥ 'ਤੇ ਛੋਟੇ ਜਿਹੇ ਪਿੰਡ ਵਡਾਲੀ ਵਿਖੇ ਸੀ। ਅਕਾਲ ਪੁਰਖ ਨੇ ਮਿਹਰ ਕੀਤੀ ਅਤੇ ਬਾਬਾ ਬੁੱਢਾ ਜੀ ਦੀ ਅਰਦਾਸ ਪੂਰੀ ਹੋਈ। ਇਥੇ ਹੀ ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 19 ਜੂਨ 1595 ਈ. ਨੂੰ ਹੋਇਆ। ਸਤਿਗੁਰਾਂ ਦਾ ਪ੍ਰਕਾਸ਼ ਸਥਾਨ ਹੋਣ ਕਰਕੇ ਹੁਣ ਇਹ ਪਿੰਡ ਗੁਰੂ ਕੀ ਵਡਾਲੀ ਕਰਕੇ ਜਾਣਿਆ ਜਾਂਦਾ ਹੈ। ਪੰਚਮ ਪਾਤਸ਼ਾਹ ਜੀ ਨੇ ਸਾਹਿਬਜ਼ਾਦੇ ਦੇ ਜਨਮ ਦੀ ਖੁਸ਼ੀ ਵਿਚ '***ਸਤਿਗੁਰ ਸਾਚੈ ਦੀਆ ਭੇਜਿ***' ਸ਼ਬਦ ਉਚਾਰ ਕੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ। ਉਸ ਸਮੇਂ ਲੋਕਾਂ ਦੀ ਲੋੜ ਨੂੰ ਮੁਖ ਰੱਖ ਕੇ ਸਪੁੱਤਰ ਦੇ ਜਨਮ ਦੀ ਖੁਸ਼ੀ ਵਿਚ ਸਤਿਗੁਰਾਂ ਨੇ ਛੇ ਹਰਟਾਂ ਵਾਲਾ ਖੂਹ ਲਗਵਾਇਆ ਜੋ ਅੱਜ ਇਕ ਵੱਡਾ ਕਸਬਾ ਛੇਹਰਟਾ ਸਾਹਿਬ ਕਰਕੇ ਜਾਣਿਆ ਜਾਂਦਾ ਹੈ।

ਬਾਲ ਹਰਿਗੋਬਿੰਦ ਜੀ ਦੀ ਉਮਰ ਦੇ ਪਹਿਲੇ ਸਾਲ ਅੰਮ੍ਰਿਤਸਰ ਦੇ ਲਹਿੰਦੇ ਪਾਸੇ ਦੇ ਪਿੰਡਾਂ ਵਿਚ ਹੀ ਬੀਤੇ। ਉਧਰ ਪੰਚਮ ਪਾਤਸ਼ਾਹ ਜੀ ਦਾ ਵੱਡਾ ਭਰਾ ਪ੍ਰਿਥੀ ਚੰਦ ਤੇ ਉਸ ਦੀ ਪਤਨੀ ਕਰਮੋ, ਈਰਖਾ ਵਸ ਬਾਲ ਹਰਿਗੋਬਿੰਦ ਜੀ ਨੂੰ ਖਤਮ ਕਰਨਾ ਚਾਹੁੰਦੇ ਸਨ। ਉਹਨਾਂ ਨੇ ਬੁਰੀ ਨੀਅਤ ਨਾਲ ਕਈ ਖੂਨੀ ਵਾਰ ਕੀਤੇ। ਪਹਿਲਾਂ ਇਕ ਦਾਈ ਨੂੰ ਭੇਜਿਆ, ਜਿਸ ਨੇ ਛਾਤੀ ਉਪਰ ਜ਼ਹਿਰ ਲਾਈ ਹੋਈ ਸੀ। ਬੁਰੀ ਭਾਵਨਾ ਇਹ ਸੀ ਕਿ ਉਹ ਬਾਲ ਨੂੰ ਧੋਖੇ ਨਾਲ ਦੁੱਧ ਪਿਲਾ ਕੇ ਮਾਰ ਦੇਵੇਗੀ, ਪਰ ਜ਼ਹਿਰ ਸਖ਼ਤ ਹੋਣ ਕਰਕੇ ਉਹ ਬੇਹੋਸ਼ ਹੋ ਕੇ ਮਰ ਗਈ। ਫਿਰ ਪ੍ਰਿਥੀ ਚੰਦ ਨੇ ਇਕ ਸਪੇਰੇ ਨੂੰ ਭੇਜਿਆ ਕਿ ਉਹ ਬਾਲ ਦੇ ਸਾਹਮਣੇ ਸੱਪਾਂ ਦਾ ਤਮਾਸ਼ਾ ਦਿਖਾਵੇਗਾ ਤੇ ਉਸ ਦਾ ਸਿਖਾਇਆ ਸੱਪ ਬਾਲ ਹਰਿਗੋਬਿੰਦ ਨੂੰ ਡੰਗ ਮਾਰੇਗਾ। ਇਸ ਘਟਨਾ ਵਿਚ ਬਾਲ ਹਰਿਗੋਬਿੰਦ ਜੀ ਨੇ ਸੱਪ ਦਾ ਸਿਰ ਆਪਣੀ ਮੁੱਠੀ ਵਿਚ ਘੁੱਟ ਲਿਆ ਤੇ ਸੱਪ ਖਤਮ ਕਰ ਦਿਤਾ। ਜਦ ਇਹ ਵਾਰ ਵੀ ਖਾਲੀ ਗਿਆ ਤਾਂ ਪ੍ਰਿਥੀਏ ਨੇ ਇਕ ਰਸੋਈਏ ਰਾਹੀਂ ਬਾਲ ਹਰਿਗੋਬਿੰਦ ਜੀ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਖਵਾਣਾ ਚਾਹਿਆ। ਇਹ ਵੀ ਭੇਤ ਖੁਲ੍ਹ ਗਿਆ ਤੇ ਉਹ ਰਸੋਈਆ ਪੇਟ ਵਿਚ ਸਖ਼ਤ ਦਰਦ ਹੋਣ

ਕਰਕੇ ਮਰ ਗਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੋਚ ਵਿਚਾਰ ਕੇ ਆਪਣੇ ਪਰਿਵਾਰ ਨੂੰ ਵਡਾਲੀ ਤੋਂ ਅੰਮ੍ਰਿਤਸਰ ਬੁਲਾ ਲਿਆ। ਉਸ ਸਮੇਂ ਚੇਚਕ ਦੀ ਬੀਮਾਰੀ ਵੀ ਫੈਲੀ ਹੋਈ ਸੀ। ਇਸ ਬੀਮਾਰੀ ਦਾ ਬਾਲ ਹਰਿਗੋਬਿੰਦ ਜੀ ਉਪਰ ਵੀ ਹੱਲਾ ਹੋਇਆ। ਇਸ ਬੀਮਾਰੀ ਨੂੰ ਅੱਜ ਕਲ੍ਹ ਸਮਾਲ ਪੌਕਸ ਕਿਹਾ ਜਾਂਦਾ ਹੈ ਤੇ ਉਸ ਸਮੇਂ ਸੀਤਲਾ (ਮਾਤਾ) ਦਾ ਕਹਿਰ ਵੀ ਕਿਹਾ ਜਾਂਦਾ ਸੀ। ਕੁਝ ਲੋਕਾਂ ਨੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਸੀਤਲਾ ਦੀ ਪੂਜਾ ਕਰੋ, ਪਰ ਪੰਚਮ ਪਾਤਸ਼ਾਹ ਜੀ ਨੇ ਫੁਰਮਾਇਆ ਕਿ ਉਸ ਇਕ ਅਕਾਲ ਪੁਰਖ ਤੋਂ ਵੱਡੀ, ਹੋਰ ਕੋਈ ਸ਼ਕਤੀ ਨਹੀਂ ਹੈ। ਉਸੇ ਦਾ ਹੀ ਨਾਮ ਜਪੋ, ਸਾਰੇ ਦੁੱਖ ਦੂਰ ਹੋਣਗੇ। ਕੁਝ ਹੀ ਦਿਨਾਂ ਵਿਚ ਬਾਲ ਹਰਿਗੋਬਿੰਦ ਜੀ ਤੰਦਰੁਸਤ ਹੋ ਗਏ। ਪੰਚਮ ਪਾਤਸ਼ਾਹ ਜੀ ਨੇ ਪ੍ਰਭੂ ਦੇ ਸ਼ੁਕਰਾਨੇ ਵਿਚ ਸ਼ਬਦ ਉਚਾਰਿਆ -

*ਸੀਤਲਾ ਤੇ ਰਖਿਆ ਬਿਹਾਰੀ ॥*
*ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥* *ਅੰਗ- ੨੦੦*

ਇਸ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਿੱਖ ਨੇ ਕਿਸੇ ਵੀ ਦੇਵੀ-ਦੇਵਤੇ ਜਾਂ ਕਬਰ-ਮੜ੍ਹੀ ਨੂੰ ਨਹੀਂ ਮੰਨਣਾ, ਸਗੋਂ ਸਤਿਗੁਰਾਂ ਦੀ ਬਾਣੀ ਉਪਰ ਭਰੋਸਾ ਕਰਕੇ ਸਿਮਰਨ ਕਰਨਾ ਹੈ। ਅਸੀਂ ਇਕ ਅਕਾਲ ਦੇ ਪੁਜਾਰੀ ਹਾਂ ਤੇ ਗੁਰਬਾਣੀ ਤੋਂ ਵੱਡਾ ਹੋਰ ਕੋਈ ਵੀ ਪੂਜਾ ਜਾਂ ਮੰਤਰ ਨਹੀਂ ਹੈ।

ਹੁਣ ਬਾਲ ਹਰਿਗੋਬਿੰਦ ਜੀ ਦੀ ਉਮਰ ਛੇ ਸਾਲ ਦੀ ਹੋ ਚੁੱਕੀ ਸੀ। ਇਸ ਸਮੇਂ ਪੰਚਮ ਪਾਤਸ਼ਾਹ ਜੀ ਦੇ ਪਾਸ ਭਜਨ ਬੰਦਗੀ ਤੇ ਉੱਚੀ ਕਰਨੀ ਵਾਲੇ ਗੁਰਸਿੱਖ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਸਨ। ਪੰਚਮ ਪਾਤਸ਼ਾਹ ਜੀ ਨੇ ਬਾਲ ਹਰਿਗੋਬਿੰਦ ਜੀ ਦੀ ਵਿਦਿਆ ਤੇ ਸਿਖਲਾਈ ਦੀ ਸੇਵਾ ਬਾਬਾ ਬੁੱਢਾ ਜੀ ਨੂੰ ਸੌਂਪ ਦਿਤੀ। ਅੱਖਰੀ ਵਿਦਿਆ ਤੇ ਨੀਤੀ ਵਿਦਿਆ ਦੇ ਨਾਲ-ਨਾਲ ਘੋੜ-ਸਵਾਰੀ ਤੇ ਸ਼ਸਤਰਾਂ ਦੀ ਸਿਖਲਾਈ ਵੀ ਬਾਲ ਹਰਿਗੋਬਿੰਦ ਜੀ ਨੂੰ ਦਿਤੀ ਗਈ। ਉਸ ਸਮੇਂ ਮੁਗ਼ਲ ਹਾਕਮਾਂ ਦੀਆਂ ਨੀਤੀਆਂ ਤੋਂ ਵੀ ਸਾਫ ਦਿਸ ਰਿਹਾ ਸੀ ਕਿ ਗੁਰੂ ਘਰ ਦੇ ਉਪਦੇਸ਼ਾਂ ਨਾਲ ਲੋਕਾਂ ਵਿਚ ਆਈ ਜਾਗ੍ਰਤੀ ਨੂੰ ਉਹ ਪਸੰਦ ਨਹੀਂ ਕਰ ਰਹੇ ਸਨ। ਇਸੇ ਲਈ ਸ਼ਸਤਰ ਵਿਦਿਆ ਵਿਚ ਸ੍ਰੀ ਹਰਿਗੋਬਿੰਦ ਜੀ ਦੀ ਮੁਹਾਰਤ ਨੂੰ ਵੇਖ ਕੇ ਬਾਬਾ ਬੁੱਢਾ ਜੀ ਕਹਿ ਦਿਆ ਕਰਦੇ ਸਨ ਕਿ ਇਹ ਜੋਧਾ ਗੁਰੂ ਨਾਨਕ ਦੇ ਘਰ ਦੇ ਦੋਖੀਆਂ ਅਤੇ ਜਬਰ-ਜ਼ੁਲਮ ਦਾ ਨਾਸ਼ ਕਰੇਗਾ। ਸ੍ਰੀ ਹਰਿਗੋਬਿੰਦ ਜੀ ਸਰੀਰਕ ਤੌਰ 'ਤੇ ਬਹੁਤ ਸੁੰਦਰ ਤੇ ਬਲਵਾਨ ਸਨ। ਦਰਸ਼ਨ ਕਰਨ ਵਾਲੇ ਨਿਹਾਲ ਹੋ ਜਾਂਦੇ ਸਨ।

## (ਅ) ਛੇਵੇਂ ਪਾਤਸ਼ਾਹ ਜੀ ਦੀ ਗੁਰਿਆਈ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਤੇ ਸਿੱਖ ਫੌਜ

ਪੰਜਿ ਪਿਆਲੇ ਪੰਜ ਪੀਰ - ਛਠਮੁ ਪੀਰ ਬੈਠਾ ਗੁਰੁ ਭਾਰੀ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ 30 ਮਈ 1606 ਈ. ਨੂੰ ਲਾਹੌਰ ਵਿਖੇ ਜਹਾਂਗੀਰ ਬਾਦਸ਼ਾਹ ਦੀ ਤੰਗ-ਦਿਲੀ ਤੇ ਧਾਰਮਿਕ ਕੱਟੜਪੁਣੇ ਕਰਕੇ ਸ਼ਹੀਦ ਹੋ ਗਏ। ਪੰਚਮ ਪਾਤਸ਼ਾਹ ਜੀ ਭਵਿੱਖ ਬਾਰੇ ਪਹਿਲਾਂ ਹੀ ਜਾਣ ਗਏ ਸਨ ਕਿ ਸੱਚਖੰਡ ਵਾਪਸੀ ਦਾ ਸਮਾਂ ਆ ਰਿਹਾ ਹੈ। ਲਾਹੌਰ ਨੂੰ ਜਾਣ ਸਮੇਂ ਆਪ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਤਾ ਗੱਦੀ ਲਈ ਨੀਯਤ ਕਰ ਗਏ ਸਨ। ਇਸ ਦੇ ਨਾਲ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਤਾਕੀਦ ਵੀ ਕੀਤੀ ਕਿ ਬਦਲ ਰਹੇ ਸਮੇਂ ਅਨੁਸਾਰ ਸ਼ਸਤਰਧਾਰੀ ਹੋ ਕੇ ਰਹਿਣਾ, ਕਿਉਂਕਿ ਹੁਣ ਇਸ ਘਰ ਨਾਲ ਤੁਰਕਾਂ ਦੀ ਬਣੇਗੀ ਨਹੀਂ। ਸਤਿਗੁਰਾਂ ਨੇ ਮਹਿਸੂਸ ਕਰ ਲਿਆ ਸੀ ਕਿ ਬਗੈਰ ਸ਼ਸਤਰਾਂ ਦੇ ਸਿੱਖ ਕੌਮ ਦਾ ਬਚਣਾ ਮੁਸ਼ਕਲ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ 11 ਸਾਲ ਦੀ ਸੀ ਜਦ ਉਹ ਆਪਣੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰਤਾ ਗੱਦੀ 'ਤੇ ਸੁਭਾਇਮਾਨ ਹੋਏ। ਜਦੋਂ ਗੁਰਿਆਈ ਦਾ ਤਿਲਕ ਲਗਾ ਕੇ ਬਾਬਾ ਬੁੱਢਾ ਜੀ ਨੇ ਉਸ ਸਮੇਂ ਦੀ ਪ੍ਰਚਲਤ ਰੀਤੀ ਅਨੁਸਾਰ 'ਸੇਲ੍ਹੀ-ਟੋਪੀ' ਪੇਸ਼ ਕੀਤੀ ਤਾਂ ਛੇਵੇਂ ਪਾਤਸ਼ਾਹ ਜੀ ਨੇ ਬਾਬਾ ਬੁੱਢਾ ਜੀ ਨੂੰ ਸਤਿਕਾਰ ਨਾਲ ਫੁਰਮਾਇਆ ਕਿ ਬਾਬਾ ਜੀ! ਇਹ ਵਸਤਾਂ ਹੁਣ ਤੋਸ਼ੇਖਾਨੇ ਵਿਚ ਸਾਂਭ ਦਿਓ ਅਤੇ ਸਾਨੂੰ ਦਸਤਾਰ, ਕਲਗੀ ਤੇ ਤਲਵਾਰ ਬਖਸ਼ੋ।

ਬਾਬਾ ਬੁੱਢਾ ਜੀ ਨੇ ਪ੍ਰਸੰਨ ਹੋ ਕੇ ਦਸਤਾਰ ਅਤੇ ਕਲਗੀ ਦੇ ਨਾਲ ਸਤਿਗੁਰਾਂ ਨੂੰ ਮੀਰੀ ਤੇ ਪੀਰੀ ਦੀਆਂ ਦੋ ਤੇਗਾਂ ਪਹਿਨਾਈਆਂ। ਮੀਰੀ ਤੋਂ ਭਾਵ ਸੰਸਾਰਕ ਮਾਮਲਿਆਂ ਵਿਚ ਅਗਵਾਈ ਕਰਨ ਵਾਲੀ, ਸ਼ਕਤੀ ਲਈ ਤੇਗ ਸੀ ਅਤੇ ਪੀਰੀ ਤੋਂ ਭਾਵ ਆਤਮਿਕ ਮੰਡਲ ਦੀ ਅਗਵਾਈ ਕਰਨ ਵਾਲੀ

ਭਗਤੀ ਲਈ ਤੇਗ ਸੀ। ਇਸੇ ਕਰਕੇ ਛੇਵੇਂ ਪਾਤਸ਼ਾਹ ਹੀ ਨੂੰ ਮੀਰੀ-ਪੀਰੀ ਦੇ ਮਾਲਕ ਕਿਹਾ ਜਾਂਦਾ ਹੈ। ਸਤਿਗੁਰਾਂ ਨੇ ਦਸਤਾਰ ਵੀ ਸ਼ਾਹੀ ਠਾਠ ਵਾਲੀ ਸਜਾਈ ਅਤੇ ਗੁਰਤਾ ਗੱਦੀ ਵੇਲੇ ਅਬਦੁੱਲਾ ਤੇ ਨੱਥ ਮੱਲ ਦੋ ਢਾਡੀਆਂ ਨੇ ਇਹ ਬੀਰ ਰਸ ਭਰਪੂਰ ਵਾਰ ਗਾਇਨ ਕੀਤੀ -

ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।

ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰੀ ਦੀ।

ਇਸੇ ਲਈ ਕਿਹਾ ਜਾਂਦਾ ਹੈ ਕਿ ਸਿੱਖ ਕੌਮ ਵਿਚ ਢਾਡੀ ਵਾਰਾਂ ਦਾ ਪ੍ਰਚਲਤ ਹੋਣਾ ਛੇਵੇਂ ਪਾਤਸ਼ਾਹ ਜੀ ਦੀ ਬਖਸ਼ਿਸ਼ ਹੈ। ਇਹ ਬਹਾਦਰੀ ਦੇ ਰਸ ਦੀ ਵਾਰ ਸੁਣ ਕੇ ਨੌਜਵਾਨਾਂ ਦੇ ਡੌਲੇ ਫਰਕੇ ਤੇ ਕੌਮ ਵਿਚ ਨਵਾਂ ਜੋਸ਼ ਠਾਠਾਂ ਮਾਰਨ ਲੱਗਾ। ਫਿਰ ਸਤਿਗੁਰਾਂ ਨੇ ਮਸੰਦਾਂ ਨੂੰ ਤੇ ਉਹਨਾਂ ਦੇ ਰਾਹੀਂ ਸੰਗਤਾਂ ਨੂੰ ਹੁਕਮਨਾਮੇ ਭੇਜੇ ਕਿ ਅੱਗੇ ਤੋਂ ਬਾਕੀ ਭੇਟਾਵਾਂ ਦੇ ਨਾਲ ਚੰਗੇ ਘੋੜੇ ਤੇ ਸ਼ਸਤਰ ਵੀ ਲਿਆਇਆ ਕਰੋ ਅਤੇ ਆਪ ਵੀ ਘੋੜ-ਸਵਾਰੀ ਤੇ ਸ਼ਸਤਰ ਚਲਾਉਣ ਦੀ ਜਾਚ ਸਿੱਖੋ। ਉਸ ਸਮੇਂ ਜਹਾਂਗੀਰ ਦਾ ਇਹ ਵੀ ਐਲਾਨ ਸੀ ਕਿ ਕੋਈ ਵੀ ਆਪਣੇ ਬੈਠਣ ਲਈ ਨਿੱਜੀ ਥੜ੍ਹਾ ਵੀ ਦੋ ਫੁੱਟ ਤੋਂ ਉੱਚਾ ਨਹੀਂ ਰੱਖ ਸਕਦਾ। ਸਤਿਗੁਰਾਂ ਨੇ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਦਾ ਐਲਾਨ ਕੀਤਾ। ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਖ਼ਤ ਸਾਹਿਬ ਦੀ ਪਹਿਲੀ ਇੱਟ ਆਪਣੇ ਪਵਿੱਤਰ ਕਰ-ਕਮਲਾਂ ਨਾਲ ਰੱਖੀ। ਇਸ ਤਖਤ ਨੂੰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਸੰਪੂਰਨ ਕੀਤਾ। ਇਸ ਦਾ ਵੇਰਵਾ ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਇਉਂ ਦਰਜ ਹੈ -

*ਕਿਸੀ ਰਾਜ ਨਹਿ ਹਾਥ ਲਗਾਯੋ॥*
*ਬੁੱਢੇ ਔਰ ਗੁਰਦਾਸ ਬਨਾਯੋ॥*

ਇਸ ਉੱਚੇ ਤਖ਼ਤ ਦਾ ਅਕਾਰ 14 ਫੁੱਟ ਲੰਬਾ, 8 ਫੁੱਟ ਚੌੜਾ ਤੇ 7 ਫੁੱਟ ਉੱਚਾ ਸੀ। ਛੇਵੇਂ ਸਤਿਗੁਰਾਂ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਸਿਰਫ਼ ਪੱਕੇ ਥੜ੍ਹੇ ਦੇ ਰੂਪ ਵਿਚ ਸੁਸ਼ੋਭਿਤ ਰਿਹਾ, ਜਿਸ ਉੱਪਰ ਬਾਦਸ਼ਾਹਾਂ ਵਾਂਗ ਸਿੰਘਾਸ਼ਨ ਸਜਾ ਕੇ, ਗੁਰੂ ਜੀ ਦੋ ਤਲਵਾਰਾਂ ਪਹਿਨ ਕੇ ਸੀਸ ਉੱਪਰ ਕਲਗੀ, ਮੋਢੇ ਉਪਰ ਧਨੁਸ਼ ਤੇ ਤੀਰਾਂ ਦਾ ਭੱਥਾ ਸਜਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਸਨ। ਇਥੇ ਸਤਿਗੁਰੂ ਅਧਿਆਤਮਿਕ ਉਪਦੇਸ਼ ਦਿੰਦੇ ਅਤੇ ਸੰਗਤਾਂ ਦੀ ਅਗਵਾਈ ਕਰਦੇ ਸਨ। ਇਸੇ ਤਖ਼ਤ 'ਤੇ ਸਜ ਕੇ ਲੋਕਾਂ ਦੇ ਝਗੜੇ ਨਿਬੇੜਦੇ, ਫੈਸਲਾ ਸੁਣਾਉਂਦੇ ਤੇ ਹੁਕਮਨਾਮੇ ਜਾਰੀ ਕਰਦੇ ਸਨ। ਜਦੋਂ ਇਥੇ ਢਾਡੀ ਬੀਰ ਰਸੀ ਵਾਰਾਂ ਗਾਉਂਦੇ ਤਾਂ ਕੌਮ ਵਿਚ ਜੋਸ਼ ਭਰਦਾ ਸੀ। ਇਸ ਮਰਯਾਦਾ ਨੇ ਸਿੱਖ ਕੌਮ ਨੂੰ ਉਮਾਹ ਬਖਸ਼ਿਆ। ਪੰਚਮ ਪਾਤਸ਼ਾਹ ਜੀ ਦੀ ਸ਼ਹੀਦੀ ਤੋਂ ਬਾਅਦ ਜਿਨ੍ਹਾਂ ਸਿੱਖਾਂ ਉਪਰ ਨਿਰਾਸ਼ਾ ਦਾ ਪ੍ਰਭਾਵ ਸੀ, ਉਹ ਚੜ੍ਹਦੀ ਕਲਾ ਵਾਲੇ ਮਹਾਨ ਯੋਧੇ ਬਣ ਗਏ। ਰੋਜ਼ਾਨਾ ਹੀ ਸਿੱਖ ਬਹੁਤ ਉਤਸ਼ਾਹ ਨਾਲ ਘੋੜੇ, ਸ਼ਸਤਰ ਅਤੇ ਜਵਾਨੀਆਂ ਭੇਟ ਕਰਦੇ। ਸਤਿਗੁਰਾਂ ਨੇ ਚੋਣਵੇਂ ਬਵੰਜਾ ਜੋਧੇ ਆਪਣੇ ਨਾਲ ਰੱਖ ਲਏ ਜੋ ਸਿਰ ਕੱਢ ਜਵਾਨ ਸਨ ਤੇ ਉਹਨਾਂ ਨਾਲ ਫੌਜ ਦਾ ਮੁੱਢ ਬੱਝ ਗਿਆ। ਉਹਨਾਂ ਦੀ ਚੜ੍ਹਤ ਨੂੰ ਵੇਖਦਿਆਂ ਮਾਝੇ, ਮਾਲਵੇ ਤੇ ਦੁਆਬੇ ਦੇ ਪੰਜ ਸੌ ਨੌਜਵਾਨ ਸਤਿਗੁਰਾਂ ਦੀ ਫੌਜ ਵਿਚ ਆ ਸ਼ਾਮਲ ਹੋਏ। ਉਹਨਾਂ ਨੇ ਇਹ ਵੀ ਪ੍ਰਣ ਕੀਤਾ ਕਿ ਉਹ ਗੁਰੂ ਘਰ ਦੇ ਹੁਕਮ ਦੀ ਪਾਲਣਾ ਕਰਦਿਆਂ ਸਿਰ-ਧੜ ਦੀ ਬਾਜ਼ੀ ਲਾ ਦੇਣਗੇ। ਸਤਿਗੁਰਾਂ ਨੇ ਉਹਨਾਂ ਨੂੰ ਘੋੜੇ ਤੇ ਸ਼ਸਤਰ ਦਿਤੇ। ਇਸ ਤਰ੍ਹਾਂ ਇਕ ਯੋਧਿਆਂ ਦੀ ਫੌਜ ਤਿਆਰ ਹੋ ਗਈ। ਸਤਿਗੁਰਾਂ ਨੇ ਇਕ ਨਗਾਰਾ ਵੀ ਤਿਆਰ ਕਰਵਾਇਆ ਅਤੇ ਨਿਸ਼ਾਨ ਵੀ ਝੁਲਾਇਆ। ਇਹ ਸੰਤ-ਸਿਪਾਹੀਆਂ ਦੀ ਫੌਜ ਸੀ। ਜਿਵੇਂ ਵਧਦੀ ਤਾਕਤ ਨੂੰ ਕਿਲ੍ਹੇ ਦੀ ਲੋੜ ਹੁੰਦੀ ਹੈ, ਇਵੇਂ ਸਤਿਗੁਰਾਂ ਨੇ ਲੰਬੀ ਵੀਚਾਰ ਤੋਂ ਬਾਅਦ ਅੰਮ੍ਰਿਤਸਰ ਵਿਚ ਇਕ ਕਿਲ੍ਹਾ ਬਣਾਇਆ ਤੇ ਇਸ ਦਾ ਨਾਂ ਲੋਹਗੜ੍ਹ ਰੱਖਿਆ ਗਿਆ। ਸਿੱਖਾਂ ਦਾ ਇਹ ਪਹਿਲਾਂ ਕਿਲ੍ਹਾ ਹੈ। ਇਸ ਦੇ ਨਾਲ ਕੌਮ ਦੇ ਹੌਸਲੇ ਹੋਰ ਬੁਲੰਦ ਤੇ ਸਵੈ ਵਿਸ਼ਵਾਸ਼ ਦੀ ਭਾਵਨਾ ਬਲਵਾਨ ਹੋਈ।

ਸਿੱਖੀ ਦੇ ਮਹਾਨ ਵਿਆਖਿਆਕਰ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਖਸ਼ੀਅਤ ਦਾ ਵਰਨਣ ਕਰਦਿਆਂ ਇਹੋ ਵਿਚਾਰ ਦਿਤਾ ਹੈ 'ਛਠਮ ਪੀਰੁ ਬੈਠਾ ਗੁਰ ਭਾਰੀ।' ਭਾਵ ਛੇਵੇਂ ਪਾਤਸ਼ਾਹ (ਛਠਮ ਪੀਰ) ਵੱਡੇ ਤੇਜ ਪ੍ਰਤਾਪ ਵਾਲੇ ਹਨ। ਕਿਸੇ ਜਹਾਂਗੀਰ ਵਰਗੇ ਜ਼ਾਲਮ ਬਾਦਸ਼ਾਹ ਦੀ ਪ੍ਰਵਾਹ ਨਹੀਂ, ਸਗੋਂ ਦੋ ਤੇਗਾਂ ਪਹਿਨੀਆਂ, ਤਖ਼ਤ ਸਿਰਜਿਆ, ਹੁਕਮਨਾਮੇ ਭੇਜੇ, ਫੌਜਾਂ ਤਿਆਰ ਕੀਤੀਆਂ, ਕਿਲ੍ਹੇ ਬਣਾਏ, ਬੀਰ ਰਸੀ ਵਾਰਾਂ ਪ੍ਰਚਲਤ ਹੋਈਆਂ, ਕੌਮ ਨੂੰ ਸ਼ਸਤਰਧਾਰੀ ਬਣਾਇਆ, ਨਗਾਰੇ ਖੜਕੇ, ਨਿਸ਼ਾਨ ਝੂਲੇ ਤੇ ਉਚੇ

ਤਖ਼ਤ ਉਪਰ ਸੁਭਾਇਮਾਨ ਹੋ ਕੇ ਸਿੱਖ ਕੌਮ ਦੀ ਅਗਵਾਈ ਕੀਤੀ। ਇਸ ਦਾ ਮੂਲ ਅਧਾਰ ਕੀ ਸੀ? ਛੇਵੇਂ ਪਾਤਸ਼ਾਹ ਜੀ ਨੇ ਪੰਜ ਪਿਆਲੇ, ਸਤ-ਸੰਤੋਖ-ਦਯਾ-ਧਰਮ-ਧੀਰਜ' ਦੇ ਪੀਤੇ ਅਤੇ ਇਹ ਬਖਸ਼ਿਸ਼ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਸੀ। ਇਸੇ ਨੂੰ ਭਾਈ ਗੁਰਦਾਸ ਜੀ ਨੇ ਪੰਜ ਪੀਰ ਕਿਹਾ ਹੈ -

**(ੲ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬੰਦੀ-ਛੋੜ ਸਤਿਗੁਰੂ ਕਿਵੇਂ ਕਹਾਏ -**

**ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ -** ਸਿੱਖ ਫੌਜ ਦੀ ਸਿਰਜਣਾ ਅਤੇ ਚੜ੍ਹਦੀ ਕਲਾ ਵਾਲੀ ਸ਼ਾਨੋ ਸ਼ੌਕਤ ਨੂੰ ਵੇਖ ਕੇ ਗੁਰੂ-ਘਰ ਦੇ ਦੋਖੀਆਂ ਨੇ ਇਹ ਸਾਰੀਆਂ ਗੱਲਾਂ ਜਹਾਂਗੀਰ ਤਕ ਵਧਾ ਚੜ੍ਹਾ ਕੇ ਪੁੱਜਦੀਆਂ ਕੀਤੀਆਂ। ਉਹਨਾਂ ਨੇ ਕਿਹਾ ਕਿ ਹਰਿਗੋਬਿੰਦ ਜੀ ਨੇ ਫੌਜ ਰੱਖ ਲਈ ਹੈ, ਨਗਾਰੇ ਵਜਾਉਂਦੇ ਹਨ, ਨਿਸ਼ਾਨ ਝੂਲਦੇ ਹਨ, ਸ਼ਿਕਾਰ ਲਈ ਚੜ੍ਹਦੇ ਹਨ, ਆਪਣੇ ਲਈ ਤਖ਼ਤ ਬਣਾ ਲਿਆ ਹੈ ਅਤੇ ਸੰਗਤਾਂ ਉਹਨੂੰ ਨੂੰ ਸੱਚਾ ਪਾਤਸ਼ਾਹ ਕਹਿੰਦੀਆਂ ਹਨ। ਇਹ ਇਕ ਦਿਨ ਹਕੂਮਤ ਲਈ ਖਤਰਨਾਕ ਸਾਬਤ ਹੋਣਗੇ।

ਮੁਗ਼ਲ ਬਾਦਸ਼ਾਹ ਇਹਨਾਂ ਤਿਆਰੀਆਂ ਤੋਂ ਡਰ ਗਿਆ। ਉਸ ਨੇ ਪਹਿਲਾਂ ਕੰਮ ਇਹ ਕੀਤਾ ਕਿ ਪੰਚਮ ਪਾਤਸ਼ਾਹ ਜੀ ਨੂੰ ਤਸੀਹੇ ਦੇਣ ਵਾਲੇ ਮੁਰਤਜਾ ਖ਼ਾਨ ਨੂੰ ਪੰਜਾਬ ਦਾ ਨਵਾਬ ਥਾਪ ਦਿਤਾ। ਉਸ ਨੇ ਜਹਾਂਗੀਰ ਕੋਲੋਂ ਸਤਿਗੁਰਾਂ ਦੀ ਗ੍ਰਿਫਤਾਰੀ ਦੇ ਹੁਕਮ ਲਿਆ ਕੇ ਵਜ਼ੀਰ ਖਾਨ ਤੇ ਗੁੰਚਾ ਬੇਗ ਨੂੰ ਗੁਰੂ ਜੀ ਪਾਸ ਭੇਜਿਆ ਕਿ ਉਹ ਆਗਰੇ ਪੇਸ਼ ਹੋਣ। ਗੁਰੂ ਜੀ ਨੇ ਪ੍ਰਮੁੱਖ ਸਿੱਖਾਂ ਨਾਲ ਸਲਾਹ ਕੀਤੀ ਅਤੇ ਤਿੰਨ ਕੁ ਸੌ ਸੂਰਮੇ ਨਾਲ ਲੈ ਕੇ ਤਰਨ ਤਾਰਨ, ਗੋਇੰਦਵਾਲ, ਦੁਆਬੇ ਤੇ ਮਾਲਵੇ ਵਿਚ ਦੀ ਹੁੰਦੇ ਹੋਏ ਦਿੱਲੀ ਪੁੱਜੇ। ਕੁਝ ਸਮਾਂ ਬਾਦਸ਼ਾਹ ਨੇ ਉਹਨਾਂ ਦਾ ਆਦਰ ਭਾ ਕੀਤਾ ਅਤੇ ਉਹਨਾਂ ਨੂੰ ਪਰੇਰ ਕੇ ਆਪਣਾ ਮਿੱਤਰ ਬਣਾਉਣ ਦਾ ਯਤਨ ਕੀਤਾ। ਉਸ ਨੂੰ ਇਹ ਵੀ ਯਕੀਨ ਹੋ ਗਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਤੇ ਉਹਨਾਂ ਤੇ ਗੁਰੂ ਨੂੰ ਭੈ-ਭੀਤ ਕਰਨ ਦੀ ਥਾਂ, ਸਗੋਂ ਦਲੇਰ ਤੇ ਨਿਰਭੈ ਕਰ ਦਿਤਾ ਹੈ। ਉਸ ਨੇ ਸੋਚਿਆ ਕਿ ਸਿੱਖਾਂ ਨੂੰ ਦਬਾਉਣਾ ਚਾਹੀਦਾ ਹੈ।

ਇਹ ਘਟਨਾ 1609 ਈ. ਦੀ ਹੈ ਜਦ ਜਹਾਂਗੀਰ ਨੇ ਗੁਰੂ ਜੀ ਨੂੰ ਸ਼ਾਹੀ ਕੈਦੀ ਦੀ ਹੈਸੀਅਤ ਵਿਚ 12 ਸਾਲ ਦੀ ਕੈਦ ਦਾ ਹੁਕਮ ਸੁਣਾ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿਤਾ। ਗਵਾਲੀਅਰ ਇਕ ਬਦਨਾਮ ਕਿਲ੍ਹਾ ਸੀ। ਉਸ ਸਮੇਂ ਇਹ ਗੱਲ ਪ੍ਰਚਲਤ ਸੀ ਕਿ ਜਿਸ ਕੈਦੀ ਤੋਂ ਛੁਟਕਾਰਾ ਪਾਉਣਾ ਹੁੰਦਾ ਸੀ, ਉਸ ਨੂੰ ਗਵਾਲੀਅਰ ਬੰਦੀ ਬਣਾ ਕੇ ਭੇਜ ਦਿਤਾ ਜਾਂਦਾ ਸੀ। ਅਕਬਰ ਬਾਦਸ਼ਾਹ ਨੇ ਸ਼ਾਹੀ ਕੈਦੀ ਇਥੇ ਰੱਖਣ ਦੀ ਰੀਤ ਤੋਰੀ ਸੀ। ਖੁਸਰੋ ਦੀ ਮੌਤ ਤੋਂ ਬਾਅਦ ਕਈ ਰਾਜਪੂਤਾਂ ਤੇ ਪਹਾੜੀ ਰਾਜਿਆਂ ਨੇ ਜਹਾਂਗੀਰ ਦੀ ਈਨ ਨਹੀਂ ਸੀ ਮੰਨੀ ਅਤੇ ਬਗਾਵਤ ਕੀਤੀ ਸੀ। ਇਤਿਹਾਸ ਵਿਚ ਇਹਨਾਂ ਦੀ ਗਿਣਤੀ 52 ਲਿਖੀ ਹੈ। ਇਹਨਾਂ ਕੈਦੀਆਂ ਉਪਰ ਬਹੁਤ ਸਖ਼ਤੀ ਕੀਤੀ ਜਾਂਦੀ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿਚ ਆਉਣ ਨਾਲ ਸਭ ਕੈਦੀ ਰਾਜਿਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਪਹਿਲੇ ਦਿਨ ਹੀ ਜਦ ਉਹਨਾਂ ਨੇ ਸਤਿਗੁਰਾਂ ਦੇ ਦਰਸ਼ਨ ਕੀਤੇ ਤਾਂ ਉਹਨਾਂ ਨੂੰ ਜਾਪਿਆ ਕਿ ਸਾਨੂੰ ਬੰਦੀ ਵਿਚੋਂ ਛੁਡਾਉਣ ਵਾਲਾ ਮਹਿਰਮ ਆ ਗਿਆ ਹੈ। ਸਤਿਗੁਰਾਂ ਦੀ ਬੰਦਗੀ ਵਾਲੀ ਦੈਵੀ ਸ਼ਖਸੀਅਤ ਦਾ ਸਭਨਾਂ ਉਪਰ ਪ੍ਰਭਾਵ ਪੈਣਾ ਕੁਦਰਤੀ ਸੀ। ਉਧਰ ਸਿੱਖਾਂ ਵਿਚ ਸਤਿਗੁਰਾਂ ਦੇ ਬੰਦੀ ਬਣਨ ਨਾਲ ਬੇਚੈਨੀ ਵਧ ਗਈ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਅਗਵਾਈ ਹੇਠ ਸਿੱਖ ਕੌਮ ਨੇ ਰੋਸ ਕਰਨਾ ਆਰੰਭਿਆ। ਰਾਤ ਨੂੰ ਮਿਸਾਲਾਂ ਜਗਾ ਕੇ ਸਿੱਖ ਸ਼ਬਦ ਪੜ੍ਹਦੇ ਤੇ ਵਿਖਾਵੇ ਕਰਦੇ ਸਨ। ਕਈ ਜੱਥੇ ਪੰਜਾਬ ਤੋਂ ਚਲ ਕੇ ਗਵਾਲੀਆਰ ਪੁੱਜਦੇ ਤੇ ਕਿਲ੍ਹੇ ਦੀ ਪ੍ਰਕਰਮਾ ਕਰਕੇ ਜਥਿਆਂ ਦੀ ਸ਼ਕਲ ਵਿਚ ਵਾਪਸ ਮੁੜਦੇ। ਇਧਰ ਜਿੱਥੇ ਸਿੱਖ ਕੌਮ ਵਿਚ ਬੇਚੈਨੀ ਸੀ, ਉਧਰ ਸਾਈਂ ਮੀਆਂ ਮੀਰ ਜੀ ਵੀ ਕੋਸ਼ਿਸ਼ ਵਿਚ ਸਨ। ਉਹਨਾਂ ਦਾ ਇਹ ਪ੍ਰਭਾਵ ਸੀ ਕਿ ਜਹਾਂਗੀਰ ਦੀ ਪਤਨੀ ਨੂਰਜਹਾਨ ਸ਼ਾਦੀ ਤੋਂ ਪਹਿਲਾਂ ਲਾਹੌਰ ਵਿਖੇ ਸਾਈਂ ਮੀਆ ਮੀਰ ਜੀ ਦੇ ਦਰਸ਼ਨਾਂ ਲਈ ਕਈ ਵਾਰ ਗਈ ਸੀ। ਉਸ ਉਪਰ ਸੂਫੀ ਖਿਆਲਾਂ ਦਾ ਪ੍ਰਭਾਵ ਸੀ। ਸਾਈਂ ਮੀਆ ਮੀਰ ਤੋਂ ਹੀ ਪੰਚਮ ਪਾਤਸ਼ਾਹ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਰਖਵਾਈ ਸੀ। ਜਹਾਂਗੀਰ ਦੇ ਹੁਕਮ ਨਾਲ ਜਦ ਪੰਚਮ ਪਾਤਸ਼ਾਹ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਸਾਈਂ ਮੀਆਂ ਮੀਰ ਜੀ ਬਹੁਤ ਬੇਚੈਨ ਰਹੇ ਸਨ। ਹੁਣ ਉਹਨਾਂ ਲਈ ਚੁੱਪ ਰਹਿਣਾ ਮੁਸ਼ਕਲ ਹੋ ਗਿਆ ਸੀ।

ਕੁਝ ਸਮੇਂ ਬਾਅਦ ਜਹਾਂਗੀਰ ਬਹੁਤ ਸਖ਼ਤ

ਬੀਮਾਰ ਹੋ ਗਿਆ। ਜਦੋਂ ਹਕੀਮਾਂ ਤੋਂ ਠੀਕ ਹੋਣ ਦੀ ਆਸ ਮੁੱਕ ਗਈ ਤਾਂ ਨੂਰ-ਜਹਾਨ ਨੇ ਪੀਰਾਂ ਫਕੀਰਾਂ ਦਾ ਸਹਾਰਾ ਲਿਆ। ਜਦ ਨੂਰ ਜਹਾਨ ਆਪਣੇ ਪਤੀ ਜਹਾਂਗੀਰ ਨੂੰ ਫਕੀਰ ਨਿਜ਼ਾਮ-ਉਦ-ਦੀਨ ਔਲੀਆ ਪਾਸ ਲੈ ਕੇ ਆਈ ਤਾਂ ਉਥੇ ਸਾਈਂ ਮੀਆਂ ਮੀਰ ਜੀ ਵੀ ਬੈਠੇ ਸਨ। ਸਾਰਾ ਹਾਲ ਜਾਣ ਕੇ ਉਸ ਫਕੀਰ ਤੇ ਸਾਈਂ ਮੀਆਂ ਮੀਰ ਜੀ ਨੇ ਕਿਹਾ ਕਿ ਇਹ ਖਤਰਨਾਕ ਬੀਮਾਰੀ ਉਸ ਪੀਰ ਨੂੰ ਦੁੱਖ ਦੇਣ ਕਰਕੇ ਹੈ। ਇਸ ਗੱਲ ਦਾ ਜਹਾਂਗੀਰ ਉਪਰ ਐਸਾ ਅਸਰ ਹੋਇਆ ਕਿ ਉਸ ਨੇ ਗਲਤੀ ਲਈ ਪਛਤਾਵਾ ਕੀਤਾ। ਜਹਾਂਗੀਰ ਨੇ ਵਾਪਸ ਆ ਕੇ ਜਲਦੀ ਹੀ ਸਤਿਗੁਰਾਂ ਦੀ ਰਿਹਾਈ ਦਾ ਹੁਕਮ ਭੇਜਿਆ।

ਗਵਾਲੀਆਰ ਦੇ ਕਿਲ੍ਹੇ ਵਿਚ ਸਤਿਗੁਰਾਂ ਦੀ ਬੰਦੀ ਦਾ ਸਮਾਂ ਸਵਾ ਕੁ ਦੋ ਸਾਲ ਬਣਦਾ ਹੈ। ਵਜ਼ੀਰ ਖਾਨ ਸਤਿਗੁਰਾਂ ਦੀ ਰਿਹਾਈ ਦਾ ਹੁਕਮ ਲੈ ਕੇ ਗਵਾਲੀਅਰ ਪੁੱਜਾ ਤਾਂ ਗੁਰੂ ਜੀ ਨੇ ਇਕੱਲਿਆਂ ਰਿਹਾਅ ਹੋਣ ਤੋਂ ਇਨਕਾਰ ਕਰ ਦਿਤਾ। ਸਤਿਗੁਰਾਂ ਫੁਰਮਾਇਆ, ਜਦ ਤਾਈਂ ਇਹ ਬੇਦੋਸ਼ੇ ਬਵੰਜਾ ਰਾਜੇ ਕੈਦ ਵਿਚੋਂ ਰਿਹਾਅ ਨਹੀਂ ਕੀਤੇ ਜਾਂਦੇ, ਤਦ ਤਕ ਅਸੀਂ ਵੀ ਬਾਹਰ ਜਾਣ ਲਈ ਤਿਆਰ ਨਹੀਂ ਹਾਂ। ਜਦੋਂ ਇਹ ਗੱਲ ਜਹਾਂਗੀਰ ਤਕ ਪੁੱਜੀ ਤਾਂ ਉਸ ਨੇ ਕਿਹਾ ਕਿ ਜਿਤਨੇ ਕੈਦੀ ਗੁਰੂ ਦਾ ਪੱਲਾ ਫੜ ਕੇ ਬਾਹਰ ਨਿਕਲ ਜਾਣਗੇ, ਉਹ ਰਿਹਾਅ ਹੋ ਜਾਣਗੇ। ਸਮਰੱਥ ਸਤਿਗੁਰਾਂ ਨੇ ਬਵੰਜਾ ਕਲੀਆਂ ਵਾਲਾ ਚੋਲਾ ਪਹਿਨ ਕੇ ਬਵੰਜਾ ਰਾਜਿਆਂ ਨੂੰ ਬੰਦੀ ਤੋਂ ਮੁਕਤ ਕਰਵਾਇਆ। ਇਸ ਇਤਿਹਾਸਕ ਘਟਨਾ ਤੋਂ ਪ੍ਰਭਾਵਿਤ ਹੋ ਕੇ ਸਿੱਖ ਕੌਮ ਤੇ ਬਾਕੀ ਸਮਾਜ ਗੁਰੂ ਜੀ ਨੂੰ ਬੰਦੀ ਛੋੜ ਦਾਤਾ ਕਹਿਣ ਲੱਗ ਪਏ। ਇਹ ਘਟਨਾ 1612 ਈ. ਦੀ ਹੈ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਤੋਂ ਅੰਮ੍ਰਿਤਸਰ ਪਹੁੰਚੇ ਤਾਂ ਉਹ ਦੀਵਾਲੀ ਦਾ ਦਿਨ ਸੀ। ਸਿੱਖਾਂ ਨੇ ਖੁਸ਼ੀ ਵਿਚ ਘਿਉ ਦੇ ਦੀਪ ਜਲਾਏ ਅਤੇ ਮਿਠਿਆਈਆਂ ਵੰਡੀਆਂ। ਉਸ ਸਮੇਂ ਤੋਂ ਸਿੱਖ ਪੰਥ ਦੀਵਾਲੀ ਦੇ ਦਿਨ ਨੂੰ ਬੰਦੀ ਛੋੜ ਦਿਵਸ ਵਜੋਂ ਮਨਾਉਂਦਾ ਹੈ। ਅਜੋਕੇ ਸਮੇਂ ਵਿਚ ਵੀ ਇਸ ਦਿਨ ਛੇਵੇਂ ਪਾਤਸ਼ਾਹ ਜੀ ਦੇ ਸਿਰਜੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਜੀ ਸਿੱਖ ਕੌਮ ਦੇ ਨਾਉਂ ਸੰਦੇਸ਼ ਜਾਰੀ ਕਰਦੇ ਹਨ।

ਸਤਿਗੁਰਾਂ ਦੇ ਇਸ ਇਤਿਹਾਸ ਨੂੰ ਪੇਸ਼ ਕਰਦਿਆਂ ਹੀ ਕਿਸੇ ਕਵੀ ਨੇ ਲਿਖਿਆ "ਬੰਦੀ ਛੋੜ ਸਤਿਗੁਰਾਂ, ਬੰਦੀਓਂ ਬੰਦੀ ਛੁਡਾਇਆ ਬੰਦੀਆਂ ਨੂੰ।' ਇਸ ਤੋਂ ਬਾਅਦ ਜਹਾਂਗੀਰ ਨੂੰ ਆਪਣੇ ਪਾਪਾਂ ਦਾ ਐਸਾ ਅਹਿਸਾਸ ਹੋਇਆ ਕਿ ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਦੁਸ਼ਮਣੀ ਵਾਲਾ ਵਿਹਾਰ ਤਿਆਗ ਕੇ ਮਿੱਤਰਤਾ ਪੈਦਾ ਕਰ ਲਈ। ਸਤਿਗੁਰਾਂ ਨੇ ਵੀ ਇਸ ਸ਼ਾਂਤੀ ਦੇ ਸਮੇਂ ਵਿਚ ਦੂਰ-ਦੂਰ ਤਕ ਸਿੱਖ ਧਰਮ ਦਾ ਪ੍ਰਚਾਰ ਕੀਤਾ।

(ਸ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਤਿੰਨ ਸੁਪਤਨੀਆਂ ਸਨ। ਆਪ ਜੀ ਦੀ ਪਹਿਲੀ ਸ਼ਾਦੀ ਡੱਲਾ ਨਿਵਾਸੀ, ਸ੍ਰੀ ਨਾਰਾਇਣ ਦਾਸ ਜੀ ਦੀ ਸਪੁੱਤਰੀ ਸ੍ਰੀ ਦਮੋਦਰੀ ਜੀ ਨਾਲ ਹੋਈ। ਇਹਨਾਂ ਦੀ ਕੁੱਖੋਂ ਬਾਬਾ ਗੁਰਦਿੱਤਾ ਜੀ, ਬੀਬੀ ਵੀਰੋ ਜੀ ਦਾ ਜਨਮ ਹੋਇਆ।

ਸਤਿਗੁਰਾਂ ਦੀ ਦੂਸਰੀ ਸ਼ਾਦੀ ਮੰਡਿਆਲੀ ਨਿਵਾਸੀ ਸ੍ਰੀ ਦਇਆ ਰਾਮ ਜੀ ਦੀ ਸਪੁੱਤਰੀ ਮਾਤਾ ਮਰਵਾਹੀ ਜੀ (ਮਹਾਂਦੇਵੀ ਜੀ) ਨਾਲ ਹੋਈ ਤੇ ਇਹਨਾਂ ਦੀ ਕੁੱਖੋਂ ਸ੍ਰੀ ਸੂਰਜ ਮੱਲ ਜੀ ਨੇ ਜਨਮ ਲਿਆ।

ਸਤਿਗੁਰਾਂ ਦੀ ਤੀਜੀ ਸ਼ਾਦੀ ਬਕਾਲਾ ਨਿਵਾਸੀ ਸ੍ਰੀ ਹਰੀ ਚੰਦ ਜੀ ਦੀ ਸਪੁੱਤਰੀ ਨਾਨਕੀ ਜੀ ਨਾਲ ਹੋਈ। ਮਾਤਾ ਨਾਨਕੀ ਜੀ ਦੀ ਕੁੱਖੋਂ ਅਣੀ ਰਾਏ ਜੀ, ਬਾਬਾ ਅਟੱਲ ਰਾਇ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਹੋਇਆ। ਸਤਿਗੁਰਾਂ ਦੇ ਪੰਜ ਸਪੁੱਤਰ ਤੇ ਇਕ ਧੀ ਸੀ।

**ਵਸਾਏ ਨਗਰ ਤੇ ਅਸਥਾਨ** - ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਹੀ ਨੇ 1606 ਈ. ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸ੍ਰੀ ਅੰਮ੍ਰਿਤਸਰ ਵਿਖੇ ਕੀਤੀ। ਸੈਨਿਕ ਸ਼ਕਤੀ ਨੂੰ ਮੁੱਖ ਰੱਖ ਕੇ 1609 ਈ. ਵਿਚ ਲੋਹਗੜ੍ਹ ਨਾਉਂ ਦਾ ਕਿਲ੍ਹਾ ਤਿਆਰ ਕਰਵਾਇਆ। ਇਸ ਤਰ੍ਹਾਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਿੱਖਾਂ ਦਾ ਪਹਿਲਾ ਤਖ਼ਤ ਅਤੇ ਪਹਿਲਾ ਕਿਲ੍ਹਾ ਸਥਾਪਤ ਹੋਇਆ। ਇਸ ਤੋਂ ਇਲਾਵਾ ਲਾਹੌਰ ਦੇ ਕਿਲ੍ਹੇ ਦੇ ਪਾਸ ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤ ਸਮਾਏ ਸਨ, ਉਥੇ ਡੇਹਰਾ ਲਾਹੌਰ 1612 ਈ. ਵਿਚ ਸਥਾਪਤ ਕੀਤਾ।

ਸਤਿਗੁਰਾਂ ਨੇ ਕੀਰਤਪੁਰ ਸਾਹਿਬ 1626 ਈ. ਵਿਚ ਕਹਿਲੂਰ ਦੇ ਰਾਜਾ ਤਾਰਾ ਚੰਦ ਪਾਸੋਂ ਜ਼ਮੀਨ ਖਰੀਦ ਕੇ ਵਸਾਇਆ ਅਤੇ ਗੁਰੂ ਜੀ 1634 ਈ.

ਵਿਚ ਇਥੇ ਆ ਕੇ ਵਸੇ ਤੇ ਫਿਰ ਅੰਤ ਸਮੇਂ ਤਕ ਇਥੇ ਹੀ ਰਹੇ। ਇਸੇ ਤਰ੍ਹਾਂ ਮਹਿਰਾਜ ਨਗਰ ਮਾਲਵੇ ਵਿਚ ਗੁਰੂ ਜੀ ਨੇ 1627 ਈ. ਵਿਚ ਵਸਾਇਆ। ਇਕ ਵਾਰ ਸਿੱਖੀ ਦਾ ਪ੍ਰਚਾਰ ਕਰਦੇ-ਕਰਦੇ ਗੁਰੂ ਜੀ ਜਦ ਲਾਹੌਰ ਗਏ ਤਾਂ ਮੁਜੰਗ ਵਿਖੇ ਸਾਈਂ ਮੀਆ ਮੀਰ ਜੀ ਦਰਸ਼ਨ ਲਈ ਆਏ। ਉਹਨਾਂ ਕਿਹਾ ਕਿ ਕਾਜ਼ੀ ਰੁਸਤਮ ਖਾਨ ਦੀ ਧੀ ਬੀਬੀ ਕੌਲਾਂ ਸਾਡੀ ਮੁਰੀਦ ਹੈ ਤੇ ਖੁਦਾ ਦੀ ਬੰਦਗੀ ਕਰਦੀ ਹੈ। ਉਹ ਆਪ ਦੇ ਸਤਿਸੰਗ ਤੋਂ ਪ੍ਰਭਾਵਿਤ ਹੈ। ਉਸ ਦਾ ਪਿਉ ਉਸ ਨੂੰ ਕਾਫ਼ਰ ਹੋ ਗਈ ਸਮਝ ਕੇ ਕਤਲ ਕਰਨਾ ਚਾਹੁੰਦਾ ਹੈ, ਇਸ ਲਈ ਤੁਸੀਂ ਉਸ ਨੂੰ ਪਨਾਹ ਦਿਉ। ਸਤਿਗੁਰਾਂ ਨੇ ਸਾਈਂ ਜੀ ਨਾਲ ਪਨਾਹ ਦੇਣ ਦਾ ਇਕਰਾਰ ਕੀਤਾ। ਬੀਬੀ ਕੋਲਾਂ ਅੰਮ੍ਰਿਤਸਰ ਪਹੁੰਚ ਗਈ ਤੇ ਉਸ ਨੂੰ ਵੱਖਰਾ ਮਕਾਨ ਦਿਤਾ ਗਿਆ। ਉਹ ਭਜਨ ਬੰਦਗੀ ਕਰਦੀ ਰਹੀ। ਸਤਿਗੁਰਾਂ ਨੇ 1624 ਈ. ਵਿਚ ਇਕ ਤਾਲ ਸ਼ੁਰੂ ਕਰਵਾਇਆ ਜੋ 1627 ਈ. ਵਿਚ ਸੰਪੂਰਨ ਹੋਇਆ। ਇਸ ਦਾ ਨਾਉਂ ਬੀਬੀ ਕੋਲਾਂ ਦੇ ਨਾਂ ਉਤੇ ਕੌਲਸਰ ਰੱਖਿਆ ਗਿਆ।

ਸੰਨ 1628 ਵਿਚ ਸਤਿਗੁਰਾਂ ਨੇ ਬਿਬੇਕੀ ਸਿੰਘਾਂ ਦੇ ਟਿਕਣ ਲਈ ਜਿੱਥੇ ਗੁਰੂ ਜੀ ਸਿੱਖਾਂ ਨੂੰ ਉਪਦੇਸ਼ ਕਰਦੇ ਹੁੰਦੇ ਸਨ, ਉਥੇ ਬਿਬੇਕਸਰ ਸਰੋਵਰ ਤਿਆਰ ਕਰਵਾਇਆ। ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪੰਜ ਸਰੋਵਰਾਂ ਵਿਚੋਂ ਦੋ ਸਰੋਵਰ ਕੌਲਸਰ ਤੇ ਬਿਬੇਕਸਰ ਛੇਵੇਂ ਪਾਤਸ਼ਾਹ ਜੀ ਦੀ ਬਖਸ਼ਿਸ਼ ਨਾਲ ਤਿਆਰ ਹੋਏ ਹਨ। ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1597 ਈ. ਵਿਚ ਜ਼ਿਲ੍ਹਾ ਗੁਰਦਾਸਪੁਰ ਵਿਖੇ ਹਰਿਗੋਬਿੰਦਪੁਰ ਨਗਰ ਵਸਾਇਆ ਸੀ। ਬਾਅਦ ਵਿਚ ਚੰਦੂ ਦੀ ਸ਼ਰਾਰਤ ਨਾਲ ਇਹ ਪਿੰਡ ਭਗਵਾਨ ਦਾਸ ਘੇਰੜ ਨੂੰ ਮਿਲ ਗਿਆ। ਸੰਨ 1630 ਵਿਚ ਜਦ ਛੇਵੇਂ ਪਾਤਸ਼ਾਹ ਜੀ ਇਥੇ ਆਏ ਤਾਂ ਇਥੇ ਯੁੱਧ ਵੀ ਹੋਇਆ। ਇਥੇ ਸਤਿਗੁਰਾਂ ਨੇ ਮੁਸਲਮਾਨ ਭਰਾਵਾਂ ਲਈ ਇਕ ਮਸੀਤ ਵੀ ਬਣਵਾਈ। ਸਤਿਗੁਰਾਂ ਦੀ ਸ਼ਖਸ਼ੀਅਤ ਸਬੰਧੀ ਭਾਈ ਗੁਰਦਾਸ ਜੀ ਨੇ 'ਬਡ ਜੋਧਾ ਬਹੁ ਪਰਉਪਕਾਰੀ' ਲਿਖਿਆ ਹੈ। ਇਸ ਪ੍ਰਕਾਰ ਬਹੁ ਪਰਉਪਕਾਰੀ ਸਤਿਗੁਰੂ ਨੇ ਸਮੂੰਹ ਧਰਮਾਂ ਦਾ ਸਤਿਕਾਰ ਕਰਦਿਆਂ ਮਨੁੱਖਤਾ ਨੂੰ ਜੀਵਨ ਜੀਣ ਦੀ ਜਾਚ ਸਿਖਾਈ।

*(ਪੰਨਾ 12 ਦੀ ਬਾਕੀ)*

ਇਸ ਜੀਵ ਦੇ ਮਨ ਨੂੰ ਹਰ ਵਕਤ ਪੀੜਤ ਰਖਦੇ ਹਨ। ਜਦੋਂ ਸਤਿਸੰਗ ਵਿਚ ਜਾ ਕੇ ਇਸ ਨੂੰ ਸੋਝੀ ਆਉਂਦੀ ਹੈ ਕਿ ਵਾਹਿਗੁਰੂ ਜੀ ਤਾਂ ਸਦਾ-ਸਦਾ ਦਿਆਲ ਹਨ ਉਨ੍ਹਾਂ ਦਾ ਭਜਨ ਕਰਨ ਨਾਲ ਸਾਰੇ ਡਰ ਖਤਮ ਹੋ ਜਾਂਦੇ ਹਨ ਅਤੇ ਇਹ ਮਨੋ ਤਨੋ ਇਕਾਗਰ ਹੋ ਕੇ ਸ਼ਰਧਾ ਭਾਵਨਾ ਦੇ ਨਾਲ ਜਦੋਂ ਪ੍ਰਭੂ ਨੂੰ ਪਿਆਰ ਕਰਦਾ ਹੈ, ਉਸ ਵੇਲੇ ਇਸ ਦੇ ਡਰ ਖਤਮ ਹੋ ਜਾਂਦੇ ਹਨ। ਜਦੋਂ ਇਹ ਨਾਮ ਜਪ ਕੇ ਮੌਤ ਦਾ ਪਰਲਾ ਕੰਢਾ ਦੇਖ ਲੈਂਦਾ ਹੈ, ਉਸ ਵੇਲੇ ਇਸ ਨੂੰ ਮਰਨ ਦਾ ਵੀ ਡਰ ਨਹੀਂ ਰਹਿੰਦਾ ਜਿਵੇਂ ਕਿ ਫੁਰਮਾਨ ਹੈ -

***ਕਬੀਰ ਜਿਸੁ ਮਰਨੇ ਤੇ ਜਗੁ ਡਰੈ***
***ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***

***ਅੰਗ - ੧੩੬੫***

ਜੋ ਹੁਕਮ ਅਨੁਸਾਰ ਹੋਣਾ ਹੈ, ਉਹ ਹੋ ਕੇ ਹੀ ਰਹੇਗਾ। ਮੇਰਾ ਰੋਕਿਆ ਰੁਕਣਾ ਨਹੀਂ, ਮੇਰੀ ਗੱਲਬਾਤ, ਸੋਚ, ਵਿਚਾਰ ਸਾਰੇ ਹੁਕਮ ਅਧੀਨ ਹਨ, ਮੇਰੇ ਉਦਮ ਭੀ ਹੁਕਮ ਅਧੀਨ ਹਨ। ਡਰ ਦੀ ਲੋੜ ਨਹੀਂ। ਹੁਕਮ ਬੁਝਣ ਦੀ ਲੋੜ ਹੈ।

ਇਸ ਪੁਸਤਕ ਵਿਚ ਅਨੇਕ ਪ੍ਰਮਾਣ ਦੇ ਕੇ ਵਿਚਾਰ ਕੀਤੀ ਗਈ ਹੈ ਕਿ ਵਾਹਿਗੁਰੂ ਦੇ ਮਾਰਗ ਤੇ ਚੱਲਣ ਦੀਆਂ ਜੋ ਰੁਕਾਵਟਾਂ ਹਨ, ਉਹ ਦੁੱਖ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਅਨੇਕ ਕਿਸਮ ਦੇ ਵਿਸ਼ੇ, ਅਨੇਕ ਕਿਸਮ ਦੇ ਰਸ ਅਤੇ ਅਨੇਕ ਕਿਸਮ ਦੇ ਭੋਗ ਹਨ। ਕਰਮ ਧਰਮ ਸਭ ਬੰਧਨ ਹਨ, ਆਸਾ ਤੇ ਅੰਦੇਸਾ ਦੇ ਬਜਰ ਕਪਾਟ ਗੁਰੂ ਤੋਂ ਕੁੰਜੀ ਲਏ ਬਗੈਰ ਨਹੀਂ ਖੁਲ੍ਹ ਸਕਦੇ। ਗੁਰੂ ਪਾਸ ਕੁੰਜੀ ਹਰੀ ਨਾਮ ਦੀ ਹੈ। ਨਾਮ ਜਪ ਕੇ, ਨਾਮ ਨਾਲ ਪਿਆਰ ਪਾ ਕੇ ਇਹ ਦਰਵਾਜ਼ਾ ਵੀ ਖੁਲ੍ਹ ਜਾਇਆ ਕਰਦਾ ਹੈ। ਹੁਣ ਇਸ ਤੋਂ ਅੱਗੇ ਜੋ ਰਸਤਾ ਹੈ ਉਹ ਵੀ ਬਹੁਤ ਭਿਆਨਕ ਹੈ। ਇਸ ਵਿਚ ਅਸਾਡਾ ਵਾਹ ਮਾਇਆ ਨਾਲ ਪੈਂਦਾ ਹੈ। ਮਾਇਆ ਦੀ ਖਾਈ ਜਲ ਹਾਂਡੇ ਬਹੁਤ ਡੂੰਘੀ ਹੈ, ਇਸ ਨੂੰ ਤਰਨਾ ਬਹੁਤ ਹੀ ਮੁਸ਼ਕਲ ਹੈ। ਜਿਉਂਦੇ ਮਰਨਾ ਪੈਂਦਾ ਹੈ, ਫੇਰ ਸੱਚਾ ਜੀਵਨ ਪ੍ਰਾਪਤ ਹੋ ਕੇ ਤਰ ਹੁੰਦਾ ਹੈ। ਜਦੋਂ ਸਤਿਪੁਰਸ਼ਾਂ ਨਾਲ ਮਿਲ ਕੇ ਮਾਇਆ ਦੀ ਪਾਈ ਹੋਈ ਭੁੱਲ ਉਪਰ ਨਾਮ ਜਪ ਦਾ ਪੁਲ ਬਣਾ ਲੈਂਦਾ ਹੈ ਤਾਂ ਸਤਿ ਦੇ ਆਸਣ ਉਤੇ ਬਿਰਾਜਮਾਨ ਪ੍ਰਭੂ ਨਾਲ ਇਸ ਦਾ ਸੰਪਰਕ ਸੁਖਾਲਾ ਹੋ ਜਾਂਦਾ ਹੈ। ਇਹ ਵਿਚਾਰ ਇਸੇ ਲੜੀ ਦੀ ਦੂਸਰੀ ਪੁਸਤਕ ਵਿਚ ਯਥਾਸ਼ਕਤ ਵਾਹਿਗੁਰੂ ਜੀ ਦੀ ਪ੍ਰੇਰਨਾ ਨਾਲ ਕੀਤੇ ਜਾਣ ਦੀ ਆਸ ਹੈ।

# ਸ਼ਹੀਦ ਭਾਈ ਮਨੀ ਸਿੰਘ ਜੀ

*ਭਾਈ ਸਾਹਿਬ ਭਾਈ ਗਿਆਨੀ ਪਿੰਦਰਪਾਲ ਸਿੰਘ*

ਗੁਰਮੁਖੋ! ਜਦੋਂ ਅਸੀਂ ਬੰਦ-ਬੰਦ ਕਟਾਉਣ ਵਾਲੀ ਗੱਲ ਵਾਲੇ ਪਾਸੇ ਜਾਂਦੇ ਹਾਂ ਤਾਂ ਉਸ ਵੇਲੇ ਬੰਦ-ਬੰਦ ਕਟਾਉਣ ਵਾਲਿਆਂ ਵਿਚ ਸਾਨੂੰ ਸਭ ਤੋਂ ਮੋਹਰੀ ਸਤਿਕਾਰਯੋਗ ਭਾਈ ਸਾਹਿਬ ਭਾਈ ਮਨੀ ਸਿੰਘ ਦਿਸਦੇ ਹਨ। ਕੇਵਲ ਭਾਈ ਮਨੀ ਸਿੰਘ ਜੀ ਹੀ ਐਸੇ ਸਨ ਜਿਹੜੇ ਗੁਰੂ ਦੇ ਗ੍ਰੰਥੀ ਵੀ ਸਨ, ਗੁਰੂ ਦੀ ਬਾਣੀ ਦੀ ਵਿਆਖਿਆ ਵੀ ਕਰਨ ਵਾਲੇ ਸਨ, ਜਿਹੜੇ ਸੁਚੱਜੇ ਪ੍ਰਬੰਧਕ ਵੀ ਸਨ ਤੇ ਸਮਾਂ ਆਉਣ 'ਤੇ ਕੌਮ ਦੀ ਅਗਵਾਈ ਵੀ ਕਰਦੇ ਸਨ ਤੇ ਗੁਰੂ ਦੀ ਸੇਵਾ ਵਿਚ ਭਿੱਜੇ ਹੋਏ ਸਨ। ਦਾਤਾਰ ਜੀ ਨੇ ਸੇਵਕ ਦੀ ਪਰਿਭਾਸ਼ਾ ਦਿਤੀ ਹੈ। ਸਾਹਿਬ ਫੁਰਮਾਉਂਦੇ ਹਨ -

*ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥*
*ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ ॥*
*ਅੰਗ- ੧੨੪੭*

ਕਹਿਣ ਨੂੰ ਭਾਵੇਂ ਜਿੰਨੇ ਮਰਜ਼ੀ ਇਨਸਾਨ ਸ਼ਬਦ ਵਰਤੀ ਜਾਏ ਆਪਣੇ ਲਈ ਸੇਵਕ ਦਾ, ਦਾਸ ਦਾ, ਪਰ ਗੁਰਮਤਿ ਨੇ ਸੇਵਕ ਕਿਸ ਨੂੰ ਮੰਨਿਆ ਹੈ?

ਜਿਹੜਾ ਆਪਣੇ ਸਿਰ ਨੂੰ ਗੁਰੂ ਦੇ ਚਰਨਾਂ ਵਿਚ ਭੇਟ ਕਰ ਦੇਵੇ ਤੇ ਨਾਲ ਹੀ ਬਚਨ ਕੀਤਾ -

*ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ ॥*
*ਅੰਗ- ੧੨੪੭*

ਗੁਰੂ ਦੇ ਭਾਣੇ ਨੂੰ ਸਤਿ ਕਰਕੇ ਮੰਨੇ ਤੇ ਸ਼ਬਦ ਨੂੰ ਆਪਣੇ ਹਿਰਦੇ ਵਿਚ ਦ੍ਰਿੜ੍ਹ ਕਰਕੇ ਰੱਖੇ। ਸਾਹਿਬ ਨੂੰ ਪੁੱਛਿਆ ਗਿਆ ਕਿ ਮਹਾਰਾਜ! ਕੀ ਗੁਰੂ ਦਾ ਸੇਵਕ ਦੌਲਤ ਨਾਲ ਜਾਂ ਗੁਰੂ ਦਾ ਸੇਵਕ ਬਾਹਰਮੁੱਖੀ ਪਦਾਰਥਾਂ ਨਾਲ ਬਣਿਆ ਜਾਂਦਾ ਹੈ? ਸਾਹਿਬ ਕਹਿਣ ਲੱਗੇ, ਇਹ ਤਾਂ ਸਮਰੱਥ ਸਤਿਗੁਰੂ ਹੈ, ਜਿਨ੍ਹਾਂ ਦੇ ਚਰਨਾਂ ਵਿਚ ਤੂੰ ਸੇਵਕ ਬਣਨ ਆਉਂਦਾ ਹੈਂ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜਦੋਂ ਅਸੀਂ ਬਚਨ ਪੜ੍ਹਦੇ ਹਾਂ ਤਾਂ ਸਾਹਿਬ ਨੇ ਫੁਰਮਾਇਆ ਹੈ -

*ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥*
*ਅੰਗ - ੧੩੬੩*
*ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ ॥*
*ਅੰਗ - ੧੩੬੩*

ਰਾਵਣ ਕੋਈ ਗ਼ਰੀਬ ਸੀ, ਜਿਸ ਦੀ ਆਪਣੀ ਸੋਨੇ ਦੀ ਲੰਕਾ ਸੀ? ਕਹਿੰਦੇ ਹਨ, ਆਪਣਾ ਸਿਰ ਸ਼ਿਵਾ ਨੂੰ ਭੇਟ ਕਰਕੇ ਰਾਵਣ ਨੇ ਆਪਣੇ ਇਸ਼ਟ ਨੂੰ ਖੁਸ਼ ਕੀਤਾ ਸੀ। ਜਦੋਂ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੁਖਮਨੀ ਸਾਹਿਬ ਜੀ ਦੇ ਬਚਨ ਪੜ੍ਹੇ ਤਾਂ ਉਹਨਾਂ ਨੇ ਇਸ ਗੱਲ ਦਾ ਖੁਲਾਸਾ ਹੋਰ ਵੀ ਕਰ ਦਿਤਾ ਹੈ। ਜੇ ਕਿਸੇ ਨੇ ਸੇਵਕ ਬਣਨਾ ਹੋਵੇ ਤਾਂ ਪਹਿਲੀ ਗੱਲ, ਉਸ ਨੂੰ ਗੁਰੂ ਘਰ ਵਿਚ ਰਹਿਣਾ ਚਾਹੀਦਾ ਹੈ। ਗੁਰੂ ਘਰ ਦਾ ਮਤਲਬ ਇਹ ਨਹੀਂ ਕਿ ਅਸੀਂ ਗੁਰਦੁਆਰੇ ਦੀ ਚਾਰ ਦੀਵਾਰੀ ਵਿਚ ਰਹਿਣਾ ਹੈ। ਗੁਰੂ ਦੇ ਘਰ ਦਾ ਮਤਲਬ ਹੈ ਗੁਰੂ ਦੀ ਮਤ ਦੇ ਦਾਇਰੇ ਵਿਚ ਰਹਿਣਾ। ਜਿਹੜਾ ਗੁਰੂ ਦੇ ਘਰ ਵਿਚ ਰਹਿੰਦਾ ਹੈ, ਉਹ ਇਕ ਗੱਲ ਧਿਆਨ ਵਿਚ ਰੱਖੇ ਕਿ ਮੈਂ ਗੁਰੂ ਦੇ ਹਰ ਹੁਕਮ ਨੂੰ ਸਤਿ ਬਚਨ ਕਰਕੇ ਮੰਨਣਾ ਹੈ। ਉਸ ਦੇ ਅੱਗੇ ਕੋਈ ਦਲੀਲ ਨਹੀਂ -

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥*
*ਗੁਰ ਕੀ ਆਗਿਆ ਮਨ ਮਹਿ ਸਹੈ ॥*
*ਆਪਸ ਕਉ ਕਰਿ ਕਛੁ ਨ ਜਨਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*
*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ - ੨੮੬*

ਆਪਣਾ ਮਨ ਹੀ ਗੁਰੂ ਨੂੰ ਦੇ ਦੇਵੇ। ਇਹੋ ਜਿਹਾ ਸੇਵਕ ਜੇਕਰ ਸੇਵਾ ਕਰਦਾ ਹੈ ਤਾਂ ਸ਼ਰਤ ਲਾ ਕੇ ਸੇਵਾ ਨਹੀਂ ਕਰਦਾ। ਉਸ ਦੀ ਬਿਰਤੀ ਹੁੰਦੀ ਹੈ-

*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥ ਅੰਗ - ੨੮੬*

ਭਾਈ ਸਾਹਿਬ ਭਾਈ ਮਨੀ ਸਿੰਘ ਜੀ 90 ਸਾਲ ਇਸ ਸੰਸਾਰ ਉਪਰ ਜੀਅ ਕੇ ਗਏ ਹਨ। 77 ਸਾਲ ਉਹਨਾਂ ਦੇ ਗੁਰੂ ਘਰ ਦੀ ਸੇਵਾ ਕੀਤੀ। 13 ਸਾਲ ਦੀ ਉਮਰ ਵਿਚ ਹਜ਼ੂਰ ਦੇ ਦਰ 'ਤੇ ਆਏ। ਭਾਈ ਮਨੀ ਸਿੰਘ ਜੀ ਦਾ ਜੀਵਨ ਜਦੋਂ ਅਸੀਂ ਪੜ੍ਹਦੇ ਹਾਂ ਤਾਂ ਪਿੰਡ ਅਲੀਪੁਰ, ਜ਼ਿਲ੍ਹਾ ਮੁਜ਼ੱਫਰਗੜ੍ਹ ਜੋ ਹੁਣ ਪਾਕਿਸਤਾਨ ਵਿਚ ਰਹਿ ਗਿਆ ਹੈ, ਇਥੇ ਭਾਈ ਮਨੀ ਸਿੰਘ ਜੀ ਦਾ ਜਨਮ ਹੋਇਆ ਹੈ। ਉਹਨਾਂ ਦਾ ਬਚਪਨ ਦਾ ਨਾਮ ਸੀ ਮਨੀ ਰਾਮ। ਪਿਆਰ ਨਾਲ

ਸਾਰੇ ਘਰ ਦੇ ਜੀਅ ਇਹਨਾਂ ਨੂੰ ਮਨੀਆ ਕਹਿ ਕੇ ਬੁਲਾਉਂਦੇ ਸਨ। ਇਹਨਾਂ ਦੇ ਪਿਤਾ ਜੀ ਦਾ ਨਾਮ ਸੀ ਭਾਈ ਮਾਈ ਦਾਸ। ਇਹਨਾਂ ਦੀ ਮਾਤਾ ਦਾ ਨਾਮ ਸੀ ਬੀਬੀ ਮਥਰਾ ਬਾਈ। ਭਾਈ ਮਨੀ ਸਿੰਘ ਜੀ ਦਾ ਪਰਿਵਾਰ ਧੰਨ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ ਦਾ ਸ਼ਰਧਾਲੂ ਬਣਿਆ ਸੀ। ਮੇਰੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਗੁਰੂ ਹਰਿਰਾਇ ਜੀ ਗੁਰੱਤਾ ਗੱਦੀ 'ਤੇ ਬਿਰਾਜਮਾਨ ਹੋਏ ਸਨ।

ਗੁਰੂ ਹਰਿਰਾਇ ਸਾਹਿਬ ਕੀਰਤਪੁਰ ਸਾਹਿਬ ਦੀ ਧਰਤੀ 'ਤੇ ਹਨ। ਭਾਈ ਮਨੀ ਸਿੰਘ ਜੀ ਦੇ ਪਿਤਾ ਜੀ ਆਪਣੇ ਸਾਰੇ ਪੁੱਤਰਾਂ ਨੂੰ ਲੈ ਕੇ ਗੁਰੂ ਹਰਿਰਾਇ ਸਾਹਿਬ ਕੋਲ ਆਏ। ਭਾਈ ਮਨੀਆ ਨੇ 13 ਸਾਲ ਦੀ ਉਮਰ ਵਿਚ ਧੰਨ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨ ਕੀਤੇ। ਧੰਨ ਗੁਰੂ ਹਰਿਰਾਇ ਸਾਹਿਬ ਨੇ ਪੁੱਛ ਲਿਆ, ਮਾਈ ਦਾਸ! ਇਸ ਪੁੱਤਰ ਦਾ ਨਾਮ ਕੀ ਹੈ? ਭਾਈ ਮਾਈ ਦਾਸ ਕਹਿੰਦੇ ਹਨ, ਦਾਤਾ! ਇਸ ਦਾ ਨਾਮ ਹੈ ਮਨੀਆ। ਸਤਿਗੁਰੂ ਕਹਿਣ ਲੱਗੇ-

*ਮਨੀਆ ਗੁਨੀਆ ਬੀਚ ਹੋਵੇ ਜਗ ਮਾਹੀਂ।*

ਕਹਿਣ ਲੱਗੇ, ਕੇਵਲ ਮਨੀਆ ਨਹੀਂ, ਇਹ ਇੰਨਾ ਗੁਣਵਾਨ ਹੋਵੇਗਾ ਕਿ ਇਕ ਤਾਂ ਇਹ ਮਨੀ ਦੀ ਤਰ੍ਹਾਂ ਚਮਕੇਗਾ ਤੇ ਦੂਜਾ ਇਸ ਦੇ ਜੀਵਨ ਤੇ ਇਸ ਦੇ ਗੁਣਾਂ ਨੂੰ ਚੇਤੇ ਕਰ-ਕਰ ਕੇ ਲੋਕੀਂ ਇਸ ਨੂੰ ਨਮਸ਼ਕਾਰ ਕਰਨਗੇ।

ਭਾਈ ਮਨੀਏ ਨੇ 13 ਸਾਲ ਦੀ ਉਮਰ ਵਿਚ ਪਹਿਲੀ ਸੇਵਾ ਬਾਣੀ ਪੜ੍ਹਨ ਦੀ ਕੀਤੀ ਤੇ ਦੂਜੀ ਸੇਵਾ ਇਹਨਾਂ ਨੇ ਕੀਤੀ ਗੁਰੂ ਹਰਿਰਾਇ ਸਾਹਿਬ ਦੇ ਵੇਲੇ ਭਾਂਡੇ ਮਾਂਜਣ ਦੀ। ਇਕ ਦਿਨ ਹਜ਼ੂਰ ਨੇ ਭਾਈ ਜੀ ਨੂੰ ਭਾਂਡੇ ਮਾਂਜਦਿਆਂ ਦੇਖਿਆ ਤਾਂ ਭਾਈ ਮਨੀਆ ਨਮਸ਼ਕਾਰ ਕਰਨ ਲੱਗਾ। ਕੋਲ ਖਲੋ ਕੇ ਗੁਰਦੇਵ ਨੇ ਕਿਹਾ, ਮਨੀ ਰਾਮ! ਜਿਵੇਂ ਭਾਂਡੇ ਚੰਗੀ ਨੀਅਤ ਦੇ ਨਾਲ ਮਾਂਜੀਦੇ ਹਨ, ਇਵੇਂ ਗੁਰੂ ਕ੍ਰਿਪਾ ਕਰੇ ਤਾਂ ਉਹ ਅੰਦਰੋਂ ਮਨ ਨੂੰ ਵੀ ਮਾਂਜ ਦਿੰਦਾ ਹੈ। ਜੇ ਮਨ ਮਾਂਜਿਆ ਜਾਏ ਤਾਂ ਚੇਤੇ ਰੱਖੀਂ, ਅੰਦਰ ਗੁਰੂ ਦੀ ਮੂਰਤ ਵਸ ਜਾਂਦੀ ਹੈ। ਇਸ ਨੂੰ ਸਾਹਿਬ ਨੇ ਕਿਹਾ ਸੀ -

*ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥*
*ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥*
*ਏਤੁ ਦੁਆਰੈ ਧੋਇ ਹਛਾ ਹੋਇਸੀ ॥* *ਅੰਗ- ੭੩੦*

ਗੁਰੂ ਹਰਿਰਾਇ ਸਾਹਿਬ ਦੇ ਵੇਲੇ ਭਾਈ ਮਨੀ ਸਿੰਘ ਜੀ ਨੇ ਦੋ ਸਾਲ ਸੇਵਾ ਕੀਤੀ ਹੈ। ਜਦੋਂ 15 ਸਾਲ ਦੇ ਹੋਏ ਤਾਂ ਪਿਤਾ ਮਾਈ ਦਾਸ ਜੀ ਆਏ। ਗੁਰੂ ਹਰਿਰਾਇ ਸਾਹਿਬ ਕੋਲੋਂ ਆਗਿਆ ਮੰਗੀ, ਦਾਤਾ! ਇਸ ਮਨੀਰਾਮ ਦਾ ਅਸੀਂ ਵਿਆਹ ਕਰਨਾ ਚਾਹੁੰਦੇ ਹਾਂ। ਭਾਈ ਸਾਹਿਬ ਦਾ ਵਿਆਹ ਬੀਬੀ ਸੀਤੋ ਬਾਈ ਨਾਲ ਹੋਇਆ। ਇਹ ਉਸ ਲੱਖੀ ਸ਼ਾਹ ਵਣਜਾਰੇ ਦੀ ਬੱਚੀ ਹੈ, ਜਿਸ ਨੇ ਮੇਰੇ ਗੁਰੂ ਤੇਗ਼ ਬਹਾਦਰ ਜੀ ਦੇ ਧੜ ਦਾ ਸਸਕਾਰ ਆਪਣੇ ਘਰ ਨੂੰ ਅੱਗ ਲਾ ਕੇ ਕੀਤਾ ਸੀ।

ਧੰਨ ਗੁਰੂ ਹਰਿਰਾਇ ਸਾਹਿਬ ਦੇ ਕੋਲ ਵਿਆਹ ਤੋਂ ਬਾਅਦ ਭਾਈ ਜੀ ਕੀਰਤਪੁਰ ਸਾਹਿਬ ਦੀ ਧਰਤੀ 'ਤੇ ਆਏ। ਧੰਨ ਗੁਰੂ ਹਰਿਰਾਇ ਸਾਹਿਬ ਜੀ ਨੇ ਜਦੋਂ ਪ੍ਰਭਪੁਰ ਪਿਆਨਾ ਕੀਤਾ ਤਾਂ ਆਪਣੀ ਜੋਤ ਆਪਣੇ ਛੋਟੇ ਸਪੁੱਤਰ ਗੁਰੂ ਹਰਿਕ੍ਰਿਸ਼ਨ ਸਾਹਿਬ ਅੰਦਰ ਟਿਕਾਈ ਤਾਂ ਭਾਈ ਮਨੀ ਰਾਮ ਉਸ ਵੇਲੇ ਧਮਨ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਸਨ। ਕਈ ਸਾਲ ਇਥੇ ਸੇਵਾ ਕਰਦੇ ਰਹੇ। ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਕੀਰਤਪੁਰ ਸਾਹਿਬ ਦੀ ਧਰਤੀ ਤੋਂ ਦਿੱਲੀ ਗਏ ਹਨ ਤਾਂ ਭਾਈ ਮਨੀ ਰਾਮ ਜੀ ਉਹਨਾਂ ਸਿੱਖਾਂ ਵਿਚੋਂ ਸਨ, ਜਿਹੜੇ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਨਾਲ ਦਿੱਲੀ ਰਾਜਾ ਜੈ ਸਿੰਘ ਤੇ ਸੰਗਤ ਤੇ ਕਹਿਣ 'ਤੇ ਪਹੁੰਚੇ।

ਭਾਈ ਮਨੀ ਰਾਮ ਦਾ ਜਨਮ 1644 ਨੂੰ ਹੋਇਆ। ਜਿੰਨਾਂ ਸਮਾਂ ਸਤਿਗੁਰੂ ਦਿੱਲੀ ਰਹੇ, ਓਨਾਂ ਸਮਾਂ ਭਾਈ ਮਨੀ ਰਾਮ ਉਥੇ ਰਹੇ। ਉਹਨਾਂ ਨੇ ਆਪਣਾ ਨੇਮ ਨਹੀਂ ਛੱਡਿਆ। ਉਹਨਾਂ ਦਾ ਨੇਮ ਸੀ ਕਿ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ। ਕਿੰਨਾ ਹੀ ਸਮਾਂ ਚੌਂਕੜਾ ਮਾਰ ਕੇ ਬੈਠ ਕੇ ਅਭਿਆਸ ਕਰਨਾ। ਇਸ ਤੋਂ ਬਾਅਦ ਗੁਰੂ ਦੀ ਬਾਣੀ ਵਿਚ ਤਤਪਰ ਰਹਿਣਾ। ਜਦੋਂ ਹਜ਼ੂਰ ਨੇ 1664 ਨੂੰ ਆਪਣੇ ਚੋਲੇ ਨੂੰ ਤਿਆਗਿਆ ਤਾਂ ਧੰਨ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਰਸਨਾ ਵਿਚ ਇਹ ਸ਼ਬਦ ਸਨ -

*ਬਾਬਾ ਬਸੇ ਗਰਾਮ ਬਕਾਲੇ॥*
*ਬਨ ਗੁਰ ਸੰਗਤ ਸਗਲ ਸੰਭਾਲੇ॥*

ਬਾਬਾ ਬਕਾਲੇ ਦੀ ਧਰਤੀ 'ਤੇ ਰਹਿੰਦਾ ਹੈ। ਗੁਰੂ ਬਣ ਕੇ ਸੰਗਤ ਦੀ ਸੰਭਾਲ ਕਰੇਗਾ।

ਭਾਈ ਮਨੀ ਰਾਮ ਮਾਤਾ ਸੁਲੱਖਣੀ ਜੀ ਨੂੰ ਲੈ ਕੇ ਦਿੱਲੀ ਦੀ ਧਰਤੀ ਤੋਂ ਕੀਰਤਪੁਰ ਸਾਹਿਬ ਆਏ

ਹਨ। ਪਰਤ ਕੇ ਬਾਬਾ ਬਕਾਲਾ ਸਾਹਿਬ ਦੀ ਧਰਤੀ 'ਤੇ ਆਏ। ਜਦੋਂ ਗੁਰੂ ਤੇਗ਼ ਬਹਾਦਰ ਜੀ ਪ੍ਰਗਟ ਹੋਏ ਤਾਂ ਭਾਈ ਮਨੀ ਰਾਮ ਨੇ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੇਵਾ ਵਿਚ ਆਪਣੇ ਆਪ ਨੂੰ ਸਮਰਪਿਤ ਕਰ ਦਿਤਾ। ਇਥੋਂ ਕੁਝ ਸਮਾਂ ਭਾਈ ਸਾਹਿਬ ਫਿਰ ਆਪਣੇ ਪਰਿਵਾਰ ਵਿਚ ਵਾਪਿਸ ਚਲੇ ਗਏ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਬਿਰਾਜਮਾਨ ਹੋਏ ਹਨ ਤਾਂ ਭਾਈ ਮਨੀ ਰਾਮ ਜੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਆਏ। ਇਥੇ ਉਹਨਾਂ ਨੇ ਸੇਵਾ ਸ਼ੁਰੂ ਕਰ ਦਿਤੀ। ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਿੱਲੀ ਜਾਣ ਲੱਗੇ ਤਾਂ ਉਹਨਾਂ ਨੇ ਭਾਈ ਮਨੀ ਰਾਮ ਜੀ ਨੂੰ ਕਿਹਾ ਕਿ ਤੁਸੀਂ ਗੋਬਿੰਦ ਰਾਏ ਕੋਲ ਰਹੋਗੇ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਹੋਈ। ਗਿਆਨੀ ਗਿਆਨ ਸਿੰਘ ਨੇ ਭਾਈ ਮਨੀ ਰਾਮ ਦੀ ਗਿਣਤੀ 52 ਕਵੀਆਂ ਵਿਚ ਕੀਤੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਪਾਉਂਟਾ ਸਾਹਿਬ ਗਏ। ਸਾਹਿਬ ਜਮਨਾ ਨਦੀ ਵਲ ਧਿਆਨ ਕਰਕੇ ਅਕਾਲ ਦੀ ਉਸਤਤ ਵਿਚ ਜੁੜੇ ਤੇ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਕਿਹਾ ਕਿ ਜੋ ਅਸੀਂ ਰਚਨਾ ਤੋਂ ਉਚਾਰੀਏ, ਆਪਣੀ ਕਲਮ ਨਾਲ ਲਿਖੀ ਜਾਣਾ ਹੈ। ਹਜ਼ੂਰ ਨੇ ਕਿਹਾ -

*ਜਿਮੀ ਤੁਹੀ॥ ਜਮਾ ਤੁਹੀ॥ ਮਕੀ ਤੁਹੀ॥*
*ਮਕਾ ਤੁਹੀ॥ ਅਭੂ ਤੁਹੀ॥ ਅਭੈ ਤੁਹੀ॥*
*ਅਛੂ ਤੁਹੀ॥ ਅਛੈ ਤੁਹੀ॥ ਜਤਸ ਤੁਹੀ॥*
*ਬ੍ਰਤਸ ਤੁਹੀ॥ ਗਤਸ ਤੁਹੀ॥ ਮਤਸ ਤੁਹੀ॥*
*ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥*
*ਤੁਹੀ॥ ਤੁਹੀ॥ ਤੁਹੀ ਤੁਹੀ॥*

ਡਾਕਟਰ ਤਾਰਨ ਸਿੰਘ ਕਹਿੰਦੇ ਹਨ ਕਿ ਛੇ ਘੰਟੇ ਤੂੰਹੀ ਤੂੰਹੀ ਪੁਕਾਰਦੇ ਰਹੇ। ਭਾਈ ਸਾਹਿਬ ਨੇ 16 ਹਜ਼ਾਰ ਵਾਰੀ ਲਿਖਿਆ ਹੈ।

ਸਮੇਂ ਨੇ ਕਰਵਟ ਲਈ। ਸਤਿਗੁਰੂ ਨੇ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਅੰਮ੍ਰਿਤ ਦੀ ਦਾਤ ਦਿਤੀ। ਭਾਈ ਮਨੀ ਸਿੰਘ ਨੇ 30 ਮਾਰਚ 1699 ਨੂੰ ਗੁਰੂ ਜੀ ਦੇ ਪਵਿੱਤਰ ਕਰ ਕਮਲਾਂ 'ਚੋਂ ਅੰਮ੍ਰਿਤ ਦੀ ਦਾਤ ਲਈ। ਭਾਈ ਮਨੀ ਰਾਮ ਤੋਂ ਅੱਜ ਭਾਈ ਮਨੀ ਸਿੰਘ ਬਣ ਗਏ। ਭਾਈ ਮਨੀ ਸਿੰਘ ਅੰਮ੍ਰਿਤਸਰ ਸਾਹਿਬ ਟਿਕੇ ਰਹੇ। ਭਾਈ ਮਨੀ ਸਿੰਘ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਦੀ ਕਥਾ ਵੀ ਕਰਦੇ ਸਨ। ਹਰਿਮੰਦਰ ਸਾਹਿਬ ਦੇ ਅੰਦਰ ਭਾਈ ਸਾਹਿਬ ਨੇ ਕੀਰਤਨ ਦੇ ਅਰਦਾਸੀਏ ਨਿਯੁਕਤ ਕੀਤੇ। ਇੰਨੀ ਸੇਵਾ ਤੋਂ ਬਾਅਦ ਮੇਰੇ ਕਲਗੀਧਰ ਜੀ ਨੇ ਇਹ ਹੁਕਮ ਲਿਖਿਆ। ਕਹਿਣ ਲੱਗੇ -

ੴ ਵਾਹਿਗੁਰੂ ਜੀ ਕੀ ਫਤਹਿ।

*ਸਤਿਗੁਰੂ ਜੀ ਕੀ ਆਗਿਆ ਹੈ।*

ਪੰਜ ਪੁੱਤਰਾਂ ਦਾ ਨਾਮ ਲਿਖਿਆ ਹੈ। ਕਹਿੰਦੇ ਹਨ -

ਭਾਈ ਬਚਿੱਤਰ ਸਿੰਘ ਜੀ, ਭਾਈ ਉਦੈ ਸਿੰਘ ਜੀ, ਭਾਈ ਅਨਕ ਸਿੰਘ ਜੀ, ਭਾਈ ਅਦਬ ਸਿੰਘ ਜੀ, ਭਾਈ ਅਜੇਤ ਸਿੰਘ ਜੀ, ਭਾਈ ਮਨੀ ਸਿੰਘ ਜੀ, ਤੁਹਾਡੀ ਸ਼ਰਮ ਵਾਹਿਗੁਰੂ ਰੱਖੇਗਾ।

ਹੁਣ ਅਗਲੀਆ ਤੁੱਕਾਂ ਕਦੀ ਪੜ੍ਹਿਉ। ਲਿਖਦੇ ਹਨ ਇਸ ਪਰਿਵਾਰ ਨੂੰ ਕਿ -

ਤੁਸੀਂ ਮੇਰੇ ਫਰਜ਼ੰਦੇ ਪੁੱਤਰ ਹੋ। ਤੁਹਾਡੇ ਉਪਰ ਮੇਰੀ ਬੇਅੰਰ ਖੁਸ਼ੀ ਹੈ। ਤੁਸੀਂ ਸਾਰੇ ਵਰਤਾਰੇ ਦੇ ਮਹਿਰਮ ਹੋ।

ਮਹਿਰਮ ਦਾ ਅਰਥ ਹੁੰਦਾ ਹੈ ਭੇਦੀ। ਭਾਈ ਮਨੀ ਸਿੰਘ ਜੀ ਦੇ ਪਰਿਵਾਰ ਨੂੰ ਕਹਿਣ ਲੱਗੇ ਕਿ ਤੇਰੇ ਮੇਰੇ ਪਰਿਵਾਰ ਵਿਚ ਕੋਈ ਅੰਤਰ ਨਹੀਂ, ਤੂੰ ਮੇਰੇ ਪਰਿਵਾਰ ਦਾ ਜਾਣਕਾਰ ਹੈਂ।

ਗੁਰੂ ਕਲਗੀਧਰ ਸਾਹਿਬ ਨੇ ਜਦੋਂ ਅਨੰਦਪੁਰ ਸਾਹਿਬ ਦੀ ਧਰਤੀ ਛੱਡੀ ਤਾਂ ਉਦੋਂ ਭਾਈ ਮਨੀ ਸਿੰਘ ਜੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਬਿਰਾਜਮਾਨ ਸਨ। ਹਜ਼ੂਰ ਚਮਕੌਰ ਗਏ ਹਨ। ਭਾਈ ਮਨੀ ਸਿੰਘ ਜੀ ਗੁਰੂ ਦੇ ਮਹਿਲਾਂ ਦੇ ਨਾਲ ਦਿੱਲੀ ਦੀ ਧਰਤੀ ਨੂੰ ਚਲੇ ਗਏ। ਜਦੋਂ ਮੇਰੇ ਸਾਹਿਬ ਸਾਰੇ ਕੌਤਕ ਵਰਤਾ ਕੇ ਦਮਦਮਾ ਸਾਹਿਬ ਦੀ ਧਰਤੀ 'ਤੇ ਆਏ ਤਾਂ ਇਥੇ ਭਾਈ ਮਨੀ ਸਿੰਘ ਜੀ ਮਾਤਾਵਾਂ ਦੇ ਨਾਲ ਦਿੱਲੀ ਤੋਂ ਦਮਦਮਾ ਸਾਹਿਬ ਦੀ ਧਰਤੀ 'ਤੇ ਆਏ। ਇਥੇ ਹਜ਼ੂਰ ਦੇ ਦਰਸ਼ਨ ਕੀਤੇ। ਪਰਤ ਕੇ ਭਾਈ ਸਾਹਿਬ ਦਿੱਲੀ ਪਹੁੰਚੇ। ਉਸ ਸਮੇਂ ਬੰਦਾ ਸਿੰਘ ਬਹਾਦਰ ਨੇ ਸਰਹੰਦ 'ਤੇ ਹਮਲੇ ਕੀਤੇ। ਸਾਢੌਰੇ ਨੂੰ ਗਰਕ ਕੀਤਾ ਅਤੇ ਸਮਾਣੇ ਨੂੰ ਸਜ਼ਾਵਾਂ ਦਿਤੀਆਂ।

ਬਾਬਾ ਜੀ ਦੇ ਸਮੇਂ ਹਰਿਮੰਦਰ ਸਾਹਿਬ ਦੀ ਸੇਵਾ ਚਲਦੀ ਰਹੀ। ਪਰਤ ਕੇ ਜਦੋਂ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਹੋ ਗਈ ਤਾਂ ਸਿੱਖ ਦੋ ਹਿੱਸਿਆਂ ਵਿਚ ਵੰਡੇ ਗਏ। ਭਾਈ ਮਨੀ ਸਿੰਘ ਜੀ ਉਸ ਵੇਲੇ ਹਰਿਮੰਦਰ ਸਾਹਿਬ ਪਹੁੰਚੇ। ਉਹਨਾਂ ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲੀ ਤੇ ਹਰਿਮੰਦਰ ਸਾਹਿਬ ਦੀ ਸੇਵਾ ਨੂੰ ਵੀ ਸੰਭਾਲਿਆ। ਇੰਨਾ ਕੁ ਪ੍ਰਭਾਵਸ਼ਾਲੀ ਜੀਵਨ ਸੀ ਕਿ ਜਿਹੜਾ ਸਿੱਖ ਭਾਈ ਸਾਹਿਬ ਕੋਲ ਆਉਂਦਾ ਸੀ, ਪੱਥਰ ਤੋਂ ਪੱਥਰ

ਦਿਲ ਵੀ ਮੋਮ ਹੋ ਜਾਂਦੇ ਸਨ।

ਸਮਾਂ ਆ ਗਿਆ 1733 ਦਾ। ਉਸ ਵੇਲੇ ਕਈ ਸਾਲਾਂ ਤੋਂ ਹਕੂਮਤ ਨੇ ਦੀਵਾਲੀ ਅਤੇ ਵਿਸਾਖੀ ਦੇ ਇਕੱਠ 'ਤੇ ਪਾਬੰਦੀ ਲਾ ਦਿਤੀ ਸੀ। ਅਸਲ ਵਿਚ ਜਿਸ ਨੂੰ ਅਸੀਂ ਸਰਬੱਤ ਖਾਲਸਾ ਕਹਿੰਦੇ ਹਾਂ, ਇਸ ਦੀ ਸ਼ੁਰੂਆਤ ਧੰਨ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਦੀ ਧਰਤੀ 'ਤੇ ਭਾਈ ਪਾਰੋ ਪਰਮ ਹੰਸ ਦੇ ਕਹਿਣ 'ਤੇ ਸ਼ੁਰੂ ਕੀਤੀ ਕਿ ਦੀਵਾਲੀ ਤੇ ਵਿਸਾਖੀ ਨੂੰ ਥਾਂ-ਥਾਂ 'ਤੇ ਸਿੱਖ ਇਕੱਠੇ ਹੋਣਗੇ। ਭਾਈ ਸੁਬੇਗ ਸਿੰਘ ਲਾਹੌਰੀ ਨੂੰ ਵਿਚ ਪਾ ਕੇ ਕਿਹਾ ਕਿ ਜ਼ਕਰੀਆ ਖ਼ਾਂ ਨੂੰ ਕਹੋ ਕਿ ਸਾਨੂੰ ਇਕੱਠ ਦੀਵਾਲੀ ਦਾ ਕਰ ਲੈਣ ਦੇਵੇ। ਉਸ ਨੇ ਕਿਹਾ, ਇਕੱਠ ਕਰ ਲਉ, ਪਰ ਮੈਂ 10 ਹਜ਼ਾਰ ਰੁਪਈਆ ਲਵਾਂਗਾ। ਇਧਰ ਇਹਨਾਂ ਨੇ ਕਿਹਾ ਕਿ ਕੋਈ ਗੱਲ ਨਹੀਂ, ਸਿੱਖ ਕਈ-ਕਈ ਸਾਲਾਂ ਦੇ ਤਰਸਦੇ ਹਨ ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਨੂੰ, ਉਹ ਦਰਸ਼ਨ ਕਰ ਲੈਣਗੇ। ਇਧਰ ਇਹਨਾਂ ਨੇ ਸਹਿਮਤੀ ਪ੍ਰਗਟਾ ਦਿਤੀ।

ਲਖਪਤ ਰਾਏ, ਜਿਸ ਨੂੰ ਸਿੱਖ ਲੱਖੂ ਕਹਿੰਦੇ ਹਨ, ਇਸ ਨੇ ਜ਼ਕਰੀਆ ਖ਼ਾਂ ਨੂੰ ਕਿਹਾ ਸੀ ਕਿ ਇਸ ਤੋਂ ਚੰਗਾ ਸਮਾਂ ਤੁਹਾਨੂੰ ਰੱਬ ਨੇ ਕਦੀ ਨਹੀਂ ਦੇਣਾ। ਜਦੋਂ ਸਿੱਖ ਅੰਮ੍ਰਿਤਸਰ ਇਕੱਠੇ ਹੋਣ ਤਾ ਸਾਰਿਆਂ ਨੂੰ ਘੇਰ ਕੇ ਕਤਲ ਕਰ ਦਿਤਾ ਜਾਏ। ਜਦੋਂ ਇਹਨਾਂ ਦੀ ਨੀਅਤ ਦਾ ਪਤਾ ਲੱਗਾ ਭਾਈ ਮਨੀ ਸਿੰਘ ਜੀ ਨੂੰ ਤਾਂ ਉਸੇ ਵੇਲੇ ਉਹਨਾਂ ਹੁਕਮਨਾਮੇ ਭੇਜ ਦਿਤੇ ਕਿ ਕੋਈ ਸਿੱਖ ਅੰਮ੍ਰਿਤਸਰ ਨਾ ਆਏ। ਜਿਨ੍ਹਾਂ ਨੂੰ ਸੰਦੇਸ਼ ਨਾ ਮਿਲੇ, ਉਹ ਅੰਮ੍ਰਿਤਸਰ ਆਏ। ਉਹਨਾਂ 'ਤੇ ਹਮਲਾ ਕੀਤਾ ਗਿਆ। ਕਈ ਇਸ਼ਨਾਨ ਕਰਦੇ ਸ਼ਹੀਦ ਕਰ ਦਿਤੇ। ਕਈ ਰਾਹ ਵਿਚ ਆਉਂਦੇ ਸ਼ਹੀਦ ਕਰ ਦਿਤੇ। ਬਾਅਦ ਵਿਚ ਸਵਾਲ ਉਠਿਆ ਕਿ ਤੁਸੀਂ ਸਾਨੂੰ ਰੁਪਈਏ ਦਿਉ, ਜੋ ਕਹੇ ਸਨ। ਭਾਈ ਸਾਹਿਬ ਨੇ ਕਿਹਾ ਕਿ ਇਕੱਠ ਤਾਂ ਹੋਇਆ ਨਹੀਂ, ਰੁਪਈਏ ਕਾਹਦੇ?

ਭਾਈ ਮਨੀ ਸਿੰਘ ਜੀ ਹਕੂਮਤ ਦੀਆਂ ਅੱਖਾਂ ਵਿਚ ਇਸ ਕਰਕੇ ਰੜਕਦਾ ਸੀ ਕਿ ਜਿੱਥੇ ਉਹ ਖਲੋ ਜਾਂਦਾ ਸੀ, ਸਿੱਖ ਉਸ ਦੇ ਸਾਮ੍ਹਣੇ ਕੋਈ ਬੋਲਦਾ ਨਹੀਂ ਸੀ। ਹਕੂਮਤ ਨੂੰ ਪਤਾ ਹੈ ਕਿ ਸਿੱਖ ਕਿਸੇ ਵੇਲੇ ਵੀ ਸਾਡੇ ਉਪਰ ਹਮਲਾ ਕਰਕੇ ਸਾਡੇ ਕੋਲੋਂ ਰਾਜ ਭਾਗ ਖੋਹ ਸਕਦੇ ਹਨ। ਉਹਨਾਂ ਨੇ ਭਾਈ ਸਾਹਿਬ ਨੂੰ, ਇਹਨਾਂ ਦੇ ਦੋ ਪੁੱਤਰਾਂ ਨੂੰ ਤੇ ਦੋ ਸਿੱਖਾਂ ਨੂੰ ਫੜ ਕੇ ਅੰਮ੍ਰਿਸਰ ਦੀ ਧਰਤੀ ਤੋਂ ਲਾਹੌਰ ਲਿਆਂਦਾ। ਕਹਿਣ ਲੱਗੇ, ਦੇਖ ਜੇ ਤੂੰ ਮੁਸਲਮਾਨ ਹੋ ਜਾਏਂ ਤਾਂ ਤੈਨੂੰ ਸਭ ਕੁਝ ਬਖਸ਼ ਦੇਵਾਂਗੇ ਤੇ ਜੇ ਨਾ ਮੀਨਆ ਤਾਂ ਫਿਰ ਚੇਤੇ ਰੱਖੀਂ, ਮੌਤ ਤੇਰੇ ਸਾਹਮਣੇ ਖੜ੍ਹੀ ਹੈ। ਉਸ ਵੇਲੇ ਭਾਈ ਮਨੀ ਸਿੰਘ ਜੀ ਦੀ ਉਮਰ 90 ਸਾਲ ਹੋ ਚੁਕੀ ਸੀ। ਭਾਈ ਸਾਹਿਬ ਕਹਿਣ ਲੱਗੇ, ਇਕ ਜਨਮ ਨਹੀਂ, ਕਈ ਜਨਮ ਵੀ ਤੂੰ ਸਾਨੂੰ ਮਾਰਦਾ ਰਹੇਂ ਤਾਂ ਵੀ ਅਸੀਂ ਕਦੀ ਸਿੱਖੀ ਤੋਂ ਡੋਲਾਂਗੇ ਨਹੀਂ। ਉਸ ਸਮੇਂ ਕਾਜ਼ੀ ਨੇ ਫ਼ਤਵਾ ਕੀ ਦਿਤਾ? ਉਹ ਕਹਿੰਦਾ ਹੈ ਕਿ ਇਹਨਾਂ ਦੇ ਜਿੰਨੇ ਬੰਦ ਹਨ, ਉਹਨਾਂ ਨੂੰ ਇਕ-ਇਕ ਕਰਕੇ ਕੱਟਿਆ ਜਾਏ। ਭਾਈ ਮਨੀ ਸਿੰਘ ਜੀ ਦੇ ਚਿਹਰੇ 'ਤੇ ਕੋਈ ਮਾਯੂਸੀ ਨਹੀਂ। ਉਸ ਵੇਲੇ ਲਾਹੌਰੀ ਸਿੱਖ ਇਕੱਠੇ ਹੋਏ, ਉਹਨਾਂ ਪੰਜ ਹਜ਼ਾਰ ਦਮੜਾ ਲਿਆਂਦਾ ਕਿ ਭਾਈ ਸਾਹਿਬ ਨੂੰ ਛੱਡ ਦਿਉ। ਜਦੋਂ ਸਾਹਮਣੇ ਆਏ ਤਾਂ ਭਾਈ ਸਾਹਿਬ ਕਹਿਣ ਲੱਗੇ ਕਿ ਰੁਪਈਆ ਤਾਂ ਇਕ ਬਹਾਨਾ ਹੈ, ਅਸਲ ਵਿਚ ਇਹ ਮੈਨੂੰ ਖਤਮ ਕਰਨਾ ਚਾਹੁੰਦੇ ਹਨ। ਕਹਿੰਦੇ ਹਨ ਕਿ ਬੜਾ ਸਮਾਂ ਇਸ ਚਮੜੀ ਵਿਚ ਰਹਿ ਕੇ ਦੇਖ ਲਿਆ ਹੈ। ਇਹ ਚੰਮ ਦੇ ਵਪਾਰੀ ਆਏ ਹਨ ਤੇ ਲਾਹ ਕੇ ਚਮੜੀ ਮੈਂ ਇਨ੍ਹਾਂ ਦੇ ਮੱਥੇ ਮਾਰਨੀ ਹੈ। ਇਹ ਬੰਦ-ਬੰਦ ਕੱਟਣਗੇ ਅਤੇ ਮੈਂ ਸਰੀਰ ਵਿਚੋਂ ਨਿਕਲਦੇ ਬੰਦ-ਬੰਦ ਕੱਟਦਾ ਹੋਇਆ ਦੇਖਾਂਗਾ। ਪੁੱਛਿਆ ਕਿਉਂ? ਕਹਿਣ ਲੱਗੇ ਕਿ ਮੈਂ ਦੇਹ ਨਹੀਂ, ਮੈਂ ਦੇਹ ਨੂੰ ਤੱਕਣ ਵਾਲਾ ਹਾਂ। ਨਾਲੇ ਸ਼ਬਦ ਕਹੇ-

*ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥*
*ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥*
*ਅੰਗ- ੨੧੯*

ਉਥੇ ਇਕ ਵਿਦਵਾਨ ਨੇ ਬੜੇ ਸੋਹਣੇ ਸ਼ਬਦ ਕਹੇ ਹਨ। ਕਹਿੰਦੇ ਹਨ, 90 ਸਾਲ ਦਾ ਬਜ਼ੁਰਗ ਨਿਖਾਸ ਚੌਂਕ ਲਿਆਂਦਾ ਗਿਆ ਤੇ ਨਾਲ ਹੀ ਚਾਰ-ਚੁਫੇਰੇ ਡੌਂਡੀ ਪਿਟਵਾ ਦਿਤੀ ਕਿ ਅੱਜ ਭਾਈ ਮਨੀ ਸਿੰਘ ਦਾ ਬੰਦ-ਬੰਦ ਕੱਟਿਆ ਜਾਣਾ ਹੈ। ਮੁਸਲਮਾਨ ਵੀ ਆਏ। ਹਿੰਦੂ ਵੀ ਆਏ। ਜਦੋਂ ਜੱਲਾਦ ਬੰਦ-ਬੰਦ ਕੱਟਣ ਲੱਗਾ ਤਾਂ ਉਸ ਵੇਲੇ ਭਾਈ ਸਾਹਿਬ ਦੇ ਚਿਹਰੇ ਦੀ ਖੁਸ਼ੀ ਵੇਖਣ ਵਾਲੀ ਸੀ। ਉਥੇ ਇਕ ਅਦੀਬ ਨੇ ਸ਼ਬਦ ਲਿਖੇ ਹਨ। ਭਾਈ ਸਾਹਿਬ ਨੇ ਜੱਲਾਦ ਨੂੰ ਮੁਖ਼ਾਤਬ ਕਰਕੇ ਕਿਹਾ -

*ਅੰਗ ਅੰਗ 'ਤੇ ਮੇਰੇ ਤੂੰ ਐ ਕਾਤਲ ਖ਼ੰਜਰ ਜਦੋਂ ਚਲਾਏਂਗਾ।*
*ਕੱਟ ਕੱਟ ਕੇ ਬੰਦ ਤੂੰ ਮੇਰੇ ਧਰਤੀ 'ਤੇ ਜਦੋ ਵਿਛਾਏਂਗਾ।*
*ਦਰਦ ਪਿਆਲੇ ਭਰ ਭਰ ਕੇ*
*ਅਸੀਂ ਜਾਮ ਵਾਂਗ ਪੀ ਜਾਵਾਂਗੇ।*
*ਸੁਣ ਐ ਕਾਤਲ ਅਸੀਂ ਰਲ ਮਿਲ*
*ਦੋਵੇਂ ਅਜਬ ਤਮਾਸ਼ਾ ਲਾਵਾਂਗੇ।*

*(ਬਾਕੀ ਪੰਨਾ 54 'ਤੇ)*

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਚੀਫ ਐਡੀਟਰ, ਆਤਮ ਮਾਰਗ*

### *ਗੁਰਮੁਖਿ ਅੰਤਰਿ ਸਹਜੁ ਹੈ*

ਸਹਜ ਤੋਂ ਭਾਵ ਹੈ, ਆਤਮਕ ਅਡੋਲਤਾ, ਮਨ ਦੀ ਸਥਿਰਤਾ, ਦ੍ਵੈਤ ਭਾਵ ਤੋਂ ਮੁਕਤ, ਪ੍ਰਮਾਤਮਾ ਵਿਚ ਟਿਕੇ ਮਨ ਦੀ ਦਸ਼ਾ। ਗੁਰਬਾਣੀ ਵਿਚ ਤੁਰੀਆ ਪਦ ਦੀ ਪ੍ਰਾਪਤੀ ਨੂੰ ਸਹਿਜ ਅਵਸਥਾ ਦੀ ਪ੍ਰਾਪਤੀ ਕਿਹਾ ਹੈ। ਤਿੰਨਾਂ ਗੁਣਾ - ਰਜੋ, ਤਮੋ, ਸਤੋ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਹੀ ਸਹਿਜ ਅਵਸਥਾ ਪ੍ਰਾਪਤ ਹੁੰਦੀ ਹੈ। ਇਸ ਨੂੰ ਚੌਥਾ ਪਦ ਵੀ ਕਿਹਾ ਹੈ। ਇਹ ਮਨ ਦੀ ਅਡੋਲਤਾ, ਵਿਸਮਾਦ ਅਤੇ ਖਿੜਾਓ ਦੀ ਅਵਸਥਾ ਹੈ ਜੋ ਨਾਮ-ਸਿਮਰਨ ਅਤੇ ਸਿਫਤਿ-ਸਲਾਹ ਦੀ ਬਰਕਤਿ ਨਾਲ ਪ੍ਰਾਪਤ ਹੁੰਦੀ ਹੈ ਜਿਵੇਂ ਫੁਰਮਾਨ ਹੈ-

*ਰਸਨਾ ਗੁਣ ਗੋਪਾਲ ਨਿਧਿ ਗਾਇਣ ॥*
*ਸਾਂਤਿ ਸਹਜੁ ਰਹਸੁ ਮਨਿ ਉਪਜਿਓ*
*ਸਗਲੇ ਦੂਖ ਪਲਾਇਣ ॥* ਅੰਗ - ੭੧੩

ਗੁਰਬਾਣੀ ਅਨੁਸਾਰ ਸੰਸਾਰ ਵਧੇਰੇ ਕਰ ਕੇ ਤਿੰਨਾਂ ਗੁਣਾਂ ਦੀ ਖੇਡ ਵਿਚ ਲਪਾਇਮਾਨ ਹੈ, ਚੌਥੇ ਪਦ ਪ੍ਰਤੀ ਵਿਚ ਗੂੜ੍ਹੀ ਨੀਂਦ ਵਿਚ ਸੁੱਤਾ ਪਿਆ ਹੈ, ਸ਼ਾਇਦ ਭੁੱਲ ਹੀ ਗਿਆ ਹੈ ਕਿ ਰਜੋ, ਤਮੋ, ਸਤੋ ਦੇ ਮਾਇਕ ਬੰਧਨਾਂ ਤੋਂ ਮੁਕਤ ਹੋ ਕੇ ਚੌਥੇ ਪਦ ਵਿਚ, ਤੁਰੀਆ ਵਿਚ, ਸਹਿਜ ਵਿਚ ਵਿਚਰਨਾ ਹੀ ਮਨੁੱਖੀ ਜੀਵਨ ਦਾ ਸਹੀ ਲਕਸ਼ ਹੈ। ਗੁਰਬਾਣੀ ਅਨੁਸਾਰ ਇਹ ਤੱਤ ਹੀ ਅਸਲ ਵਿਚ ਗ੍ਰਹਿਣ-ਯੋਗ ਸਾਰ ਵਸਤੂ ਹੈ। ਸਹਿਜ ਅਤੇ ਅਨੰਦ ਦੀ ਅਵਸਥਾ ਦੀ ਸੋਝੀ ਧਰਮ ਗ੍ਰੰਥਾਂ, ਸਿਮ੍ਰਤੀਆਂ, ਸ਼ਾਸਤਰਾਂ ਦੇ ਪੰਡਿਤ, ਗਿਆਨੀ ਵੀ ਨਹੀਂ ਜਾਣਦੇ। ਉਹ ਇਹੋ ਵਿਚਾਰਾਂ ਕਰਦੇ ਰਹਿੰਦੇ ਹਨ ਕਿ ਧਰਮ ਅਨੁਸਾਰ ਪਾਪ ਕੀ ਹੈ, ਪੁੰਨ ਕੀ ਹੈ? ਇਸ ਤਰ੍ਹਾਂ ਸਾਰਾ ਸੰਸਾਰ ਤਿੰਨਾਂ ਗੁਣਾਂ ਦੇ ਭਰਮ ਜਾਲ ਵਿਚ ਭਟਕ ਰਿਹਾ ਹੈ। ਤਿੰਨਾਂ ਗੁਣਾਂ ਵਾਲੇ ਮਾਇਕ ਸੰਸਾਰ ਵਿਚ ਸੁਤਿਆਂ ਹੀ ਸਾਰੀ ਉਮਰ ਗੁਜ਼ਰ ਜਾਂਦੀ ਹੈ। ਗੁਰੂ ਜੀ ਅਨੁਸਾਰ ਮੋਹ ਦੀ ਗੂੜ੍ਹੀ ਨੀਂਦ ਵਿਚੋਂ ਗੁਰੂ ਕ੍ਰਿਪਾ ਸਦਕਾ ਹੀ ਜਾਗਿਆ ਜਾ ਸਕਦਾ ਹੈ। ਗੁਰੂ ਹਰਿ-ਨਾਮ ਰਾਹੀਂ ਸੁਰਤਿ ਨੂੰ ਸ਼ਬਦ ਵਿਚ ਟਿਕਾ ਕੇ ਆਤਮਕ-ਅਨੰਦ, ਬਖਸ਼ਿਸ਼ ਕਰਦਾ ਹੈ। ਤੀਜੇ ਪਾਤਸ਼ਾਹ ਦਾ ਫੁਰਮਾਨ ਹੈ -

*ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ*
*ਤਤੈ ਸਾਰ ਨ ਜਾਣੀ ॥*
*ਤਤੈ ਸਾਰ ਨ ਜਾਣੀ ਗੁਰੂ ਬਾਝਹੁ*
*ਤਤੈ ਸਾਰ ਨ ਜਾਣੀ ॥*
*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*
*ਗੁਰ ਕਿਰਪਾ ਤੇ ਸੇ ਜਨ ਜਾਗੇ*
*ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥*
*ਕਹੈ ਨਾਨਕੁ ਸੋ ਤਤੁ ਪਾਏ*
*ਜਿਸ ਨੋ ਅਨਦਿਨੁ ਹਰਿ ਲਿਵ ਲਾਗੈ*
*ਜਾਗਤ ਰੈਣਿ ਵਿਹਾਣੀ ॥* ਅੰਗ- ੯੨੦

ਇਸ ਸੰਕਲਪ ਨੂੰ ਹੋਰ ਸਪੱਸ਼ਟ ਕਰਦਿਆਂ ਗੁਰੂ ਮਹਾਰਾਜ ਦਸਦੇ ਹਨ ਕਿ ਧਾਰਮਿਕ ਕਰਮ-ਕਾਡਾਂ ਰਾਹੀਂ ਸਹਿਜ-ਅਵਸਥਾ ਪ੍ਰਾਪਤ ਨਹੀਂ ਹੋ ਸਕਦੀ ਅਤੇ ਜਦ ਤਕ ਸਹਿਜ ਦੀ, ਅਡੋਲਤਾ ਦੀ, ਆਤਮਿਕ ਅਨੰਦ ਦੀ ਅਵਸਥਾ ਪ੍ਰਾਪਤ ਨਹੀਂ ਹੁੰਦੀ ਓਨਾ ਚਿਰ ਮਨੁੱਖ ਤਿੰਨ-ਗੁਣੀ ਮਾਇਆ ਦੇ ਮੋਹ ਤੋਂ ਪੈਦਾ ਹੋਏ ਤੌਖਲੇ, ਸਹਿਮ, ਡਰ, ਚਿੰਤਾਵਾਂ ਤੋਂ ਮੁਕਤ ਨਹੀਂ ਹੋ ਸਕਦਾ। ਜਿੰਨਾਂ ਚਿਰ ਮਨ ਸਹਿਮ ਵਿਚ ਵਿਚਰਦਾ ਹੈ, ਉਤਨਾ ਚਿਰ ਮੈਲਾ ਹੀ ਰਹਿੰਦਾ ਹੈ। ਇਹ ਮੈਲ ਕਿਸੇ ਬਾਹਰੀ ਜੁਗਤੀ ਨਾਲ ਨਹੀਂ ਧੁਲਦੀ। ਕੇਵਲ ਗੁਰੂ ਦੇ ਸ਼ਬਦ ਵਿਚ ਜੁੜ ਕੇ ਹੀ ਮਨ ਦੀ ਮੈਲ ਧੋਤੀ ਜਾ ਸਕਦੀ ਹੈ ਅਤੇ ਮਨ ਦੇ ਤੌਖਲੇ ਦੂਰ ਕਰ ਕੇ ਸਹਿਜ ਅਨੰਦ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਫੁਰਮਾਨ ਹੈ -

*ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥*
*ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥*
*ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥*
*ਮੰਨੁ ਧੋਵਹੁ ਸਬਦਿ ਲਾਗਹੁ*
*ਹਰਿ ਸਿਉ ਰਹਹੁ ਚਿਤੁ ਲਾਇ ॥*
*ਕਹੈ ਨਾਨਕੁ ਗੁਰ ਪਰਸਾਦੀ*
*ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥* ਅੰਗ- ੯੧੯

ਸਹਿਜ ਦੇ ਵਿਪਰੀਤ ਅਸਹਿਜ ਵਿਚ ਵਿਚਰਦਾ ਮਨੁੱਖ ਹਉਂ ਅਧੀਨ ਜੀਵਨ ਨੂੰ ਬਿਖੜਾ ਪੈਂਡਾ ਬਣਾ ਲੈਂਦਾ ਹੈ। ਉਸ ਦਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਕੋਈ ਨਿਯੰਤਰਣ ਨਹੀਂ ਹੁੰਦਾ। ਕਾਮ

ਵਸ ਮਨੁੱਖ ਲਈ ਕੋਈ ਧੀ, ਭੈਣ ਦੀ ਮਾਨ ਮਰਿਆਦਾ ਨਹੀਂ। ਕ੍ਰੋਧ ਵਿਚ ਆ ਕੇ ਕਈ ਮਨੁੱਖਾਂ ਦੇ ਆਤਮ ਘਾਤ ਤਕ ਦੇ ਉਪੱਦਰ ਕੀਤੇ ਹਨ। ਰਿਸ਼ਵਤ ਵੱਢੀ ਬੇਈਮਾਨੀ, ਲੋਭ ਅਤੇ ਮੋਹ ਵਸ ਲੋਕ ਹੀ ਕਰਦੇ ਹਨ। ਅਹੰਕਾਰੀ ਆਦਮੀ ਪਾਸੋਂ ਕਦੇ ਪਿਆਰ ਸਤਿਕਾਰ ਅਤੇ ਪਰਉਪਕਾਰ ਦੀ ਆਸ ਨਹੀਂ ਕੀਤੀ ਜਾ ਸਕਦੀ। ਅਸਹਿਜ ਵਿਚ ਵਿਚਰਦੇ ਮਨੁੱਖ ਨੂੰ ਬੇਤਾਲਾ ਕਿਹਾ ਗਿਆ ਹੈ। ਇਸ ਤਰ੍ਹਾਂ ਤਿੰਨ-ਗੁਣਾਂ ਦੇ ਸੰਸਾਰ ਵਿਚ ਦ੍ਵੈਤ ਹੈ, ਦਵੰਦ ਹੈ, ਹਉਮੈ-ਵਾਦੀ ਬਿਰਤੀ ਦੀ ਪ੍ਰਧਾਨਤਾ ਹੈ। ਇਹ ਮੈਂ, ਮੇਰੀ ਦਾ ਸੰਸਾਰ ਹੈ ਜਿਥੇ ਦੁਖ-ਸੁਖ, ਖੁਸ਼ੀ-ਗਮੀ, ਲਾਭ-ਹਾਣ, ਮਾਨ-ਅਪਮਾਨ, ਗਰੀਬੀ-ਅਮੀਰੀ ਦੇ ਦਵੰਦ ਵਿਚ ਮਨੁੱਖ ਸਾਰੀ ਉਮਰ ਜਦੋ-ਜਹਿਦ ਕਰਦਾ ਰਹਿੰਦਾ ਹੈ। ਸਹਿਜ-ਅਵਸਥਾ ਵਾਲਾ ਮਨੁੱਖ ਇਸ ਦਵੰਦ ਤੋਂ ਪਾਕ ਹੁੰਦਾ ਹੈ, ਉਸ ਨੂੰ ਗੁਰੂ ਮਹਾਰਾਜ ਜੀਵਨ-ਮੁਕਤਿ ਕਹਿੰਦੇ ਹਨ ਅਤੇ ਉਸ ਦੀ ਅਡੋਲ-ਸਹਿਜਮਈ ਅਵਸਥਾ ਇਉਂ ਬਿਆਨ ਕਰਦੇ ਹਨ -

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*

*ਅੰਗ- ੨੭੫*

ਗੁਰਮੁਖ, ਸੰਤ, ਸਾਧ, ਬ੍ਰਹਮਗਿਆਨੀ ਅਜਿਹੀ ਅਡੋਲ ਸਹਿਜਮਈ ਅਵਸਥਾ ਵਿਚ ਵਿਚਰਦੇ ਵਿਕਾਰਾਂ ਤੋਂ ਇੰਜ ਬੇਦਾਗ ਰਹਿੰਦੇ ਹਨ ਜਿਵੇਂ ਪਾਣੀ ਵਿਚ ਉੱਗੇ ਕਉਲ ਫੁੱਲ ਚਿੱਕੜ ਤੋਂ ਸਾਫ ਹੁੰਦੇ ਹਨ। ਸਹਿਜ ਵਿਚ ਵਿਚਰਦਾ ਬ੍ਰਹਮ-ਗਿਆਨੀ ਸਮ-ਦਰਸੀ ਹੁੰਦਾ ਹੈ, ਸਭਨਾਂ ਵਲ ਇਕੋ ਪਿਆਰ-ਦ੍ਰਿਸ਼ਟੀ ਰਖਦਾ ਹੈ ਜਿਵੇਂ ਸੂਰਜ, ਹਵਾ, ਧਰਤੀ, ਪਾਣੀ ਸਭਨਾਂ ਪ੍ਰਤੀ ਸਮ-ਦ੍ਰਿਸ਼ਟੀ ਰਖਦੇ ਹਨ। ਗੁਰਵਾਕ ਹੈ -

*ਬ੍ਰਹਮ ਗਿਆਨੀ ਸਦਾ ਨਿਰਲੇਪ ॥*
*ਜੈਸੇ ਜਲ ਮਹਿ ਕਮਲ ਅਲੇਪ ॥*
*ਬ੍ਰਹਮ ਗਿਆਨੀ ਸਦਾ ਨਿਰਦੋਖ ॥*
*ਜੈਸੇ ਸੂਰੁ ਸਰਬ ਕਉ ਸੋਖ ॥*
*ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥*
*ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥*

*ਅੰਗ- ੨੭੨*

ਗੁਰੂ-ਆਸਰਿਤ ਗੁਰਮੁਖਿ ਵੀ ਐਸੀ ਆਤਮਿਕ-ਅਡੋਲਤਾ ਦਾ ਮਾਲਕ ਹੁੰਦਾ ਹੈ। ਉਸ ਦਾ ਮਨ ਦਸਵੇਂ ਦੁਆਰ ਵਿਚ ਟਿਕਿਆ ਰਹਿੰਦਾ ਹੈ ਜਿਥੇ ਸੰਸਾਰ ਦੇ ਵਿਸ਼ੇ-ਵਿਕਾਰ, ਮਾਇਆ ਦੇ ਮੋਹ ਦੀ ਨੀਂਦਰ ਅਤੇ ਦੁਖ ਸੁਖ ਵਿਆਪਕ ਨਹੀਂ ਹੁੰਦੇ। ਫੁਰਮਾਨ ਹੈ -

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥* *ਅੰਗ- ੧੪੧੪*

ਸਹਿਜ ਅਵਸਥਾ ਕੈਸੀ ਹੁੰਦੀ ਹੈ? ਸਹਿਜ ਅਵਸਥਾ ਵਿਚ ਕੀ ਵਾਪਰਦਾ ਹੈ, ਇਸ ਦੇ ਕਈ ਲਕਸ਼ ਅਤੇ ਚਿੰਨ੍ਹ ਗੁਰਬਾਣੀ ਵਿਚ ਪ੍ਰਾਪਤ ਹਨ। ਸਹਿਜ ਅਵਸਥਾ ਆਤਮਿਕ-ਪ੍ਰਾਪਤੀ ਦੀ ਉਹ ਅਵਸਥਾ ਹੈ ਜਿਥੇ ਅੰਮ੍ਰਿਤ ਦੇ ਚਸ਼ਮੇ ਚਲਦੇ ਹਨ, ਇਸ ਨਿਰਾਲੀ ਅਵਸਥਾ ਵਿਚ ਅਨਹਤ ਧੁਨੀਆਂ ਦੇ ਸੰਗੀਤ ਨਾਲ ਸੁਰਤਿ ਪ੍ਰਭੂ ਵਿਚ ਜੁੜ ਜਾਂਦੀ ਹੈ, ਐਸੀ ਅਵਸਥਾ ਮਾਣਦੇ ਸੰਤ ਜਨ ਪ੍ਰਮਾਤਮਾ ਦੇ ਚਰਨਾਂ ਵਿਚ ਜੁੜ ਕੇ ਆਤਮਿਕ ਅਡੋਲਤਾ ਦੇ ਬੇਅੰਤ ਅਖਾੜੇ ਰਚਦੇ ਰਹਿੰਦੇ ਹਨ, ਏਥੇ ਬੇਅੰਤ ਖੁਸ਼ੀ ਤੇ ਇਕ-ਰਾਸ ਬਣਿਆ ਰਹਿੰਦਾ ਹੈ, ਗੁਰੂ ਦਾ ਘਰ ਐਸਾ ਹੀ ਬਖਸ਼ਿਸ਼ ਦਾ ਘਰ ਹੈ। ਗੁਰੂ ਜੀ ਦਾ ਫੁਰਮਾਨ ਹੈ -

*ਅਗਮ ਰੂਪ ਕਾ ਮਨ ਮਹਿ ਥਾਨਾ ॥*
*ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ ॥ ੧ ॥*
*ਸਹਜ ਕਥਾ ਕੇ ਅੰਮ੍ਰਿਤ ਕੁੰਟਾ ॥*
*ਜਿਸਹਿ ਪਰਾਪਤਿ ਤਿਸੁ ਲੈ ਭੁੰਚਾ ॥ ੧ ॥ ਰਹਾਉ ॥*
*ਅਨਹਤ ਬਾਣੀ ਥਾਨੁ ਨਿਰਾਲਾ ॥*
*ਤਾ ਕੀ ਧੁਨਿ ਮੋਹੇ ਗੋਪਾਲਾ ॥ ੨ ॥*
*ਤਹ ਸਹਜ ਅਖਾਰੇ ਅਨੇਕ ਅਨੰਤਾ ॥*
*ਪਾਰਬ੍ਰਹਮ ਕੇ ਸੰਗੀ ਸੰਤਾ ॥ ੩ ॥*
*ਹਰਖ ਅਨੰਤ ਸੋਗ ਨਹੀ ਬੀਆ ॥*
*ਸੋ ਘਰੁ ਗੁਰਿ ਨਾਨਕ ਕਉ ਦੀਆ ॥* *ਅੰਗ- ੧੮੬*

ਸਹਿਜ ਕਥਾ ਗੁਹਜ ਕਥਾ ਹੈ। ਇਸ ਦਾ ਕਥਨ ਕਠਿਨ ਵੀ ਹੈ ਅਤੇ ਨਿਰਾਲਾ ਵੀ। ਇਹ ਅਵਸਥਾ ਪੂਰਨ ਅਨੰਦ ਅਤੇ ਵਿਸਮਾਦ ਦੀ ਅਵਸਥਾ ਹੈ। ਇਹ ਅਨੰਦ-ਭਰਪੂਰ ਅਵਸਥਾ ਕੇਵਲ ਪ੍ਰਭੂ ਦੇ ਪਿਆਰੇ

*(ਬਾਕੀ ਪੰਨਾ 55 ਤੇ)*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-43)*

**ਸਿਰੀਰਾਗੁ ਮਹਲਾ ੫ ॥**
**ਜਾ ਕਉ ਮੁਸਕਲੁ ਅਤਿ ਬਣੈ**
**ਢੋਈ ਕੋਇ ਨ ਦੇਇ ॥**

ਜਾ=ਜਿਨ੍ਹਾਂ ਪੁਰਖਾਂ ਕਉ=ਨੂੰ ਅਤਿ=ਅਤਿਅੰਤ ਮੁਸਕਲੁ=ਔਖਿਆਈ ਭਾਵ ਬੜੀ ਔਕੜ ਆ ਜਾਵੇ, ਅਨੇਕ ਤਰ੍ਹਾਂ ਦੇ ਪਏ ਹੋਏ ਕਲੇਸ਼ਾਂ ਵਿਚੋਂ ਛੁਟਕਾਰਾ ਪਾਉਣ ਲਈ ਕਿਸੇ ਪ੍ਰਕਾਰ ਦਾ ਰਸਤਾ ਨਾ ਲੱਭੇ ਅਤੇ ਕੋਈ ਵੀ ਢੋਈ=ਆਸਰਾ ਨਾ ਦੇਵੇ।

**ਲਾਗੂ ਹੋਏ ਦੁਸਮਨਾ**
**ਸਾਕ ਭਿ ਭਜਿ ਖਲੇ ॥**

ਜਿਹੜੇ ਜੀਵ ਦੇ ਦੁਸ਼ਮਨਾ=ਵੈਰੀ, ਪਿੱਛੇ ਲਾਗੂ=ਲੱਗੇ, ਹੋਏ=ਹੋਣ ਤਾਂ ਸਾਕ=ਸੰਬੰਧੀ, ਭਿ=ਵੀ ਭਜਿ=ਦੌੜ ਕੇ ਭਾਵ ਸ਼ੀਘਰਤਾ ਕਰਕੇ ਦੂਰ ਖਲੇ-ਖੜ੍ਹ ਜਾਣ, ਅਰਥਾਤ ਸਾਥ ਤਿਆਗ ਦੇਣ।

**ਸਭੋ ਭਜੈ ਆਸਰਾ**
**ਚੁਕੈ ਸਭੁ ਅਸਰਾਉ ॥**

ਜਿਨ੍ਹਾਂ ਪੁਰਖਾਂ ਦਾ ਸਭੋ=ਸਾਰਿਆਂ ਪਾਸਿਆਂ ਤੋਂ ਆਸਰਾ=ਸਹਾਰਾ ਭਜੈ=ਭੱਜ ਭਾਵ ਚਲਿਆ ਜਾਵੇ ਅਤੇ ਰਾਜੇ ਜਾਂ ਪਿੰਡ ਦੇ ਪ੍ਰਧਾਨ ਆਦਿ ਸਭੁ=ਸਾਰਿਆਂ ਦਾ ਅਸਰਾਉ=ਆਸਰਾ ਚੁਕੈ=ਚੁੱਕਿਆ ਜਾਵੇ ਵਾ: ਪ੍ਰਲੋਕ ਵਿਚ ਅਸਰਾਉ=ਆਸਰਾ ਦੇਣ ਵਾਲੇ ਸਭੁ=ਸਾਰੇ ਸਾਧਨ ਵੀ ਚੁਕੈ=ਚੁੱਕੇ ਜਾਣ ਭਾਵ ਭੱਜ ਜਾਣ, ਇਉਂ ਜਿਸ ਪੁਰਖ ਦਾ ਕੋਈ ਵੀ ਟਿਕਾਣਾ ਨਾ ਰਹੇ।

**ਚਿਤਿ ਆਵੈ ਓਸੁ ਪਾਰਬ੍ਰਹਮੁ**
**ਲਗੈ ਨ ਤਤੀ ਵਾਉ ॥ ੧ ॥**

ਐਸੀ ਬਿਪਤਾ ਦੀ ਘੜੀ ਵਿਚ ਘਿਰੇ ਹੋਏ ਜੀਵਨ ਨੂੰ ਜੇਕਰ ਉਸ ਪਾਰਬ੍ਰਹਮੁ-ਪ੍ਰਮੇਸ਼ਰ ਦਾ ਗੁਰੂ ਦੀ ਕ੍ਰਿਪਾ ਦੁਆਰਾ ਚਿਤਿ=ਚੇਤਾ ਆਵੈ=ਆ ਜਾਵੇ ਤਾਂ ਫਿਰ ਉਨ੍ਹਾਂ ਨੂੰ ਕੋਈ ਵੀ ਦੁਖ ਰੂਪ ਤਤੀ=ਤਪਸ਼ ਵਾਲੀ ਵਾਉ=ਹਵਾ ਨਹੀਂ ਲੱਗੇਗੀ ਅਥਵਾ ਉਨ੍ਹਾਂ ਨੂੰ ਮਾਤਾ ਦੇ ਗਰਭ ਦੀ ਜਠਰ ਅਗਨੀ ਰੂਪੀ ਤੱਤੀ ਹਵਾ ਨਹੀਂ ਲਗਦੀ। ਜਿਵੇਂ ਆਸੇ ਪਾਸੇ ਲੂਆਂ ਲੱਗਦੀਆਂ ਹਨ, ਇਉਂ ਕਿਸੇ ਪਾਸਿਉਂ ਦੁਖਦਾਇਕ ਬਿਪਤਾ ਵਾਲੀ ਖਬਰ ਨਹੀਂ ਮਿਲੇਗੀ। ਇਸ ਪ੍ਰਕਾਰ ਤ੍ਰਿਸ਼ਨਾ ਦੀ, ਨਰਕ ਦੀ, ਈਰਖਾ ਵਾਲਿਆਂ ਦੀ, ਦੁਸ਼ਮਣਾਂ ਵੱਲੋਂ ਕੋਈ ਦੁੱਖ ਦੇਣ ਵਾਲੀ ਅਤੇ ਜਮਦੂਤਾਂ ਵੱਲੋਂ ਨਰਕਾਂ ਆਦਿ ਦੀ ਕਿੰਚਤ ਮਾਤਰ ਵੀ ਕੋਈ ਦੁੱਖ ਰੂਪ ਤੱਤੀ ਹਵਾ ਨਹੀਂ ਲੱਗਦੀ।

**ਸਾਹਿਬੁ ਨਿਤਾਣਿਆ ਕਾ ਤਾਣੁ ॥**

ਸਾਹਿਬੁ=ਮਾਲਕ ਪ੍ਰਮੇਸ਼ਰ ਨਿਤਾਣਿਆ=ਬਲ ਤੋਂ ਹੀਣਿਆਂ ਪੁਰਖਾਂ ਕਾ=ਦਾ ਆਪ ਹੀ ਤਾਣੁ=ਬਲ, ਆਸਰਾ ਰੂਪ ਹੈ ਵਾ: ਪ੍ਰਮੇਸ਼ਰ ਆਪ ਹੀ ਗਿਆਨ ਦੇ ਬਲ ਤੋਂ ਹੀਣਿਆਂ ਪੁਰਖਾਂ ਨੂੰ ਬਿਬੇਕ ਦਾ ਬਲ ਦੇਣ ਵਾਲਾ ਹੈ ਵਾ: ਸਰੀਰਕ ਬਲ ਤੋਂ ਹੀਣਿਆਂ, ਕਮਜ਼ੋਰ ਪੁਰਖਾਂ ਨੂੰ ਜਿਸਮਾਨੀ ਤਾਕਤ ਦਾ ਬਲ ਦੇਣ ਵਾਲਾ ਹੈ।

**ਆਇ ਨ ਜਾਈ ਥਿਰੁ ਸਦਾ**
**ਗੁਰ ਸਬਦੀ ਸਚੁ ਜਾਣੁ ॥ ੧ ॥ ਰਹਾਉ ॥**

ਪਰਮੇਸ਼ਰ ਨਾ ਹੀ ਜਨਮ ਧਾਰ ਕੇ ਆਇ=ਆਉਂਦਾ ਹੈ ਅਤੇ ਨਾ ਹੀ ਮਰ ਕੇ ਜਾਈ=ਜਾਂਦਾ ਹੈ। ਉਹ ਸਦਾ-ਨਿਤਾਪ੍ਰਤੀ ਹੀ ਥਿਰੁ=ਇਸਤਿਤ ਰਹਿਣ ਵਾਲਾ ਹੈ। ਗੁਰੂ ਦੇ ਸਬਦੀ=ਉਪਦੇਸ਼ ਦੁਆਰਾ ਤਿੰਨਾਂ ਕਾਲਾਂ ਵਿਚ ਨਾਸ਼ ਰਹਿਤ ਸੱਚੇ ਪ੍ਰਮੇਸ਼ਰ ਨੂੰ ਜਾਨਣਾ ਕਰੋ ਵਾ: ਗੁਰ ਸਬਦੀ=ਜੋ ਗੁਰੂ ਦੇ ਸ਼ਬਦ ਦੀ ਕਮਾਈ ਕਰਨ ਵਾਲੇ ਸਤਿਪੁਰਸ਼, ਮਹਾਤਮਾ ਜਨ ਹਨ, ਉਨ੍ਹਾਂ ਦੁਆਰਾ ਹੀ ਸਚੁ=ਨਿਸਚਾ ਕਰਕੇ ਪਰਮੇਸ਼ਰ ਨੂੰ ਜਾਨਣਾ ਕਰੋ।

**ਜੇ ਕੋ ਹੋਵੈ ਦੁਬਲਾ**
**ਨੰਗ ਭੁਖ ਕੀ ਪੀਰ ॥**

ਜੇ ਕੋ=ਕੋਈ ਸਰੀਰ ਕਰਕੇ, ਮਾਇਆ ਕਰਕੇ, ਸੰਬੰਧੀਆਂ ਕਰਕੇ, ਵਿਹਾਰ ਕਰਕੇ ਬਹੁਤਾ ਦੁਬਲਾ=ਕਮਜ਼ੋਰ ਹੋਵੇ। ਨੰਗ=ਕੰਗਾਲ ਤੇ ਭੁੱਖ ਕੀ=ਦੀ ਪੀਰ=ਪੀੜਾ ਹੋਵੇ ਅਰਥਾਤ ਜੇਕਰ ਹੱਥ ਵਿਚ ਤਲੀ ਹੈ ਤਾਂ ਪੱਲੀ ਨਹੀਂ ਹੈ, ਜੇ ਪੱਲੀ ਹੈ ਤਾਂ ਤਲੀ ਨਹੀਂ ਹੈ। ਜੇ ਪੱਗ ਹੈ ਤਾਂ ਜੁੱਤੀ ਨਹੀਂ ਹੈ। ਜੇ ਜੁੱਤੀ ਹੈ ਤਾਂ ਕੱਪੜਾ ਨਹੀਂ। ਇਸ ਤਰ੍ਹਾਂ ਨੰਗਾ ਅਤੇ ਪੇਟੋਂ ਭੁੱਖਾ ਰਹਿੰਦਾ ਹੋਵੇ। ਕਈ-ਕਈ ਪਹਿਰ ਅੰਨ ਖਾਣ ਨੂੰ ਨਾ ਮਿਲੇ। ਕਈ ਦਿਨ ਭੁੱਖੇ ਫਾਕੇ ਹੀ ਕੱਟਣੇ ਪੈਣ।

ਦਮੜਾ ਪਲੈ ਨਾ ਪਵੈ
ਨਾ ਕੋ ਦੇਵੈ ਧੀਰ ॥

ਕਿਸੇ ਪ੍ਰਕਾਰ ਦੀ ਕਿਰਤ ਅਤੇ ਮਜ਼ਦੂਰੀ ਕਰਕੇ ਦਮੜਾ=ਰੁਪਈਆ ਪੈਸਾ ਵੀ ਪੱਲੇ ਨਾ ਪਵੈ=ਪੈਂਦਾ ਹੋਵੇ (ਸਿੰਘਾਂ ਦੇ ਬੋਲੇ ਵਿਚ ਦਮੜੇ=ਰੁਪਇਆਂ ਨੂੰ ਕਹਿੰਦੇ ਹਨ) ਅਤੇ ਜਿਸ ਨੂੰ ਕੋ=ਕੋਈ ਧੀਰ=ਧੀਰਜ ਦੇਵੈ=ਦੇਣ ਵਾਲਾ ਨਾ ਰਹਿਆ ਹੋਵੇ।

ਸੁਆਰਥੁ ਸੁਆਉ ਨ ਕੋ ਕਰੇ
ਨਾ ਕਿਛੁ ਹੋਵੈ ਕਾਜੁ ॥

ਨਾ ਆਪਣਾ ਸੁਆਰਥੁ=ਸਵੈ=ਪ੍ਰਯੋਜਨ ਅਤੇ ਨਾ ਕਿਸੇ ਦਾ ਸੁਆਉ=ਮਤਲਬ ਪੂਰਾ ਕਰ ਸਕਦਾ ਹੋਵੇ ਅਤੇ ਨਾ ਹੀ ਆਪਣੇ ਵੱਲੋਂ ਹੱਥਾਂ ਨਾਲ ਜਾਂ ਕੋਈ ਹੋਰ ਕਿਰਤ ਮਜ਼ਦੂਰੀ ਆਦਿ ਕਾਜੁ=ਕਾਰਜ ਕਰ ਸਕਦਾ ਹੋਵੇ।

ਚਿਤਿ ਆਵੈ ਓਸੁ ਪਾਰਬ੍ਰਹਮੁ
ਤਾ ਨਿਹਚਲੁ ਹੋਵੈ ਰਾਜੁ ॥ ੨ ॥

ਇਹੋ ਜਿਹੇ ਕਮਜ਼ੋਰ ਦੇ ਚਿਤਿ=ਹਿਰਦੇ ਵਿਚ ਜੇ ਪਾਰਬ੍ਰਹਮੁ=ਪ੍ਰਮੇਸ਼ਰ ਯਾਦ ਆ ਜਾਵੇ ਤਾਂ ਮਹਾਰਾਜ ਸਾਹਿਬ ਉਸ ਨੂੰ ਕੁੱਲ ਦੁਨੀਆਂ ਦਾ ਬਾਦਸ਼ਾਹ ਬਣਾ ਦਿੰਦੇ ਹਨ। ਐਸੀ ਮਿਹਰ ਹੋ ਜਾਂਦੀ ਹੈ ਕਿ ਉਸ ਨੂੰ ਨਿਹਚਲੁ=ਅਚੱਲ ਰਾਜ ਦੀ ਪ੍ਰਾਪਤੀ ਹੋ ਜਾਂਦੀ ਹੈ।

ਜਾ ਕਉ ਚਿੰਤਾ ਬਹੁਤੁ ਬਹੁਤੁ
ਦੇਹੀ ਵਿਆਪੈ ਰੋਗੁ ॥

ਜਾ=ਜਿਸ ਪੁਰਸ਼, ਕਉ=ਨੂੰ ਬਹੁਤੁ=ਬਹੁਤੀ, ਸੰਬੰਧੀਆਂ ਦੀ ਚਿੰਤਾ ਹੋਵੇ ਜਾਂ ਆਪਣੀ ਗਰੀਬੀ, ਕਮਜ਼ੋਰੀ ਦੀ ਬਹੁਤ=ਬਹੁਤੀ ਚਿੰਤਾ ਹੋਵੇ। ਦੇਹੀ=ਸਰੀਰ ਨੂੰ ਰੋਗੁ=ਦੁਖ ਵਿਆਪੈ=ਲੱਗਿਆ ਹੋਵੇ, ਜਿਵੇਂ ਤਪਦਿਕ, ਕੋਹੜ ਆਦਿ ਬਿਮਾਰੀਆਂ ਹੋਣ 'ਤੇ ਤੰਦਰੁਸਤੀ ਦੀ ਉਮੀਦ ਨਾ ਹੋਵੇ।

ਗ੍ਰਿਸਤਿ ਕੁਟੰਬਿ ਪਲੇਟਿਆ
ਕਦੇ ਹਰਖੁ ਕਦੇ ਸੋਗੁ ॥

ਗ੍ਰਿਸਤਿ=ਘਰਬਾਰੀ ਹੋ ਕੇ ਕੁਟੰਬਿ=ਪਰਿਵਾਰ ਦੇ ਮੋਹ ਵਿਚ ਪਲੇਟਿਆ=ਖੱਚਤ ਹੋਇਆ ਹੋਵੇ, ਭਾਵ ਫਸਿਆ ਹੋਵੇ। ਕਦੇ ਜੰਮਿਆ ਦੀ ਹਰਖੁ=ਖੁਸ਼ੀ ਅਤੇ ਮਰਿਆਂ ਦਾ ਸੋਗੁ=ਗ਼ਮ ਪਿਆ ਰਹਿੰਦਾ ਹੋਵੇ।

ਗਉਣੁ ਕਰੇ ਚਹੁ ਕੁੰਟ ਕਾ
ਘੜੀ ਨ ਬੈਸਣੁ ਸੋਇ ॥

ਫਿਰ ਉਹ ਮਾਇਆ ਦੀ ਪ੍ਰਾਪਤੀ ਵਾਸਤੇ ਚਹੁ ਕੁੰਟ=ਚਾਰੇ ਦਿਸ਼ਾਵਾਂ ਪੱਛਮ, ਉੱਤਰ, ਦੱਖਣ ਵਿਚ ਗਉਣੁ=ਗਵਨ ਕਰਦਾ ਫਿਰਦਾ ਹੋਵੇ। ਇਕ ਘੜੀ ਮਾਤਰ ਵੀ ਸੁਖ ਨਾਲ ਬੈਸਣੁ=ਬੈਠਣਾ ਤੇ ਸੋਇ=ਸੌਣਾ ਨਾ ਮਿਲੇ ਵਾ: ਸੋਇ=ਉਸ ਨੂੰ ਇਕ ਘੜੀ ਮਾਤਰ ਵੀ ਤ੍ਰਿਸ਼ਨਾ ਕਰਕੇ ਬੈਠਣਾ ਨਾ ਮਿਲੇ ਭਾਵ ਚਿੰਤਾ ਰੂਪ ਚਿਖਾ 'ਤੇ ਚੜ੍ਹਿਆ ਰਹਿੰਦਾ ਹੋਵੇ। ਘੜੀ ਮਾਤਰ ਵੀ ਸ਼ਾਂਤੀ ਦਾ ਟਿਕਾਅ ਨਾ ਆਵੇ।

ਚਿਤਿ ਆਵੈ ਓਸੁ ਪਾਰਬ੍ਰਹਮੁ
ਤਨੁ ਮਨੁ ਸੀਤਲੁ ਹੋਇ ॥ ੩ ॥

ਅਗਰ ਐਸੇ ਦੁਖੀ ਪੁਰਸ਼ ਨੂੰ ਪਾਰਬ੍ਰਹਮ=ਪਰਮੇਸ਼ਰ ਯਾਦ ਆ ਜਾਵੇ ਭਾਵ ਹਰੀ ਦੇ ਨਾਮ ਨਾਲ ਜੁੜ ਜਾਵੇ, ਚਿੱਤ ਵਿਚ ਵਸ ਜਾਵੇ ਤਾਂ ਉਸ ਦਾ ਤਨੁ=ਸਰੀਰ ਮਨੁ=ਅੰਤਸ਼ਕਰਣ ਸੀਤਲੁ=ਠੰਢਾ ਹੋ ਜਾਵੇਗਾ, ਭਾਵ ਰੋਗ ਆਦਿਕਾਂ ਦੀ ਨਵਿਰਤੀ ਹੋ ਜਾਵੇਗੀ, ਮਨ ਦੀ ਸਾਰੀ ਕਲਪਨਾ ਮਿਟ ਜਾਵੇਗੀ ਅਤੇ ਸੀਤਲਤਾ ਹੋ ਜਾਵੇਗੀ।

ਕਾਮਿ ਕਰੋਧਿ ਮੋਹਿ ਵਸਿ ਕੀਆ
ਕਿਰਪਨ ਲੋਭਿ ਪਿਆਰੁ ॥

ਜਿਹੜੇ ਆਦਮੀ ਦਾ ਕਾਮ ਦਾ ਫੁਰਨਾ ਨਾ ਮਿਟਦਾ ਹੋਵੇ, ਮਨ ਵਿਚ ਵਿਸ਼ਿਆਂ ਦਾ ਪ੍ਰਵਾਹ ਹੀ ਚਲਦਾ ਰਹਿੰਦਾ ਹੋਵੇ, ਕਾਮ ਕਰਕੇ ਸਰੀਰ ਅਪਵਿੱਤਰ ਰਹਿੰਦਾ ਹੋਵੇ, ਕ੍ਰੋਧ ਕਰਕੇ ਸੜਦਾ ਹੀ ਰਹਿੰਦਾ ਹੋਵੇ, ਮੋਹ ਦਾ ਮਾਰਿਆ ਹਰ ਸਮੇਂ ਰੋਣੇ ਰੋਂਦਾ ਰਹਿੰਦਾ ਹੋਵੇ ਵਾ: ਮੋਹ ਨੇ ਵਸਿ=ਅਧੀਨ ਕਰ ਲਿਆ ਹੋਵੇ ਅਤੇ ਕਿਰਪਨ=ਸੂਮ ਹੋਵੇ, ਧਨ ਦਾ ਲੋਭਿ=ਲਾਲਚੀ ਹੋਵੇ, ਧਨ ਦੇ ਇਕੱਠੇ ਕਰਨ ਵਿਚ ਪਿਆਰੁ=ਸਨੇਹ ਹੋਵੇ।

ਚਾਰੇ ਕਿਲਵਿਖ ਉਨਿ ਅਘ ਕੀਏ
ਹੋਆ ਅਸੁਰ ਸੰਘਾਰੁ ॥

ਚਾਰੇ=ਚਾਰ ਕਿਲ=ਨਿਸਚੇ ਕਰਕੇ ਵਿਖ=ਜ਼ਹਿਰ ਵਰਗੇ ਦੁੱਖ ਦੇਣ ਵਾਲੇ, ਅਘ=ਪਾਪ ਤੇ ਉਨਿ=ਉਸ ਪੁਰਸ਼ ਨੇ ਕੀਏ=ਕੀਤੇ ਹੋਣ ਅਤੇ ਅਸੁਰ=ਦੈਂਤ ਵਰਗੇ ਸੁਭਾਅ ਵਾਲਾ ਹੋਆ=ਹੋ ਕੇ ਜੀਵਾਂ ਨੂੰ ਸੰਘਾਰੁ=ਮਾਰ ਭਾਵ ਨਾਸ਼ ਕਰਨ ਵਾਲਾ ਹੋਵੇ ਵਾ: ਅਸੁਰ=ਆਸੁਰੀ ਸੰਪਦਾ ਕਰਕੇ ਸੰਘਾਰਿਆ ਹੋਵੇ ਵਾ: ਅਸੁਰ=ਦੈਂਤ ਬੁੱਧੀ ਵਾਲਾ ਮਾਰਨ ਯੋਗ ਹੋਵੇ ਅਰਥਾਤ ਇਹ ਸਤਿਗੁਰਾਂ ਨੇ ਪ੍ਰਮਾਣ ਦਿਤਾ ਹੈ ਜਿਵੇਂ ਹਿੰਦੂ ਧਰਮ ਦੇ ਧਾਰਮਿਕ ਗ੍ਰੰਥਾਂ ਵਿਚ ਗੁਰ ਇਸਤਰੀ ਗਮਨ, ਸ਼ਰਾਬ ਪੀਣ ਵਾਲਾ, ਚੋਰੀ ਕਰਨ ਵਾਲਾ, ਬ੍ਰਾਹਮਣ ਦੇ ਮਾਰਨ ਵਾਲਾ, ਆਦਿ ਕਿਲਵਿਖ ਪਾਪ ਮੰਨੇ ਹਨ। ਗੁਰੂ ਸਾਹਿਬ ਜੀ ਨੇ ਚਾਰ ਬੱਜਰ ਪਾਪ ਮੰਨੇ ਹਨ। ਜਪੀ ਤਪੀ, ਬ੍ਰਹਮ ਗਿਆਨੀ ਦਾ ਮਾਰਨਾ, ਗਊ

ਦਾ ਮਾਰਨਾ, ਕੰਨਿਆ ਮਾਰਨੀ ਜਾਂ ਵੇਚਣੀ, ਵਿਭਚਾਰੀ ਦਾ ਅੰਨ ਖਾਣਾ।

ਪੋਥੀ ਗੀਤ ਕਵਿਤ ਕਿਛੁ
ਕਦੇ ਨ ਕਰਨਿ ਧਰਿਆ ॥

ਪੋਥੀ=ਧਾਰਮਿਕ ਗ੍ਰੰਥ, ਕਾਵਿ ਰਚਨਾ ਵਿਚ ਪਰਮੇਸ਼ਰ ਦਾ ਗੀਤ=ਜੱਸ, ਪ੍ਰਮਾਰਥ ਸੰਬੰਧੀ ਕਵਿਤ=ਕਵਿਤਾ ਆਦਿ ਦਾ ਉਪਦੇਸ਼ ਕਿਛੁ=ਕੁਝ ਵੀ ਕਦੇ ਆਪਣੇ ਕਰਨਿ=ਕੰਨਾਂ ਵਿਚ ਨ = ਨਾ ਧਰਿਆ= ਧਾਰਨ ਕੀਤਾ ਹੋਵੇ।

ਚਿਤਿ ਆਵੈ ਓਸੁ ਪਾਰਬ੍ਰਹਮੁ
ਤਾ ਨਿਮਖ ਸਿਮਰਤ ਤਰਿਆ ॥ ੪ ॥

ਅਗਰ ਉਸ ਨੂੰ ਪਾਰਬ੍ਰਹਮੁ=ਪਰਮੇਸ਼ਰ ਦਾ ਨਾਮ ਚਿਤਿ=ਚੇਤੇ ਆਵੈ=ਆ ਜਾਵੇ ਤਾਂ ਪਰਮੇਸ਼ਰ ਦੇ ਨਾਮ ਦਾ ਐਸਾ ਪ੍ਰਤਾਪ ਹੈ ਕਿ ਨਿਮਖ=ਛਿਨ ਮਾਤਰ ਭਾਵ ਅੱਖ ਦੇ ਖੋਲ੍ਹਣ ਅਤੇ ਬੰਦ ਕਰਨ ਦੇ ਸਮੇਂ ਵਿਚ ਸਿਮਰਤ=ਸਿਮਰਨ ਕਰਨ ਨਾਲ, ਤਰਿਆ=ਤਰ ਜਾਵੇਗਾ। ਜਿਸ ਪ੍ਰਕਾਰ ਅਜਾਮਲ ਅਤੇ ਗਣਕਾ ਆਦਿ ਤਰ ਗਏ ਸਨ।

ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ ॥

ਸਾਸਤ=ਛੇ ਸ਼ਾਸਤਰ (ਸਾਂਖ, ਨਿਆਏ, ਵਿਸੇਖਕ, ਪਤੰਜਲ,ਪੂਰਵ-ਮੀਮਾਂਸਾ,ਵੇਦਾਂਤ) ਸਿੰਮ੍ਰਿਤਿ=ਸਿੰਮ੍ਰਿਤੀਆਂ, ਵਸ਼ਿਸਟ ਮਨੂ, ਯਾਗਵਲਕ ਆਦਿਕ, ਚਾਰ ਬੇਦ=ਸਾਮ, ਯਜੁਰ, ਅਥਰਬਣ, ਰਿਗ ਆਦਿ ਸਾਰੇ ਗ੍ਰੰਥ ਪੜ੍ਹਿਆ ਹੋਵੇ ਅਤੇ ਮੁਖਾਗਰ=ਮੁੱਖ ਅਤੇ ਕੰਠ 'ਚੋਂ ਬਿਨਾਂ ਗ੍ਰੰਥ ਦੇਖੇ ਭਾਵ ਮੂੰਹ ਜ਼ਬਾਨੀ ਬਿਚਰੇ=ਉਚਾਰਨ ਕਰੇ, ਭਾਵ ਇਤਨਾ ਵੱਡਾ ਵਿਦਵਾਨ ਹੋਵੇ।

ਤਪੇ ਤਪੀਸਰ ਜੋਗੀਆ
ਤੀਰਥਿ ਗਵਨੁ ਕਰੇ ॥

ਚਾਹੇ ਤਪੇ=ਤਪ ਕਰਨ ਵਾਲਾ ਹੋਵੇ, ਤਪੀਸਰ=ਧੂਣੀਆਂ ਤਪਾਉਂਦਾ ਹੋਵੇ, ਵਰਤ ਰੱਖਦਾ ਹੋਵੇ, ਜਲ ਧਾਰਾ ਕਰਦਾ ਹੋਵੇ। ਜੋਗੀਆ=ਜੋਗ ਸਾਧਨ ਕਰਨ ਵਾਲਾ, ਦਸਵੇਂ ਦੁਆਰ ਵਿਚ ਸੁਆਸ ਚੜ੍ਹਾਉਣ ਜਾਣਦਾ ਹੋਵੇ, ਇਤਨਾ ਵੱਡਾ ਜੋਗੀ ਕਹਾਉਂਦਾ ਹੋਵੇ। ਇਕੱਲਾ ਤਪਾ ਨਾਮ ਨਾ ਹੋਵੇ। ਤਪ ਕਰਨ ਨੂੰ ਤਪੀਆਂ ਦਾ ਈਸ਼ਰ ਹੋਵੇ ਅਤੇ ਜੋਗ ਸਾਧਨਾ ਕਰਨ ਵਾਲਾ ਹੋਵੇ। ਸਾਰਿਆਂ ਤੀਰਥਾਂ 'ਤੇ ਗਵਨੁ=ਵਿਚਰਨ ਕਰਦਾ ਹੋਵੇ।

ਖਟੁ ਕਰਮਾ ਤੇ ਦੁਗੁਣੇ
ਪੂਜਾ ਕਰਤਾ ਨਾਇ ॥

ਖਟ=ਛੇ ਕਰਮ, ਵਿਦਿਆ ਪੜ੍ਹਨੀ ਤੇ ਪੜ੍ਹਾਉਣੀ, ਦਾਨ ਲੈਣਾ ਤੇ ਦੇਣਾ, ਯੱਗ ਕਰਨਾ ਤੇ ਕਰਾਉਣਾ, ਇਹਨਾਂ ਛੇ ਕਰਮਾਂ ਤੇ=ਤੋਂ ਦੁਗੁਣੇ=ਦੂਣੇ ਭਾਵ ਬਾਰਾਂ ਕਰਮ, ਛੇ ਉਪਰਲੇ ਤੇ ਛੇ ਕਰਮ ਸੰਧਿਆ, ਇਸ਼ਨਾਨ, ਤਰਪਨ, ਗਾਇਤ੍ਰੀ, ਅਥਿਤ ਪੂਜਾ, ਦੇਵ ਅਰਚਨ। ਇਹਨਾਂ ਉਪਰੋਕਤ ਬਾਰਾਂ ਕਰਮਾਂ ਨੂੰ ਨਾਇ=ਨਹਾ ਕੇ ਕਰਦਾ ਹੋਵੇ ਅਤੇ ਠਾਕੁਰਾਂ ਦਾ ਪੂਜਾ=ਪੂਜਨ ਕਰਦਾ ਹੋਵੇ। ਪਰ ਜੋ ਉਸ ਨੂੰ -

ਰੰਗੁ ਨ ਲਗੀ ਪਾਰਬ੍ਰਹਮ
ਤਾ ਸਰਪਰ ਨਰਕੇ ਜਾਇ ॥ ੫ ॥

ਪਾਰਬ੍ਰਹਮ=ਪਰਮੇਸ਼ਰ ਦੇ ਨਾਮ ਦਾ ਚਿੱਤ ਵਿਚ ਰੰਗੁ=ਪ੍ਰੇਮ ਨਹੀਂ ਲੱਗੀ=ਲੱਗਿਆ ਤਾਂ ਐਨੇ ਸਾਧਨ ਕਰਕੇ ਵੀ ਉਹ ਮੁਕਤ ਨਹੀਂ ਹੋ ਸਕਦਾ। ਤਾ=ਉਹ ਸਰਪਰ=ਜ਼ਰੂਰ ਬਰ ਜ਼ਰੂਰ ਨਰਕ ਵਿਚ ਹੀ ਜਾਇ=ਜਾਵੇਗਾ। ਪਰਮੇਸ਼ਰ ਦੇ ਸਿਮਰਨ ਦੀ ਹੀ ਵਡਿਆਈ ਹੈ। ਨਾਮ ਤੋਂ ਬਗੈਰ ਕਿਸੇ ਨੂੰ ਮੁਕਤੀ ਪ੍ਰਾਪਤ ਨਹੀਂ ਹੁੰਦੀ।

ਰਾਜ ਮਿਲਕ ਸਿਕਦਾਰੀਆ
ਰਸ ਭੋਗਣ ਬਿਸਥਾਰ ॥

ਜੇ ਰਾਜ=ਰਜਵਾੜਿਆਂ ਦਾ ਮਾਲਕ, ਮਿਲਕ=ਜਗੀਰਾਂ ਹੋਣ, ਸਿਕਦਾਰੀਆਂ=ਠਾਣੇਦਾਰ ਹੋਵੇ ਭਾਵ ਸਰਦਾਰੀਆਂ ਕਰਨ ਵਾਲਾ ਹੋਵੇ। ਅਨੇਕ ਪ੍ਰਕਾਰ ਦੇ ਰਸ ਖੱਟਾ ਮਿੱਠਾ ਵਾ: 36 ਪ੍ਰਕਾਰ ਦੇ ਬਿਸਥਾਰ=ਫੈਲਾਅ ਪੂਰਬਕ ਰਸਾਂ ਨੂੰ ਭੋਗਣ=ਮਾਨਣ ਵਾਲਾ ਹੋਵੇ।

ਬਾਗ ਸੁਹਾਵੇ ਸੋਹਣੇ
ਚਲੈ ਹੁਕਮੁ ਅਫਾਰ ॥

ਸੁਹਾਵੇ=ਸੋਹਣੇ ਬਾਗ=ਬਗ਼ੀਚਿਆਂ ਵਿਚ ਸੋਹਣੇ ਫੁਹਾਰਿਆਂ, ਫੁੱਲਾਂ ਵਿਚ ਆਪਣੇ ਮਕਾਨ, ਅਟਾਰੀਆਂ ਬਣਾਏ ਹੋਣ ਭਾਵ ਸ਼ੀਸ਼ ਮਹੱਲ ਆਦਿ ਬਣਾਏ ਹੋਣ, ਹੁਕਮ ਵੀ ਐਸਾ ਚਲੈ=ਚੱਲਦਾ ਹੋਵੇ, ਅਫਾਰ=ਕੋਈ ਵੀ ਨਾ ਮੋੜਦਾ ਹੋਵੇ ਵਾ: ਹੁਕਮ ਚੱਲਦਾ ਹੋਵੇ, ਹੰਕਾਰ ਵਿਚ ਵੀ ਆਫਰਿਆ ਹੋਵੇ।

ਰੰਗ ਤਮਾਸੇ ਬਹੁ ਬਿਧੀ
ਚਾਇ ਲਗਿ ਰਹਿਆ ॥

ਬਹੁ=ਬਹੁਤ, ਬਿਧੀ=ਬਿਧੀਆਂ ਕਰਕੇ, ਰੰਗ=ਖੁਸ਼ੀ ਨਾਲ ਵੇਸਵਾ ਦੇ ਨਾਚ, ਨਟਾਂ ਦੇ ਤਮਾਸ਼ੇ ਤੇ ਪਹਿਲਵਾਨਾਂ ਦੀਆਂ ਕੁਸ਼ਤੀਆਂ ਆਦਿ ਵੇਖਣ ਦੇ

ਚਾਇ=ਉਤਸ਼ਾਹ ਵਿਚ, ਲਗਿ=ਲੱਗਿਆ, ਰਹਿਆ=ਰਹਿੰਦਾ ਹੋਵੇ।

ਚਿਤਿ ਨ ਆਇਓ ਪਾਰਬ੍ਰਹਮੁ
ਤਾ ਸਰਪ ਕੀ ਜੂਨਿ ਗਇਆ ॥ ੬ ॥

ਅਜਿਹੇ ਐਸ਼ੋ-ਇਸ਼ਰਤ ਕਰਨ ਵਾਲੇ ਪੁਰਖ ਨੂੰ ਜੇ ਪਾਰਬ੍ਰਹਮੁ=ਪਰਮੇਸ਼ਰ ਚਿਤਿ=ਚੇਤੇ ਨਹੀਂ ਆਇਓ=ਆਉਂਦਾ, ਤਾ ਸਰਪ=ਸੱਪ, ਕੀ=ਦੀ ਜੂਨ ਵਿਚ ਗਇਆ=ਜਾਵੇਗਾ। ਜਿਵੇਂ ਨੀਖ ਰਾਜਾ ਰਿਖੀਆਂ ਦੇ ਸਰਾਪ ਕਰਕੇ ਸਵਰਗ ਵਿਚੋਂ ਸੱਪ ਬਣ ਕੇ ਡਿੱਗਿਆ ਸੀ। ਇਸ ਪ੍ਰਕਾਰ ਉਹ ਸਰਪ-ਸਰਪ ਕਹਿੰਦਾ ਸੀ। ਸੰਸਕ੍ਰਿਤ ਵਿਚ ਸਰਪ ਨਾਮ ਸ਼ੀਘਰ ਦਾ ਹੈ ਭਾਵ ਛੇਤੀ ਚੱਲਣਾ ਕਰੋ। ਰਿਖੀਆਂ ਨੇ ਕਿਹਾ ਕਿ ਕਾਮੀਆ, ਤੂੰ ਸਰਪ ਬਣ, ਅਸੀਂ ਕਿਉਂ ਬਣੀਏ? ਇਸ ਕਰਕੇ ਸੱਪ ਦੀ ਜੂਨੀ ਵਿਚ ਪਿਆ ਸੀ। ਜੋ ਮਾਇਆ ਦਾ ਮੋਹ ਕਰਦਾ ਹੈ, ਉਹ ਵੀ ਸੱਪ ਦੀ ਜੂਨ ਨੂੰ ਪ੍ਰਾਪਤ ਕਰਦਾ ਹੈ।

ਬਹੁਤੁ ਧਨਾਢਿ ਅਚਾਰਵੰਤੁ
ਸੋਭਾ ਨਿਰਮਲ ਰੀਤਿ ॥

ਚਾਹੇ ਬਹੁਤੁ ਧਨਾਢਿ=ਦੌਲਤਮੰਦ ਹੋਵੇ ਵਾ: (ਧਨ+ਆਦਿ) ਧਨ=ਧਨੀਆਂ ਦਾ ਆਢਿ=ਆਸਰਾ ਹੋਵੇ। ਸ਼ਾਹੂਕਾਰ ਹੋਵੇ, ਕਰੋੜਾਂਪਤੀ ਹੋਵੇ। ਅਚਾਰਵੰਤੁ=ਸ੍ਰੇਸ਼ਟਾਚਾਰ ਵਾਲਾ ਹੋਵੇ ਵਾ: ਚੰਗੇ ਅਚਾਰ ਵਾਲਾ ਹੋਵੇ, ਅਚਾਰਵੰਤੀ ਹੋਵੇ। ਨਿਰਮਲ=ਪਵਿੱਤਰ ਚੰਗੀ ਰੀਤਿ=ਮਰਯਾਦਾ ਹੋਵੇ। ਸੰਬੰਧੀਆਂ ਵਿਚ ਸੋਭਾ=ਵਡਿਆਈ ਵੀ ਹੋਵੇ।

ਮਾਤ ਪਿਤਾ ਸੁਤ ਭਾਈਆ
ਸਾਜਨ ਸੰਗਿ ਪਰੀਤਿ ॥

ਮਾਤ=ਮਾਤਾ, ਪਿਤਾ ਸੁਤ=ਪੁੱਤਰਾਂ ਤੇ ਭਾਈਆਂ=ਭਰਾਵਾਂ ਅਤੇ ਪਿਆਰੇ ਸਾਜਨ=ਮਿੱਤਰਾਂ ਦੇ ਸੰਗਿ=ਨਾਲ ਪਰੀਤਿ=ਪ੍ਰੇਮ ਹੋਵੇ।

ਲਸਕਰ ਤਰਕਸ ਬੰਦ ਬੰਦ
ਜੀਉ ਜੀਉ ਸਗਲੀ ਕੀਤ ॥

ਚਾਰ ਪ੍ਰਕਾਰ ਦੀਆਂ ਫੌਜਾਂ (ਪੈਦਲ, ਘੋੜ ਸਵਾਰ, ਹਾਥੀਆਂ ਤੇ ਰੱਥਾਂ ਵਾਲੀਆਂ) ਲਸ਼ਕਰ=ਫੌਜਾਂ ਤੀਰ ਕਮਾਨ ਤਰਕਸ=ਭੱਥੇ ਆਦਿ ਸ਼ਸਤਰਾਂ ਨੂੰ ਬੰਦ=ਬੰਨ੍ਹ ਕੇ, ਬੰਦ=ਨਮਸ਼ਕਾਰਾਂ ਕਰਦੀਆਂ ਹੋਣ ਅਤੇ ਸਗਲੀ=ਸਾਰੀ ਦੁਨੀਆਂ ਜੀਉ-ਜੀਉ=ਜੀ ਜੀ ਕੀਤ=ਕਰਦੀ ਹੋਵੇ, ਭਾਵ ਸਭ ਸਤਿਕਾਰ ਕਰਨ ਵਾਲੇ ਹੋਣ, ਕੋਈ ਵੀ ਨਿਰਾਦਰ ਕਰਨ ਵਾਲਾ ਨਾ ਹੋਵੇ।

ਚਿਤਿ ਨ ਆਇਓ ਪਾਰਬ੍ਰਹਮੁ
ਤਾ ਖੜਿ ਰਸਾਤਲਿ ਦੀਤ ॥ ੭ ॥

ਦੁਨੀਆਂ ਵਿਚ ਐਸੇ ਆਦਰ ਸਤਿਕਾਰ ਪ੍ਰਾਪਤ ਕਰਨ ਵਾਲੇ ਪੁਰਸ਼ ਨੂੰ ਜੇਕਰ ਪਾਰਬ੍ਰਹਮੁ=ਪਰਮੇਸ਼ਰ ਹਿਰਦੇ ਵਿਚ ਚਿਤਿ=ਚੇਤੇ ਨਾ ਆਇਓ=ਆਇਆ ਤਾਂ ਐਸੇ ਪੁਰਸ਼ ਨੂੰ ਰਸਾਤਲਿ=ਨਰਕ ਦੇ ਵਿਚ ਖੜਿ=ਲਿਜਾ ਕੇ ਦੀਤ=ਦਿਤਾ (ਮਾਝੇ ਦੀ ਬੋਲੀ ਵਿਚ ਲੈ ਜਾਣ ਨੂੰ ਖੜਨਾ ਕਹਿੰਦੇ ਹਨ) ਜਾਂਦਾ ਹੈ। ਧਰਤੀ ਦੇ ਛੇਵੇਂ ਪਾਤਾਲ ਦਾ ਨਾਮ ਰਸਾਤਲ ਹੈ।

ਕਾਇਆ ਰੋਗੁ ਨ ਛਿਦ੍ਰੁ ਕਿਛੁ
ਨਾ ਕਿਛੁ ਕਾੜਾ ਸੋਗੁ ॥

ਕਾਇਆ=ਸਰੀਰ ਨੂੰ ਕਿਛੁ=ਕੋਈ ਵੀ ਰੋਗੁ=ਦੁੱਖ ਨਾ ਲੱਗਿਆ ਹੋਵੇ, ਨਾ ਕੋਈ ਛਿਦ੍ਰੁ=ਦੋਸ਼ ਲੱਗਿਆ ਹੋਵੇ, ਨਾ ਹੀ ਕਾੜਾ=ਝੋਰਾ ਤੇ ਨਾ ਹੀ ਸੋਗੁ=ਗ਼ਮ ਜਾਂ ਫ਼ਿਕਰ ਲੱਗਿਆ ਹੋਵੇ ਭਾਵ ਜ਼ਬਾਨ ਨਾ ਥਥਲਾਂਦੀ ਹੋਵੇ, ਕੰਨ ਨਾ ਪਾਟੇ ਹੋਣ, ਨੱਕ ਨਾ ਵੱਢਿਆ ਹੋਵੇ, ਲੱਤ ਛੋਟੀ ਵੱਡੀ ਨਾ ਹੋਵੇ, ਦੰਦ ਨਾ ਉਖੜੇ ਹੋਣ।

ਮਿਰਤੁ ਨ ਆਵੀ ਚਿਤਿ ਤਿਸੁ
ਅਹਿਨਿਸਿ ਭੋਗੈ ਭੋਗੁ ॥

ਤਿਸ ਵੇਪ੍ਰਵਾਹ ਵਿਅਕਤੀ ਨੂੰ ਮਿਰਤਿ=ਮੌਤ ਚਿਤਿ=ਚੇਤੇ ਹੀ ਨਾ ਆਵੀ=ਆਉਂਦੀ ਹੋਵੇ ਤੇ ਅਹਿਨਿਸ=ਰਾਤ ਦਿਨ ਪਦਾਰਥਾਂ ਦੇ ਭੋਗਾਂ ਨੂੰ ਨਿਸ਼ੰਗ ਹੋ ਕੇ ਭੋਗੈ=ਭੋਗਦਾ ਹੋਵੇ।

ਸਭ ਕਿਛੁ ਕੀਤੋਨੁ ਆਪਣਾ
ਜੀਇ ਨ ਸੰਕ ਧਰਿਆ ॥

ਜਿਸ ਨੇ ਸਭ=ਸਾਰਾ ਕਿਛੁ=ਕੁਝ ਆਪਣਾ ਹੀ ਕੀਤੋਨੁ=ਬਣਾ ਲਿਆ ਹੋਵੇ ਕਿ ਮੇਰੀ ਹੀ ਦੁਨੀਆਂ ਹੈ ਅਤੇ ਜੀਇ=ਹਿਰਦੇ ਦੇ ਵਿਚ ਕੋਈ ਵੀ ਸੰਕ=ਸ਼ੰਕਾ ਨਾ ਧਾਰਦਾ ਹੋਵੇ।

ਚਿਤਿ ਨ ਆਇਓ ਪਾਰਬ੍ਰਹਮੁ
ਜਮਕੰਕਰ ਵਸਿ ਪਰਿਆ ॥ ੮ ॥

ਜੇਕਰ ਐਸੇ ਅਮੀਰ ਆਦਮੀ ਦੇ ਪਾਰਬ੍ਰਹਮੁ=ਪਰਮੇਸ਼ਰ ਚਿਤਿ=ਚੇਤੇ ਨਾ ਆਇਓ=ਆਇਆ ਤਾਂ ਉਹ ਜਮਕੰਕਰ=ਜਮਦੂਤਾਂ ਦੇ ਵਸ ਪਰਿਆ=ਪੈ ਜਾਂਦਾ ਹੈ। ਭਾਵੇਂ ਇਸ ਪ੍ਰਕਾਰ ਪਿਛਲੀਆਂ ਪਉੜੀਆਂ ਵਿਚ ਘਾਟਾ ਦੱਸਿਆ ਹੈ ਕਿ ਪਰਮੇਸ਼ਰ ਦੇ ਸਿਮਰਨ ਤੋਂ ਬਿਨਾਂ ਕਿੰਨਾ ਵੀ ਧਨੀ ਹੋਵੇ, ਕਿੱਡਾ ਵਿਦਵਾਨ ਹੋਵੇ, ਤਪੀਆ ਹੋਵੇ, ਜੋਗੀ

ਹੋਵੇ, ਤੀਰਥ ਯਾਤਰੂ ਹੋਵੇ, ਬਾਗ਼ ਬਗ਼ੀਚੀ ਬਣਾਉਣ ਜਾਣਦਾ ਹੋਵੇ, ਬੜੀਆਂ ਫ਼ੌਜਾਂ ਦਾ ਮਾਲਕ ਹੋਵੇ, ਫਿਰ ਵੀ ਉਹ ਵਾਹਿਗੁਰੂ ਦੇ ਭੁਲਣੇ ਕਰਕੇ ਨਰਕਾਂ ਵਿਚ ਜਮਾਂ ਦੇ ਵਸ ਪੈਂਦਾ ਹੈ। ਹੁਣ ਸਤਿਗੁਰੂ ਸਾਹਿਬ ਜੀ ਨੌਵੀਂ ਪਉੜੀ ਵਿਚ ਫ਼ੈਸਲਾ ਕਰਦੇ ਹੋਏ ਐਸਾ ਫੁਰਮਾਨ ਕਰਦੇ ਹਨ –

ਕਿਰਪਾ ਕਰੇ ਜਿਸੁ ਪਾਰਬ੍ਰਹਮੁ
ਹੋਵੈ ਸਾਧੂ ਸੰਗੁ ॥

ਜਿਨ੍ਹਾਂ ਉਤੇ ਪਾਰਬ੍ਰਹਮੁ=ਪਰਮੇਸ਼ਰ ਵਾਹਿਗੁਰੂ ਆਪਣੀ ਕ੍ਰਿਪਾ ਦ੍ਰਿਸ਼ਟੀ ਕਰ ਦੇਵੇ, ਉਹਨਾਂ ਨੂੰ ਸ੍ਰੇਸ਼ਟ ਮਹਾਂਪੁਰਖਾਂ ਦੀ ਵਾ: ਮਨ ਨੂੰ ਸਾਧਣ ਵਾਲੇ ਪੁਰਖਾਂ ਦੀ ਸੰਗਤ ਪ੍ਰਾਪਤ ਹੋਵੇ=ਹੁੰਦੀ ਹੈ।

ਜਿਉ ਜਿਉ ਓਹੁ ਵਧਾਈਐ
ਤਿਉ ਤਿਉ ਹਰਿ ਸਿਉ ਰੰਗੁ ॥

ਜਿਉ ਜਿਉ=ਜਿਵੇਂ-ਜਿਵੇਂ ਓਹੁ=ਉਹ ਪੁਰਸ਼ ਸਤਿਸੰਗਤ ਦੇ ਨਾਲ ਸ਼ਰਧਾ ਵਧਾਈਐ=ਵਧਾਉਣੀ ਕਰੇਗਾ, ਤਿਉ=ਤਿਉ=ਤਿਵੇਂ-ਤਿਵੇਂ ਉਸ ਨੂੰ ਹਰਿ=ਹਰੀ ਪਰਮੇਸ਼ਰ ਦੇ ਸਿਉ=ਨਾਲ ਰੰਗੁ=ਪ੍ਰੇਮ ਹੋ ਜਾਵੇਗਾ ਵਾ: ਸਤਿਸੰਗਤ ਦੇ ਫਲ ਦੀ ਪ੍ਰਾਪਤੀ ਕਰਕੇ ਅਕਾਲ ਪੁਰਖ ਦੇ ਅਨੰਦ ਸਰੂਪ ਦੀ ਪ੍ਰਾਪਤੀ ਦਾ ਰੰਗ ਚੜ੍ਹ ਜਾਵੇਗਾ।

ਦੁਹਾ ਸਿਰਿਆ ਕਾ ਖਸਮੁ ਆਪਿ
ਅਵਰੁ ਨ ਦੂਜਾ ਥਾਉ ॥

ਦੁਹਾ ਸਿਰਿਆ=ਦੋਹਾਂ ਸਿਰੇ ਭਾਵ ਲੋਕ ਪ੍ਰਲੋਕ ਵਾ: ਉਤਪਤੀ ਪਰਲੋਂ, ਅਮੀਰੀ ਗ਼ਰੀਬੀ ਆਦਿ ਸਾਰਿਆਂ ਕਾ=ਦਾ ਖਸਮੁ=ਮਾਲਕ ਪਰਮੇਸ਼ਰ ਆਪ ਹੀ ਹੈ। ਉਸ ਤੋਂ ਬਿਨਾਂ ਅਵਰੁ=ਹੋਰ ਕੋਈ ਦੂਜਾ ਥਾਉ=ਟਿਕਾਣਾ ਨਹੀਂ ਹੈ।

ਸਤਿਗੁਰ ਤੁਠੈ ਪਾਇਆ
ਨਾਨਕ ਸਚਾ ਨਾਉ ॥ ੯ ॥ ੧ ॥ ੨੬ ॥

ਹੇ ਭਾਈ! ਜਿਨ੍ਹਾਂ ਉਪਰ ਸਤਿਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਸਾਹਿਬ ਜੀ) ਤੁਠੈ=ਪ੍ਰਸੰਨ ਹੋਏ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਨੇ ਸੱਚੇ ਪਰਮੇਸ਼ਰ ਦਾ ਨਾਉ=ਨਾਮ ਪ੍ਰਾਪਤ ਕੀਤਾ ਹੈ। ਉਨ੍ਹਾਂ ਨੂੰ ਹੀ ਪ੍ਰਮੇਸ਼ਰ ਦਾ ਨਾਮ ਯਾਦ ਆਉਂਦਾ ਹੈ। ਉਨ੍ਹਾਂ ਦੇ ਸਾਰੇ ਦੁੱਖ ਕਲੇਸ਼ ਮਿਟ ਜਾਂਦੇ ਹਨ।

*(ਪੰਨਾ 47 ਦੀ ਬਾਕੀ)*

*ਜਦੋਂ ਜੱਲਾਦ ਨੇ ਸੁਣਿਆ ਤਾਂ ਕਹਿੰਦਾ ਹੈ*
*ਕਿ ਤੁਹਾਨੂੰ ਦਰਦ ਦੇ ਪਿਆਲੇ ਵੀ ਜਾਮ ਲਗਦੇ ਹਨ?*
*ਸੂਲ ਸੁਰਾਹੀ ਖ਼ੰਜਰ ਪਿਆਲਾ ਜਿਸ ਨੇ ਆ ਸੁਣਾਇਆ ਹੈ।*
*ਕਸਾਈਆਂ ਦਾ ਸਹਿਣਾ*
*ਜਿਸ ਨੇ ਸਦ ਇਸ਼ਕ ਦਾ ਲਾਇਆ ਹੈ।*
*ਉਸ ਮੁਰਸ਼ਦ ਦੇ ਚੇਲੇ ਹਾਂ ਇਹ ਸਾਬਤ ਕਰ ਦਿਖਾਲਾਵਾਂਗੇ।*
*ਸੁਣ ਐ ਕਾਤਲ ਅਸੀਂ ਰਲ ਮਿਲ*
*ਦੋਵੇਂ ਅਜਬ ਤਮਾਸ਼ਾ ਲਾਵਾਂਗੇ।*

ਭਾਈ ਸਾਹਿਬ ਦੇ ਬੰਦ ਕੱਟਣ ਲੱਗੇ। ਜੱਲਾਦ ਦੇ ਭਾਣੇ ਕਿ ਚਾਰ ਟੁਕੜੇ ਕਰਨੇ ਹਨ। ਜਦੋਂ ਟੋਕਾ ਚਲਾਉਣ ਲੱਗਾ ਤਾਂ ਭਾਈ ਸਾਹਿਬ ਨੇ ਹੱਥ ਫੜ ਕੇ ਕਿਹਾ ਕਿ ਬੰਦ ਇਥੋਂ ਸ਼ੁਰੂ ਹੁੰਦਾ ਹੈ। ਕਹਿੰਦੇ ਹਨ ਜਦੋਂ ਭਾਈ ਸਾਹਿਬ ਦੇ ਬੰਦ 'ਤੇ ਪਹਿਲਾ ਟੋਕਾ ਮਾਰਿਆ ਤਾਂ ਇਧਰੋਂ ਸ਼ੁਰੂ ਹੋ ਗਿਆ –

*ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥*
*ਸਤਿਗੁਰਏ ਨਮਹ ॥ ਸ੍ਰੀ ਗੁਰਦੇਵਏ ਨਮਹ ॥ ਅੰਗ- ੨੬੨*

ਉਹ ਸੁੱਖ ਦੇ ਗੀਤ ਗਾ ਰਹੇ ਹਨ। ਬੰਦ-ਬੰਦ ਕੱਟਿਆ ਗਿਆ। ਕਿਸੇ ਨੇ ਕਿਹਾ, ਅਜੇ ਵੀ ਸਮਾਂ ਹੈ, ਸਰੀਰ ਬਚਾ ਲੈ। ਰਤਨ ਸਿੰਘ ਭੰਗੂ ਨੇ ਉਥੇ ਦੋ ਤੁਕਾਂ ਲਿਖੀਆਂ। ਕਹਿਣ ਲੱਗੇ –

*ਦੇਹੀ ਕਿਸ ਕੀ ਬਾਪਰੀ ਜੇ ਸਿਖੀ ਸਾਬਤ ਹੋਏ।*
*ਦੇਹੀ ਤੇ ਆਵਣ ਜਾਣ ਹੈ ਸਿਖੀ ਮਿਲੈ ਕਬ ਕੋਏ।*

ਭਾਈ ਸਾਹਿਬ ਦਾ ਬੰਦ-ਬੰਦ ਕੱਟ ਦਿਤਾ ਗਿਆ। ਆਪ ਸੁਖਮਨੀ ਸਾਹਿਬ ਗਾਉਂਦੇ ਗਏ। ਭਾਈ ਮਨੀ ਸਿੰਘ ਜੀ ਨੇ ਸ਼ਹਾਦਤ ਦਾ ਜਾਮ ਪੀਤਾ। ਦਾਦਾ ਵੀ ਸ਼ਹੀਦ ਹੋਇਆ। 12 ਭਰਾ ਸਨ। ਭਾਈ ਮਨੀ ਸਿੰਘ ਸਮੇਤ 11 ਭਰਾਵਾਂ ਨੇ ਸ਼ਹਾਦਤ ਦਾ ਜਾਮ ਪੀਤਾ। ਭਾਈ ਮਨੀ ਸਿੰਘ ਜੀ ਦੇ 10 ਪੋਤਰੇ ਸਨ। ਦੱਸੇ ਦੇ ਦੱਸੇ ਪੋਤਰਿਆਂ ਨੇ ਸ਼ਹਾਦਤ ਦਾ ਜਾਮ ਪੀਤਾ।

ਪਿਆਰੇ ਗੁਰਸਿੱਖੋ! ਜਦੋਂ ਵੀ ਅਸੀਂ ਅਰਦਾਸ ਕਰਦੇ ਹਾਂ ਤਾਂ ਸਾਨੂੰ ਉਸ ਮਹਾਨ ਸਹੀਦ ਨੂੰ ਜ਼ਰੂਰ ਯਾਦ ਕਰਨਾ ਚਾਹੀਦਾ ਹੈ। ਉਸ ਕਰਨੀ ਵਾਲੇ ਦਾ ਹਮੇਸ਼ਾ ਧਿਆਨ ਧਰਨਾ ਚਾਹੀਦਾ ਹੈ, ਜਿਨ੍ਹਾਂ ਨੇ ਬੰਦ-ਬੰਦ ਕਟਵਾਏ, ਪਰ ਸਿੱਖੀ ਸਿਦਕ ਤੋਂ ਨਹੀਂ ਡੋਲੇ। ਸਤਿਗੁਰੂ ਮੇਹਰ ਕਰਨ ਤਾ ਕਿ ਅਸੀਂ ਵੀ ਇਨ੍ਹਾਂ ਕਰਨੀ ਵਾਲਿਆਂ ਦੇ ਜੀਵਨ ਤੋਂ ਕੁਝ ਸੇਧ ਲੈ ਸਕੀਏ। ਏਨੀਆਂ ਹੀ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਭੁੱਲਾਂ ਬਖਸ਼ ਦੇਣੀਆਂ।

# ਪ੍ਰਗਟਿਓ ਖਾਲਸਾ

*ਪ੍ਰੋ. ਗੁਰਦੇਵ ਸਿੰਘ*

## 4. ਪਹਾੜੀ ਰਾਜਿਆਂ ਦੀ ਪਰਖ

ਸਤਿਗੁਰੂ ਜੀ ਨੇ ਛੋਟੀਆਂ ਛੋਟੀਆਂ ਰਿਆਸਤਾਂ ਦੀ ਰਾਜਸੀ ਸਤਾ ਰੱਖਣ ਵਾਲੇ ਜੋ ਰਾਜੇ ਸਨ, ਉਨ੍ਹਾਂ ਨੂੰ ਵੀ ਦੇਸ਼ ਦੀ ਨਿਘਰਦੀ ਹੋਈ ਧਾਰਮਿਕ ਅਤੇ ਸਮਾਜਿਕ ਦਸ਼ਾ ਬਾਰੇ ਜਾਣੂ ਕਰਾ ਕੇ ਪ੍ਰੇਰਨ ਦਾ ਉਪਰਾਲਾ ਕੀਤਾ ਤਾਕਿ ਇਨ੍ਹਾਂ ਦੀ ਸੁੱਤੀ ਅਣਖ ਜਗਾਈ ਜਾਵੇ। ਹੋ ਸਕਦਾ ਹੈ, ਸ਼ਾਇਦ ਇਹ ਵੀ ਜ਼ੁਲਮੀ ਰਾਜ ਨੂੰ ਖਤਮ ਕਰਨ ਲਈ, ਦੇਸ਼, ਧਰਮ ਤੇ ਕੌਮ ਲਈ ਕੁਝ ਯੋਗਦਾਨ ਪਾਉਣਗੇ। ਸਤਿਗੁਰੂ ਜੀ ਨੇ ਪਹਾੜੀ ਰਾਜਿਆਂ ਨੂੰ ਸਮਝਾਇਆ ਕਿ ਐਸ ਵੇਲੇ ਸਾਰੇ ਇਕ ਜੁਟ ਹੋ ਕੇ ਰਲ ਕੇ ਚੱਲੋ ਤਾ ਕਿ ਸਦੀਆਂ ਤੋਂ ਗਲ ਪਈ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਸੁਟੀਏ ਪਰ ਉਨ੍ਹਾਂ ਨੂੰ ਕੇਵਲ ਆਪਣੇ ਨਿਜੀ ਸਵਾਰਥਾਂ ਦਾ ਅਤੇ ਰਿਆਸਤਾਂ ਦੀ ਰਾਜ ਸੱਤਾ ਦਾ ਹੀ ਫਿਕਰ ਸੀ। ਉਨ੍ਹਾਂ ਦੇ ਅੰਦਰ ਦੇਸ਼-ਕੌਮ ਵਾਸਤੇ ਆਪਾ ਨਿਛਾਵਰ ਕਰਨ ਦਾ ਕੋਈ ਜਜ਼ਬਾ ਨਹੀਂ ਸੀ। ਇਹ ਵੀ ਪਰਖ ਕੇ ਦੇਖ ਲਏ ਪਰ ਕੱਚੇ ਨਿਕਲੇ ਕਿਉਂਕਿ ਦੇਸ਼ ਦੀ ਦੁਖੀ ਜਨਤਾ ਨਾਲ ਇਨ੍ਹਾਂ ਨੂੰ ਕੋਈ ਹਮਦਰਦੀ ਨਹੀਂ ਸੀ। ਇਨ੍ਹਾਂ ਵਿਚ ਕਈ ਰਾਜੇ ਚੰਗੇ ਵੀ ਸਨ ਪਰ ਉਹ ਸਾਹਸ ਤੋਂ ਹੀਣੇ ਸਨ।

ਭਗਤ ਰਤਨਾਵਲੀ ਵਿਚ ਲਿਖਿਆ ਹੈ ਕਿ ਇਕ ਵਾਰ ਜਦੋਂ ਇਹ ਰਾਜੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ ਤਾਂ ਗੁਰੂ ਜੀ ਦੇ ਦਰਬਾਰ ਦਾ ਅਤੇ ਸਿੰਘਾਂ ਦੇ ਜਲੌਅ-ਜਲਾਲ ਦੇਖ ਕੇ ਬਹੁਤ ਪ੍ਰਭਾਵਿਤ ਹੋਏ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਖੰਡੇ ਦੀ ਪਾਹੁਲ ਲੈ ਕੇ ਤੁਸੀਂ ਵੀ ਵਾਹਿਗੁਰੂ ਦੀ ਸਿੱਖੀ ਧਾਰਨ ਕਰ ਲਵੋ । ਸਾਰੇ ਹੱਥ ਜੋੜ ਕੇ ਕਹਿਣ ਲੱਗੇ ਮਹਾਰਾਜ ਜੀ! ਸਾਨੂੰ ਧੋਤੀ, ਬੋਦੀ, ਜਨੇਊ ਅਤੇ ਸਾਡੇ ਜਾਤ-ਵਰਨ ਵਿਚ ਹੀ ਰਹਿਣ ਦਿਓ। ਸਤਿਗੁਰੂ ਜੀ ਕਹਿੰਦੇ ਪ੍ਰੇਮੀ ਜਨੋ! ਅਸੀਂ ਤਾਂ ਤੁਹਾਡੇ ਸ੍ਰੀ ਸਾਹਿਬ (ਕਿਰਪਾਨ) ਦਾ ਜਨੇਊ; ਸਵੈ ਰੱਖਿਆ ਲਈ, ਗਊ-ਗਰੀਬ ਉਤੇ ਕਿਰਪਾ ਲਈ ਅਤੇ ਰਾਜ ਵਾਸਤੇ। ਗਿਆਨ ਦਾ ਜਨੇਊ; ਜਨਮ-ਮਰਨ ਕੱਟਣ ਲਈ ਪਾਉਣਾ ਸੀ ਪਰ ਤੁਸੀਂ ਇਹ ਵਡਿਆਈ ਸਹਾਰ ਨਹੀਂ ਸਕਦੇ। ਅਸੀਂ ਤਾਂ ਚਾਰੇ ਵਰਨਾਂ ਨੂੰ ਸ਼ਸਤਰ ਫੜਾ ਕੇ ਅਧਰਮੀ ਰਾਜਿਆਂ ਤੇ ਮਲੇਸ਼ਾਂ ਦੇ ਜ਼ੁਲਮ ਦਾ ਖਾਤਮਾ ਕਰਨਾ ਹੈ ਕਿਉਂਕਿ ਸਾਡੀ ਡਿਊਟੀ ਅਕਾਲਪੁਰਖ ਵਲੋਂ ਲੱਗੀ ਹੈ -

*ਜਹਾਂ ਤਹਾਂ ਤੁਮ ਧਰਮ ਬਿਥਾਰੋ ॥*
*ਦੁਸਟ ਦੋਖੀਅਨਿ ਪਕਰਿ ਪਛਾਰੋ ॥* *ਸ੍ਰੀ ਦਸਮ ਗ੍ਰੰਥ*

ਇਨ੍ਹਾਂ ਰਾਜਿਆਂ ਨੇ ਮਦਦ ਤਾਂ ਕੀ ਕਰਨੀ ਸੀ ਸਗੋਂ ਹਰ ਮੌਕੇ ਤੇ ਔਰੰਗਜ਼ੇਬ ਦੇ ਪਿੱਠੂ ਬਣਕੇ, ਧਰਮ ਯੁੱਧਾਂ ਵਿਚ ਗੁਰੂ ਜੀ ਦੀ ਵਿਰੋਧਤਾ ਕਰਦੇ ਰਹੇ ਅਤੇ ਇਨ੍ਹਾਂ ਨੇ ਹਮੇਸ਼ਾ ਮੁਗਲ ਹਾਕਮਾਂ ਦਾ ਹੀ ਸਾਥ ਦਿਤਾ ਕਿਉਂਕਿ ਇਹ ਵੀ ਸਵੈਮਾਨ ਵਜੋਂ ਖੋਖਲੇ ਹੋ ਚੁਕੇ ਸੀ । ਅਕ੍ਰਿਤਘਣ ਹੋ ਕੇ ਇਹ ਵੀ ਭੁੱਲ ਗਏ ਕਿ ਕਿਸੇ ਸਮੇਂ ਸਤਿਗੁਰੂ ਛੇਵੇਂ ਪਾਤਸ਼ਾਹ ਜੀ ਨੇ ਸਾਡੇ ਵਡੇਰਿਆਂ ਨੂੰ ਗਵਾਲੀਅਰ ਦੇ ਕਿਲੇ ਵਿਚੋਂ ਜਹਾਂਗੀਰ ਬਾਦਸ਼ਾਹ ਦੀ ਕੈਦ ਤੋਂ ਮੁਕਤ ਹੀ ਨਹੀਂ ਕਰਵਾਇਆ ਸਗੋਂ ਰਾਜ-ਭਾਗ ਵੀ ਵਾਪਿਸ ਦਿਵਾਏ ਸੀ। ਉਨ੍ਹਾਂ ਅੰਦਰ ਦੇਸ਼-ਧਰਮ ਤੇ ਕੌਮ ਦੀ ਭਲਾਈ ਵਾਸਤੇ ਕੋਈ ਉਤਸ਼ਾਹ ਤੇ ਜ਼ਜ਼ਬਾ ਨਹੀਂ ਸੀ। ਇਸ ਕਰਕੇ ਉਸ ਵੇਲੇ ਦੇ ਰਾਜਸੀ ਸੱਤਾ ਰੱਖਣ ਵਾਲੇ ਰਾਜੇ ਵੀ ਇਸ ਪਰਖ ਵਿਚ ਪੂਰੇ ਨਹੀਂ ਉਤਰੇ, ਇਹ ਰਾਜੇ ਵੀ ਫੇਲ੍ਹ ਹੋ ਗਏ ।

---

*(ਬਾਕੀ ਪੰਨਾ 55 'ਤੇ)*

ਭਗਤ ਹੀ ਮਾਣਦੇ ਹਨ। ਇਥੇ ਅਨੰਦ ਹੀ ਅਨੰਦ ਹੈ। ਅਨੰਦ ਤੋਂ ਬਿਨਾਂ ਕਿਸੇ ਵਿਕਾਰ ਆਦਿ ਦੀ ਇਥੇ ਲੇਸ ਤਕ ਨਹੀਂ ਹੁੰਦੀ। ਇਥੇ ਗੀਤ ਸੰਗੀਤ ਦੀਆਂ ਮਿੱਠੀਆਂ-ਧੁਨੀਆਂ ਅਨੰਦਿਤ ਕਰਦੀਆਂ ਰਹਿੰਦੀਆਂ ਹਨ। ਐਸਾ ਪਵਿੱਤਰ ਫੁਰਮਾਨ ਗੁਰੂ ਅਰਜਨ ਦੇਵ ਜੀ ਕਰਦੇ ਹਨ -

*ਸੁਖ ਮਹਲ ਜਾ ਕੇ ਊਚ ਦੁਆਰੇ ॥*
*ਤਾ ਮਹਿ ਵਾਸਹਿ ਭਗਤ ਪਿਆਰੇ ॥ ੧ ॥*
*ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥*
*ਵਿਰਲੈ ਕਾਹੂ ਨੇਤ੍ਰਹੁ ਡੀਠੀ ॥ ੧ ॥ ਰਹਾਉ ॥*
*ਤਹ ਗੀਤ ਨਾਦ ਅਖਾਰੇ ਸੰਗਾ ॥*
*ਊਹਾ ਸੰਤ ਕਰਹਿ ਹਰਿ ਰੰਗਾ ॥ ੨ ॥*
*ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥*
*ਸਾਚ ਨਾਮ ਕੀ ਅੰਮ੍ਰਿਤ ਵਰਖਾ ॥ ੩ ॥*
*ਗੁਹਜ ਕਥਾ ਇਹ ਗੁਰ ਤੇ ਜਾਣੀ ॥*
*ਨਾਨਕੁ ਬੋਲੈ ਹਰਿ ਹਰਿ ਬਾਣੀ ॥* *ਅੰਗ- ੭੩੯*

# ਜ਼ਰੂਰੀ ਸੂਚਨਾ

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਸੰਨਿਮਰ ਬੇਨਤੀ ਹੈ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।



ਸੱਚਖੰਡ ਵਾਸੀ
ਸ੍ਰੀ ਮਾਨ
ਸੰਤ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ
(ਨਿਊ ਚੰਡੀਗੜ੍ਹ)

FASTWAY

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**
**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**
**ਸਮਾਂ ਹਰ ਰੋਜ਼ - ਸਵੇਰੇ**
**4.45 ਤੋਂ 6.45 ਤੱਕ (2 ਘੰਟੇ)**

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਸਾਵਣਿ ਸੰਗਰਾਂਦ - 16 ਜੁਲਾਈ, ਦਿਨ ਮੰਗਲਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

### ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**
**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | By Registry Post/Cheque |
|---|---|
| 1 Year | Rs. 300/320 |
| 3 Year | Rs. 750/770 |
| 5 Year | Rs. 1200/1220 |
| Life (20 Year) | Rs 3000/3020 |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

## PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

### LIST OF CORRESPONDENT BANKS

**Australia**

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

**Canada**

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

**Germany**

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
